@Qpatrika | @qaumipatrika punjabi | instagram.com/qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Punjabi National Daily

Qaumi Patrika NO.1

ਦਿੱਲੀ, ਹਿਮਾਚਲ, ਹਰਿਆਣਾ, ਪੰਜਾਬ, ਉੱਤਰ ਪ੍ਰਦੇਸ਼, ਉੱਤਰਾਖੰਡ ਸੇ ਪ੍ਰਸਾਰਿਤ।

Wednesday, 9 April 2025

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਬੁੱਧਵਾਰ 9 ਅਪ੍ਰੈਲ 2025, 27 ਚੇਤ ਨਾਨਕਸ਼ਾਹੀ ਸੰਮਤ 555 (ਸਫੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 43, ਅੰਕ 148, qpatrika@gmail.com ਫੋਨ : 9971359517 www.qaumipatrika.org

## ਬੰਗਾਲ ਦੇ ਅਧਿਆਪਕਾਂ ਦੇ ਮੁੱਦੇ 'ਤੇ ਰਾਹੁਲ ਗਾਂਧੀ ਨੇ ਰਾਸ਼ਟਰਪਤੀ ਨੂੰ ਚਿੱਠੀ ਲਿਖ ਕੇ ਕੀਤੀ ਬੇਨਤੀ

**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ, 8 ਅਪ੍ਰੈਲ। ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੂੰ ਇਕ ਚਿੱਠੀ ਲਿਖ ਕੇ ਪੱਛਮੀ ਬੰਗਾਲ ਦੇ ਸਰਕਾਰੀ ਤੇ ਸਹਾਇਤਾ ਪ੍ਰਾਪਤ ਸਕੂਲਾਂ 'ਚ 25,753 ਅਧਿਆਪਕਾਂ ਤੇ ਹੋਰ ਸਟਾਫ ਨਾਲ ਸਬੰਧਤ ਮਾਮਲਿਆਂ 'ਚ ਦਖਲ ਦੇਣ ਅਤੇ ਸਰਕਾਰ ਨੂੰ ਇਹ ਯਕੀਨੀ ਬਣਾਉਣ ਦਾ ਨਿਰਦੇਸ਼ ਦੇਣ ਦੀ ਬੇਨਤੀ ਕੀਤੀ ਹੈ ਕਿ ਨਿਰਪੱਖ ਢੰਗ ਨਾਲ ਚੁਣੇ ਗਏ ਉਮੀਦਵਾਰਾਂ ਨੂੰ ਸੇਵਾ 'ਚ ਜਾਰੀ ਰੱਖਣ ਦੀ ਆਗਿਆ ਦਿੱਤੀ ਜਾਵੇ। ਸੁਪਰੀਮ ਕੋਰਟ ਨੇ ਕੁਝ ਦਿਨ ਪਹਿਲਾਂ ਪੱਛਮੀ ਬੰਗਾਲ ਦੇ ਸਰਕਾਰੀ ਤੇ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ 'ਚ 25,753 ਅਧਿਆਪਕਾਂ ਤੇ ਹੋਰ ਸਟਾਫ ਦੀ ਨਿਯੁਕਤੀ ਨੂੰ ਗੈਰ ਕਾਨੂੰਨੀ ਕਰਾਰ ਦਿੰਦਿਆਂ ਉਨ੍ਹਾਂ ਦੀ ਚੋਣ ਪ੍ਰਕਿਰਿਆ ਨੂੰ ਨੁਕਸ ਭਰਪੂਰ ਕਰਾਰ ਦਿੱਤਾ ਸੀ। 7 ਅਪ੍ਰੈਲ ਨੂੰ ਲਿਖੀ ਚਿੱਠੀ 'ਚ ਰਾਹੁਲ ਗਾਂਧੀ ਨੇ ਕਿਹਾ ਕਿ ਮੈਂ ਇਹ ਚਿੱਠੀ ਪੱਛਮੀ ਬੰਗਾਲ ਦੇ ਉਨ੍ਹਾਂ ਹਜ਼ਾਰਾਂ ਯੋਗ ਸਕੂਲ ਅਧਿਆਪਕਾਂ ਦੇ ਮਾਮਲੇ 'ਚ ਤੁਹਾਡੇ ਦਖਲ ਦੀ ਬੇਨਤੀ ਕਰਨ ਲਈ ਲਿਖ ਰਿਹਾ ਹਾਂ,



ਜਿਨ੍ਹਾਂ ਨੇ ਨਿਆਂਪਾਲਿਕਾ ਵੱਲੋਂ ਅਧਿਆਪਕ ਭਰਤੀ ਪ੍ਰਕਿਰਿਆ ਨੂੰ ਰੱਦ ਕਰਨ ਕਾਰਨ ਆਪਣੀਆਂ ਨੌਕਰੀਆਂ ਗੁਆ ਲਈਆਂ ਹਨ। ਉਨ੍ਹਾਂ ਕਿਹਾ ਕਿ ਪ੍ਰਭਾਵਿਤ ਅਧਿਆਪਕਾਂ ਦੇ 'ਸਿੱਖਿਆ ਅਧਿਕਾਰ ਮੰਚ' ਦੇ ਇਕ ਵਫ਼ਦ ਨੇ ਮੈਨੂੰ ਇਸ ਮਾਮਲੇ ਤੋਂ ਜਾਣੂ ਕਰਵਾਇਆ ਤੇ ਖਾਸ ਤੌਰ 'ਤੇ ਤੁਹਾਨੂੰ ਲਿਖਣ ਲਈ ਬੇਨਤੀ ਕੀਤੀ। ਕਲਕੱਤਾ ਹਾਈ ਕੋਰਟ ਨੇ ਅਧਿਆਪਕ ਭਰਤੀ 'ਚ ਗੰਭੀਰ ਬੇਨਿਯਮੀਆਂ ਪਾਈਆਂ ਤੇ ਪੂਰੀ ਪ੍ਰਕਿਰਿਆ ਨੂੰ ਰੱਦ ਕਰ ਦਿੱਤਾ। 3 ਅਪ੍ਰੈਲ ਨੂੰ ਸੁਪਰੀਮ ਕੋਰਟ ਨੇ ਹਾਈ ਕੋਰਟ ਦੇ ਫੈਸਲੇ ਨੂੰ ਬਰਕਰਾਰ ਰੱਖਿਆ। ਇਸ ਫੈਸਲੇ ਤੋਂ ਬਾਅਦ ਅਧਿਆਪਕਾਂ ਤੇ ਨਾਲ ਹੀ ਬਰਖਾਸਤ ਕੀਤੇ ਜਾਣ ਵਾਲੇ ਸਟਾਫ਼ ਨੇ ਕਿਸੇ ਵੀ ਹੱਲ ਦੀ ਉਮੀਦ ਲਗਭਗ ਛੱਡ ਦਿੱਤੀ ਹੈ। ਰਾਹੁਲ ਅਨੁਸਾਰ ਦੋਵਾਂ ਫੈਸਲਿਆਂ ਤੋਂ ਪਤਾ ਲਗਦਾ ਹੈ ਕਿ ਕੁਝ ਉਮੀਦਵਾਰ ਸਾਫ਼ ਸਨ ਜੋ ਨਿਰਪੱਖ ਤਰੀਕਿਆਂ ਨਾਲ ਚੁਣੇ ਗਏ ਸਨ। ਕੁਝ 'ਦਾਗ਼ੀ' ਸਨ ਜੋ ਗਲਤ ਤਰੀਕਿਆਂ ਨਾਲ ਚੁਣੇ ਗਏ ਸਨ। ਦਾਗ਼ੀ ਤੇ ਬੇਦਾਗ਼ ਦੋਵੇਂ ਤਰ੍ਹਾਂ ਦੇ ਅਧਿਆਪਕ ਆਪਣੀਆਂ ਨੌਕਰੀਆਂ ਗੁਆ ਚੁੱਕੇ ਹਨ। ਭਰਤੀ ਦੌਰਾਨ ਹੋਏ ਕਿਸੇ ਵੀ ਅਪਰਾਧ ਦੀ ਨਿੰਦਾ ਕੀਤੀ ਜਾਣੀ ਚਾਹੀਦੀ ਹੈ ਅਤੇ ਮੁਲਜ਼ਮਾਂ ਨੂੰ ਨਿਆਂ ਦੇ ਕਟਹਿਰੇ 'ਚ ਲਿਆਂਦਾ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਨਿਰਪੱਖ ਢੰਗ ਨਾਲ ਚੁਣੇ ਗਏ ਅਧਿਆਪਕਾਂ ਨਾਲ ਦਾਗੀ ਅਧਿਆਪਕਾਂ ਵਰਗਾ ਵਤੀਰਾ ਕਰਨਾ ਘੋਰ ਬੇਇਨਸਾਫ਼ੀ ਹੈ। ਸੁਪਰੀਮ ਕੋਰਟ ਨੇ ਸੀ.ਬੀ.ਆਈ. ਜਾਂਚ 'ਤੇ ਲਾਈ ਰੋਕ ਸੁਪਰੀਮ ਕੋਰਟ 'ਚ ਮੰਗਲਵਾਰ ਅਧਿਆਪਕਾਂ ਦੀ ਭਰਤੀ ਦੇ ਮਾਮਲੇ 'ਤੇ ਸੁਣਵਾਈ ਹੋਈ। ਅਦਾਲਤ ਨੇ ਸਕੂਲ ਸਟਾਫ ਲਈ ਵਾਧੂ ਅਸਾਮੀਆਂ ਵਧਾਉਣ ਨੂੰ ਲੈ ਕੇ ਪੱਛਮੀ ਬੰਗਾਲ ਕੈਬਨਿਟ ਦੇ ਸੀ. ਬੀ. ਆਈ. ਤੋਂ ਜਾਂਚ ਕਰਵਾਉਣ ਦੇ ਫੈਸਲੇ 'ਤੇ ਰੋਕ ਲਾ ਦਿੱਤੀ। ਚੀਫ਼ ਜਸਟਿਸ ਸੰਜੀਵ ਖੰਨਾ ਦੀ ਬੈਂਚ ਨੇ ਕਿਹਾ ਕਿ ਜਾਂਚ ਸੀ. ਬੀ. ਆਈ. ਕਰੇਗੀ।' ਕਲਕੱਤਾ ਹਾਈ ਕੋਰਟ ਨੂੰ ਕੇਸ ਸੌਂਪਣ ਦਾ ਫੈਸਲਾ ਨਿਰਪੱਖ ਨਹੀਂ ਸੀ। ਹਾਲਾਂਕਿ, ਬੈਂਚ ਨੇ 25,753 ਅਧਿਆਪਕਾਂ ਅਤੇ ਮੁਲਾਜ਼ਮਾਂ ਦੀ ਨਿਯੁਕਤੀ ਪ੍ਰਕਿਰਿਆ ਦੀ ਜਾਂਚ ਜਾਰੀ ਰੱਖਣ ਦੀ ਗੱਲ ਕਹੀ।

## ਆਤਿਸ਼ੀ ਨੂੰ ਅੰਸਾਰੀ ਰੋਡ 'ਤੇ ਬੰਗਲਾ ਅਲਾਟ

ਨਵੀਂ ਦਿੱਲੀ, 8 ਅਪ੍ਰੈਲ। ਦਿੱਲੀ ਦੀ ਸਾਬਕਾ ਮੁੱਖ ਮੰਤਰੀ ਆਤਿਸ਼ੀ ਨੂੰ ਸਰਕਾਰੀ ਰਿਹਾਇਸ਼ ਵਜੋਂ ਇਥੇ ਅੰਸਾਰੀ ਰੋਡ 'ਤੇ ਇਕ ਬੰਗਲਾ ਅਲਾਟ ਕੀਤਾ ਗਿਆ ਹੈ। ਸੂਤਰਾਂ ਨੇ ਮੰਗਲਵਾਰ ਨੂੰ ਇਹ ਜਾਣਕਾਰੀ ਦਿੱਤੀ। ਸੂਤਰਾਂ ਨੇ ਦੱਸਿਆ ਕਿ ਲੋਕ ਨਿਰਮਾਣ ਵਿਭਾਗ (ਪੀ. ਡਬਲਿਊ. ਡੀ.) ਨੇ ਦਿੱਲੀ ਵਿਧਾਨ ਸਭਾ 'ਚ ਵਿਰੋਧੀ ਧਿਰ ਦੀ ਨੇਤਾ ਆਤਿਸ਼ੀ ਨੂੰ 115, ਅੰਸਾਰੀ ਰੋਡ ਬੰਗਲੇ



'ਚ 39 ਲੱਖ ਰੁਪਏ ਦੀ ਲਾਗਤ ਨਾਲ ਮੁਰੰਮਤ ਅਤੇ ਨਵੀਨੀਕਰਨ ਦਾ ਕੰਮ ਕਰਨ ਲਈ ਇਕ ਟੈਂਡਰ ਵੀ ਜਾਰੀ ਕੀਤਾ ਹੈ ਪੀ. ਡਬਲਿਊ. ਡੀ. ਦੇ ਇਕ ਸੀਨੀਅਰ ਅਧਿਕਾਰੀ ਨੇ ਕਿਹਾ, "ਅਸੀਂ ਬੰਗਲੇ 'ਚ ਜ਼ਰੂਰੀ ਮੁਰੰਮਤ ਕਰਾਂਗੇ। ਇਹ ਇਕ ਸਾਲ ਤੋਂ ਵੱਧ ਸਮੇਂ ਤੋਂ ਖਾਲੀ ਪਿਆ ਹੈ ਅਤੇ ਇਸ 'ਚ ਟਾਈਲਾਂ ਬਦਲਣ ਦੇ ਨਾਲ-ਨਾਲ ਰਸੋਈ, ਡਰੇਨੇਜ ਸਿਸਟਮ ਅਤੇ ਹੋਰ ਖੇਤਰਾਂ 'ਚ ਕੁਝ ਕੰਮ ਕਰਵਾਏ ਜਾਣ ਦੀ ਜ਼ਰੂਰਤ ਹੈ।"

## ਨੌਕਰੀ ਗੁਆਉਣ ਵਾਲੇ ਸੈਂਕੜੇ ਲੋਕ ਮਮਤਾ ਬੈਨਰਜੀ ਨੂੰ ਮਿਲਣ ਪਹੁੰਚੇ

ਕੋਲਕਾਤਾ 8 ਅਪ੍ਰੈਲ। ਪੱਛਮੀ ਬੰਗਾਲ ਵਲੋਂ ਸੰਚਾਲਿਤ ਅਤੇ ਮਦਦ ਪ੍ਰਾਪਤ ਸਕੂਲਾਂ 'ਚ ਸਿੱਖਿਅਕ ਅਤੇ ਗੈਰ-ਸਿੱਖਿਅਕ ਕਰਮਚਾਰੀਆਂ ਵਜੋਂ ਆਪਣੀ ਨੌਕਰੀ ਗੁਆਉਣ ਵਾਲੇ ਸੈਂਕੜੇ ਲੋਕ ਮੁੱਖ ਮੰਤਰੀ ਮਮਤਾ ਬੈਨਰਜੀ ਨਾਲ ਮੁਲਾਕਾਤ ਲਈ ਇੱਥੇ ਨੇਤਾਜੀ ਇਨਡੋਰ ਸਟੇਡੀਅਮ 'ਚ ਲਾਈਨ 'ਚ ਲੱਗੇ ਸਨ। ਸਟੇਡੀਅਮ ਦੇ ਬਾਹਰ ਅਵਿਵਸਥਾ ਦੀ ਸਥਿਤੀ ਦੇਖਣ ਨੂੰ ਮਿਲੀ, ਕਿਉਂਕਿ ਜਿਹੜੇ



ਲੋਕਾਂ ਨੂੰ ਪ੍ਰਵੇਸ਼ ਪਾਸ ਜਾਰੀ ਕੀਤੇ ਗਏ ਸਨ, ਉਹ ਵੀ ਪ੍ਰੋਗਰਾਮ 'ਚ ਹਿੱਸਾ ਲੈਣ ਲਈ ਪਹੁੰਚ ਗਏ। ਵੱਡੀ ਗਿਣਤੀ 'ਚ ਮੌਜੂਦ ਪੁਲਸ ਅਧਿਕਾਰੀਆਂ ਨੂੰ ਇਨਡੋਰ ਸਟੇਡੀਅਮ 'ਚ ਪ੍ਰਵੇਸ਼ ਕਰਨ ਦੀ ਕੋਸ਼ਿਸ਼ ਕਰ ਰਹੇ ਲੋਕਾਂ ਨੂੰ ਸ਼ਾਂਤ ਕਰਨ 'ਚ ਕਾਫ਼ੀ ਮਿਹਨਤ ਕਰਨੀ ਪਈ। ਸੁਪਰੀਮ ਕੋਰਟ ਨੇ ਪਿਛਲੇ ਹਫ਼ਤੇ ਕੋਲਕਾਤਾ ਹਾਈ ਕੋਰਟ ਦੇ ਉਸ ਆਦੇਸ਼ ਨੂੰ ਬਰਕਰਾਰ ਰੱਖਿਆ ਸੀ, ਜਿਸ 'ਚ ਪੱਛਮੀ ਬੰਗਾਲ ਸਰਕਾਰ ਵਲੋਂ ਸੰਚਾਲਿਤ ਅਤੇ ਮਦਦ ਪ੍ਰਾਪਤ ਸਕੂਲਾਂ 'ਚ 25 ਹਜ਼ਾਰ ਰੁਪਏ ਤੋਂ ਵੱਧ ਸਿੱਖਿਅਕ ਅਤੇ ਗੈਰ-ਸਿੱਖਿਅਕ ਕਰਮੀਆਂ ਦੀ ਨਿਯੁਕਤੀ ਰੱਦ ਕਰ ਦਿੱਤਾ ਗਿਆ ਸੀ ਅਤੇ ਪੂਰੀ ਭਰਤੀ ਪ੍ਰਕਿਰਿਆ 'ਤੇ ਸਵਾਲ ਖੜ੍ਹਾ ਕੀਤਾ ਗਿਆ ਸੀ।

## ਸਰਹੱਦ ਦੀ ਰੱਖਿਆ ਲਈ ਇਲੈਕਟਰਾਨਿਕ ਨਿਗਰਾਨੀ ਪ੍ਰਣਾਲੀ ਕੀਤੀ ਜਾ ਰਹੀ ਹੈ ਤਾਇਨਾਤ : ਅਮਿਤ ਸ਼ਾਹ

**ਏਜੰਸੀਆਂ**

ਜੰਮੂ 8 ਅਪ੍ਰੈਲ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਕਿ ਸਰਕਾਰ ਦੇਸ਼ ਦੀਆਂ ਸਰਹੱਦਾਂ ਦੀ ਰੱਖਿਆ ਲਈ ਇਲੈਕਟ?ਰਾਨਿਕ ਨਿਗਰਾਨੀ ਪ੍ਰਣਾਲੀ ਤਾਇਨਾਤ ਕਰ ਰਹੀ ਹੈ ਅਤੇ ਜੰਮੂ-ਕਸ਼ਮੀਰ 'ਚ ਅੱਤਵਾਦੀਆਂ ਦੀ ਘੁਸਪੈਠ ਨੂੰ ਰੋਕਣ ਲਈ ਸਰਹੱਦ ਦੇ ਆਲੇ-ਦੁਆਲੇ ਸੁਰੰਗਾਂ ਦਾ ਪਤਾ ਲਗਾਉਣ ਅਤੇ ਉਨ੍ਹਾਂ ਨੂੰ ਨਸ਼ਟ ਕਰਨ ਲਈ ਤਕਨਾਲੋਜੀ ਦੀ ਵਰਤੋਂ ਕੀਤੀ ਜਾਵੇਗੀ। ਕਠੂਆ ਜ਼ਿਲ੍ਹੇ ਦੇ ਹੀਰਾਨਗਰ ਸੈਕਟਰ 'ਚ ਅੰਤਰਰਾਸ਼ਟਰੀ ਸਰਹੱਦ ਨੇੜੇ ਸਰਹੱਦੀ ਚੌਕੀ ਵਿਨੈ ਦੇ ਆਪਣੇ ਦੌਰੇ ਦੌਰਾਨ ਬੀਐੱਸਐੱਫ ਕਰਮਚਾਰੀਆਂ ਨੂੰ ਸੰਬੋਧਨ ਕਰਦੇ ਹੋਏ ਸ਼ਾਹ ਨੇ ਫੋਰਸ ਦੇ ਯੋਗਦਾਨ ਦੀ ਸ਼ਲਾਘਾ ਕੀਤੀ ਅਤੇ ਚੁਣੌਤੀਪੂਰਨ ਸਥਿਤੀਆਂ 'ਚ ਆਪਣੇ ਫਰਜ਼ ਨਿਭਾਉਣ ਲਈ ਜਵਾਨਾਂ ਦੀ ਪ੍ਰਸ਼ੰਸਾ ਕੀਤੀ। ਉਨ੍ਹਾਂ ਕਿਹਾ,ਅਸੀਂ ਸਰਹੱਦਾਂ 'ਤੇ ਇਲੈਕਟ?ਰਾਨਿਕ ਨਿਗਰਾਨੀ ਪ੍ਰਣਾਲੀ ਤਾਇਨਾਤ ਕਰ ਰਹੇ ਹਾਂ, ਜਿਸ ਦੇ 2 ਮਾਡਲ ਹਨ... ਜੇਕਰ (ਦੁਸ਼ਮਣ ਪੱਖ ਤੋਂ) ਕੁਝ ਹੁੰਦਾ ਹੈ, ਤਾਂ ਤੁਸੀਂ ਤੁਰੰਤ ਜਵਾਬ ਦੇਣ ਦੇ ਸਕੋਗੇ। ਸ਼ਾਹ ਨੇ ਕਿਹਾ ਕਿ ਤਕਨਾਲੋਜੀ ਪਹੁੰਚਯੋਗਤਾ ਵਧਾਉਣ 'ਚ ਵੀ ਮਦਦ ਮਿਲੇਗੀ। ਗ੍ਰਹਿ ਮੰਤਰੀ ਨੇ




ਕਿਹਾ,"ਨਾਲ ਹੀ ਭੂਮੀਗਤ ਸੁਰੰਗਾਂ ਦੀ ਪਛਾਣ ਕਰਨ ਅਤੇ ਉਨ੍ਹਾਂ ਨੂੰ ਨਸ਼ਟ ਕਰਨ ਲਈ ਤਕਨੀਕੀ ਤਰੀਕੇ ਵੀ ਅਪਣਾਏ ਜਾਣਗੇ।" ਉਨ੍ਹਾਂ ਨੇ ਪੂਰੇ ਸਾਲ ਸਰਹੱਦਾਂ ਦੀ ਰਾਖੀ ਕਰਨ 'ਚ ਸਰਹੱਦੀ ਸੁਰੱਖਿਆ ਫ਼ੋਰਸ (ਬੀ.ਐੱਸ.ਐੱਫ.) ਦੇ ਸਮਰਪਣ ਦੀ ਸ਼ਲਾਘਾ ਕਰਦੇ ਹੋਏ ਕਿਹਾ,"ਅਸਲੀ ਚੁਣੌਤੀ ਉਦੋਂ ਸਮਝ ਆਉਂਦੀ ਹੈ, ਜਦੋਂ ਕੋਈ ਉਸ ਸਥਾਨ ਦਾ ਦੌਰਾ ਕਰਦਾ ਹੈ।" ਕੇਂਦਰੀ ਮੰਤਰੀ ਨੇ ਕਿਹਾ,"ਠੰਡ, ਮੀਂਹ ਜਾਂ ਭਿਆਨਕ ਗਰਮੀ 'ਚ ਜਦੋਂ ਤਾਪਮਾਨ 45 ਡਿਗਰੀ ਸੈਲਸੀਅਸ ਪਾਰ ਕਰ ਜਾਂਦਾ ਹੈ ਤਾਂ ਤੁਸੀਂ ਦੁਸ਼ਮਣ ਦੀਆਂ ਗਤੀਵਿਧੀਆਂ 'ਤੇ ਨਜ਼ਰ ਰੱਖਦੇ ਹੋਏ ਮੋਹਰੀ ਚੌਕੀਆਂ 'ਤੇ 365 ਦਿਨ ਅਤੇ 24 ਘੰਟੇ ਤਾਇਨਾਤ ਰਹਿੰਦੇ ਹਨ।" ਉਨ੍ਹਾਂ ਕਿਹਾ,"ਬੀਐੱਸਐੱਫ ਦਾ ਇਤਿਹਾਸ ਉੱਜਵਲ ਹੈ ਅਤੇ ਪੂਰਾ ਦੇਸ਼ ਰਾਸ਼ਟਰ ਦੀ ਰੱਖਿਆ 'ਚ ਉਨ੍ਹਾਂ ਦੀ ਭੂਮਿਕਾ ਜਾਣਦਾ ਹੈ।" ਸ਼ਾਹ ਨੇ ਕਿਹਾ ਕਿ ਪਾਕਿਸਤਾਨ ਨਾਲ ਪਿਛਲੀਆਂ ਜੰਗਾਂ 'ਚ ਯੋਗਦਾਨ ਫ਼ੌਜ ਦੇ ਬਰਾਬਰ ਹੀ ਸੀ।

## ਮਹਾਰਾਸ਼ਟਰ ਦੇ ਮੰਤਰੀ ਨੇ ਕਿਸਾਨਾਂ 'ਤੇ ਵਿਵਾਦਪੂਰਨ ਟਿੱਪਣੀ ਲਈ ਮੰਗੀ ਮੁਆਫ਼ੀ

ਨਾਸਿਕ, 8 ਅਪ੍ਰੈਲ। ਮਹਾਰਾਸ਼ਟਰ ਦੇ ਖੇਤੀਬਾੜੀ ਮੰਤਰੀ ਮਾਣਿਕਰਾਓ ਕੋਕਾਟੇ ਨੇ ਕਿਸਾਨਾਂ 'ਤੇ ਆਪਣੀ ਹਾਲੀਆ ਵਿਵਾਦਪੂਰਨ ਟਿੱਪਣੀ ਲਈ ਮੁਆਫੀ ਮੰਗ ਲਈ। ਇਸ ਤੋਂ ਪਹਿਲਾਂ ਕੋਕਾਟੇ ਨੇ ਹਾਲ ਹੀ ਵਿਚ ਦਾਅਵਾ ਕੀਤਾ ਸੀ ਕਿ ਕਿਸਾਨ ਖੇਤੀਬਾੜੀ ਯੋਜਨਾਵਾਂ ਤੋਂ ਪ੍ਰਾਪਤ ਪੈਸੇ ਨੂੰ ਨਿਰਧਾਰਤ ਉਦੇਸ਼ਾਂ 'ਤੇ ਖਰਚ ਨਹੀਂ ਕਰਦੇ, ਸਗੋਂ ਇਸ ਦੀ ਵਰਤੋਂ ਮੰਗਣੀ ਸਮਾਰੋਹਾਂ ਤੇ



ਵਿਆਹਾਂ 'ਚ ਕਰਦੇ ਹਨ। ਰਾਮ ਨੌਮੀ ਦੇ ਮੌਕੇ 'ਤੇ ਨਾਸਿਕ ਦੇ ਮਸ਼ਹੂਰ ਕਾਲਾਰਾਮ ਮੰਦਰ 'ਚ ਦਰਸ਼ਨ ਕਰਨ ਤੋਂ ਬਾਅਦ ਕੋਕਾਟੇ ਨੇ ਕਿਹਾ ਕਿ ਮੇਰਾ ਅਜਿਹਾ ਇਰਾਦਾ ਨਹੀਂ ਸੀ, ਜੇ ਮੇਰੀ ਟਿੱਪਣੀ ਨਾਲ ਕਿਸਾਨਾਂ ਨੂੰ ਅਪਮਾਨ ਮਹਿਸੂਸ ਹੋਇਆ ਹੈ ਤੇ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ ਤਾਂ ਮੈਂ ਉਨ੍ਹਾਂ ਤੋਂ ਮੁਆਫੀ ਮੰਗਦਾ ਹਾਂ। ਨਾਸਿਕ 'ਚ ਸਿੰਨਰ ਹਲਕੇ ਦੀ ਨੁਮਾਇੰਦਗੀ ਕਰਨ ਵਾਲੇ ਰਾਕਾਂਪਾ ਨੇਤਾ ਕੋਕਾਟੇ ਨੇ ਕਿਹਾ ਕਿ ਪਿਛਲੇ 8 ਦਿਨਾਂ ਵਿਚ ਸੂਬੇ ਭਰ ਵਿਚ ਬੇਮੌਸਮੀ ਮੀਂਹ ਕਾਰਨ ਕਿਸਾਨ ਪ੍ਰਭਾਵਿਤ ਹੋਏ ਹਨ। ਉਨ੍ਹਾਂ ਕਿਹਾ ਕਿ ਸਰਕਾਰ ਨੇ ਅਧਿਕਾਰੀਆਂ ਨੂੰ ਫਸਲਾਂ ਦੇ ਨੁਕਸਾਨ ਦਾ ਮੁਲਾਂਕਣ ਕਰਨ ਲਈ ਤੁਰੰਤ 'ਪੰਚਨਾਮਾ' (ਮੌਕੇ 'ਤੇ ਨਿਰੀਖਣ) ਕਰਨ ਦੇ ਹੁਕਮ ਦਿੱਤੇ ਹਨ।

## ਮਨੋਰੰਜਨ ਕਾਲੀਆ ਦੇ ਘਰ ਹੋਏ ਧਮਾਕੇ ਨੂੰ ਲੈ ਕੇ ਸੁਨੀਲ ਜਾਖੜ ਨੇ ਚੁੱਕੇ ਸਵਾਲ

ਜਲੰਧਰ 8 ਅਪ੍ਰੈਲ। ਜਲੰਧਰ 'ਚ ਭਾਜਪਾ ਦੇ ਸੀਨੀਅਰ ਆਗੂ ਮਨੋਰੰਜਨ ਕਾਲੀਆ ਦੇ ਘਰ ਹੋਏ ਬਲਾਸਟ ਨੂੰ ਲੈ ਕੇ ਪੰਜਾਬ ਭਾਜਪਾ ਪ੍ਰਧਾਨ ਸੁਨੀਲ ਜਾਖੜ ਨੇ ਨਿਖੇਧੀ ਕੀਤੀ। ਇਸ ਦੌਰਾਨ ਪ੍ਰੈੱਸ ਕਾਨਫਰੰਸ ਕਰਦਿਆਂ ਜਾਖੜ ਨੇ ਕਿਹਾ ਕਿ ਹੁਣ ਤੱਕ ਪੰਜਾਬ 'ਚ 14 ਬੰਬ ਬਲਾਸਟ ਹੋਏ ਹਨ। ਕੱਲ੍ਹ ਵੀ ਬਟਾਲਾ 'ਚ ਹੋਇਆ ਅਤੇ ਉਸ ਤੋਂ ਪਹਿਲਾਂ ਕਈ ਪੰਜਾਬ 'ਚ ਹੋ ਚੁੱਕੇ ਹਨ। ਇੱਥੋਂ ਤੱਕ ਕੇ ਅੰਮ੍ਰਿਤਸਰ ਦੇ ਮੰਦਰ 'ਚ ਵੀ ਬਲਾਸਟ ਹੋ ਚੁੱਕਿਆ ਹੈ। ਉਨ੍ਹਾਂ ਕਿਹਾ ਪਰਮਾਤਮਾ ਦਾ ਸ਼ੁਕਰ ਕਰਦੇ ਹਾਂ ਕਿ ਮਨੋਰੰਜਨ ਕਾਲੀਆ ਦੇ ਘਰ ਕੋਈ ਜਾਨੀ ਨੁਕਸਾਨ ਨਹੀਂ ਹੋਇਆ ਪਰ ਘਰ ਦਾ ਕਾਫ਼ੀ ਨੁਕਸਾਨ ਹੋ ਗਿਆ ਹੈ। ਘਰ 'ਚ ਪਿਆ ਮੋਟਰਸਾਈਕਲ ਅਤੇ ਸ਼ੀਸ਼ੇ ਟੁੱਟ ਗਏ ਅਤੇ ਘਰ ਦੀਆਂ ਕੰਧਾਂ ਤੱਕ ਹਿੱਲ ਗਈਆਂ ਹਨ ਪਰ ਜਲੰਧਰ ਦੇ ਕਮਿਸ਼ਨਰ ਪੁਲਸ ਨੇ ਦੱਸਿਆ ਕਿ ਸਿਰਫ਼ ਬਲਾਸਟ ਜਿਹਾ ਹੋਇਆ ਹੈ। ਉਨ੍ਹਾਂ ਕਿਹਾ ਕਿ ਇਹ ਜਾਂਚ ਉਦੋਂ ਹੀ ਹੋਵੇਗੀ ਜਦੋਂ ਕੋਈ ਜਾਨੀ-ਮਾਲੀ ਨੁਕਸਾਨ ਹੋਵੇਗਾ। ਉਨ੍ਹਾਂ ਕਿਹਾ ਜਿਹੜੇ ਬੰਬ ਬਲਾਸਟ ਹੋ ਰਹੇ ਹਨ ਉੱਥੋ ਲਗਦਾ ਹੈ ਕਿ ਇਸ ਦੀ ਬਹੁਤ ਚੰਗੀ ਪਲੈਨਿੰਗ ਕੀਤੀ ਗਈ ਹੈ ਤਾਂ ਕਿ ਪੰਜਾਬ ਦੀ ਅਮਨ ਸ਼ਾਂਤੀ ਨੂੰ ਭੰਗ ਕੀਤੀ ਜਾ ਸਕੇ। ਸੁਨੀਲ ਜਾਖੜ ਨੇ ਕਿਹਾ ਕਿ ਪੰਜਾਬ 'ਚ ਅਮਨ ਕਾਨੂੰਨ-ਵਿਵਸਥਾ ਦਾ ਬਹੁਤ ਮਾੜਾ ਹਾਲ ਹੈ। ਅੱਜ ਪੰਜਾਬ 'ਚ ਵੀ ਬੰਗਾਲ ਜਿਹੇ ਹਾਲਾਤ ਬਣ ਗਏ ਹਨ। ਲਗਾਤਾਰ ਪੰਜਾਬ 'ਚ ਬਲਾਸਟ ਹੋਣੇ ਕਿਸੇ ਸ਼ਾਤਰ ਦੀ ਚਾਲ ਲੱਗ ਰਹੀ ਹੈ, ਜੋ ਬੇਹੱਦ ਚਿੰਤਾ ਵਾਲੀ ਗੱਲ ਹੈ।

## ਕਾਂਗਰਸ ਦਾ 84ਵਾਂ ਸਮਾਗਮ : ਸਰਦਾਰ ਪਟੇਲ ਨਾਲ ਜੁੜਿਆ ਵਿਸ਼ੇਸ਼ ਪ੍ਰਸਤਾਵ ਪਾਸ

**ਨਵਦੀਪ ਸਿੰਘ ਸਾਹਨੀ**

ਅਹਿਮਦਾਬਾਦ, 8 ਅਪ੍ਰੈਲ। ਕਾਂਗਰਸ ਦੇ ਸਮਾਗਮ ਤੋਂ ਇਕ ਦਿਨ ਪਹਿਲਾਂ ਮੰਗਲਵਾਰ ਨੂੰ ਪਾਰਟੀ ਦੀ ਸਰਵਉੱਚ ਨੀਤੀ ਨਿਰਧਾਰਕ ਇਕਾਈ ਵਰਕਿੰਗ ਕਮੇਟੀ (ਸੀ. ਡਬਲਯੂ. ਸੀ.) ਨੇ ਭਵਿੱਖ ਦੀ ਰੂਪਰੇਖਾ, ਜ਼ਿਲਾ ਕਾਂਗਰਸ ਕਮੇਟੀਆਂ (ਡੀ. ਸੀ. ਸੀ.) ਨੂੰ ਮਜ਼ਬੂਤ ਬਣਾਉਣ ਸਮੇਤ ਸੰਗਠਨ ਦੀ ਮਜ਼ਬੂਤੀ, ਜਵਾਬਦੇਹੀ ਤੈਅ ਕਰਨ ਅਤੇ ਆਉਂਦੀਆਂ ਵਿਧਾਨ ਸਭਾ ਚੋਣਾਂ ਦੀਆਂ ਤਿਆਰੀਆਂ 'ਤੇ ਵਿਚਾਰਾਂ ਕੀਤੀਆਂ। ਵਿਸਥਾਰਤ ਵਰਕਿੰਗ ਕਮੇਟੀ ਦੀ ਇਸ ਬੈਠਕ ਵਿਚ ਸੈਸ਼ਨ ਨਾਲ ਸਬੰਧਤ ਪ੍ਰਸਤਾਵਾਂ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ। ਅਹਿਮਦਾਬਾਦ ਦੇ 'ਸਰਦਾਰ ਵੱਲਭ ਭਾਈ ਪਟੇਲ ਨੈਸ਼ਨਲ ਮੈਮੋਰੀਅਲ' 'ਚ ਆਯੋਜਿਤ ਬੈਠਕ ਵਿਚ ਕਾਂਗਰਸ ਪ੍ਰਧਾਨ ਮੱਲਿਕਾਰਜੁਨ ਖੜਗੇ, ਪਾਰਟੀ ਦੇ ਸੰਸਦੀ ਦਲ ਦੀ ਮੁਖੀ ਸੋਨੀਆ ਗਾਂਧੀ, ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ, ਸੰਗਠਨ ਜਨਰਲ ਸਕੱਤਰ ਕੇ. ਸੀ. ਵੇਣੂਗੋਪਾਲ, ਜਨਰਲ ਸਕੱਤਰ ਜੈਰਾਮ ਰਮੇਸ਼, ਮੁਕੁਲ ਵਾਸਨਿਕ, ਗੁਜਰਾਤ



ਸੂਬਾ ਕਾਂਗਰਸ ਕਮੇਟੀ ਦੇ ਪ੍ਰਧਾਨ ਸ਼ਕਤੀ ਸਿੰਘ ਗੋਹਿਲ ਤੇ ਹੋਰ ਕਈ ਸੀਨੀਅਰ ਨੇਤਾ ਸ਼ਾਮਲ ਹੋਏ। ਬੈਠਕ ਵਿਚ ਵਰਕਿੰਗ ਕਮੇਟੀ ਦੇ ਹੋਰ ਮੈਂਬਰ, ਸੂਬਾ ਕਾਂਗਰਸ ਕਮੇਟੀਆਂ ਦੇ ਮੁਖੀ, ਕਰਨਾਟਕ ਦੇ ਮੁੱਖ ਮੰਤਰੀ ਸਿੱਧਰਮਈਆ, ਤੇਲੰਗਾਨਾ ਦੇ ਮੁੱਖ ਮੰਤਰੀ ਰੇਵੰਤ ਰੈੱਡੀ, ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ, ਸੂਬਿਆਂ ਦੇ ਕਾਂਗਰਸ ਵਿਧਾਇਕ ਦਲ ਦੇ ਨੇਤਾ ਤੇ ਸਾਬਕਾ ਮੁੱਖ ਮੰਤਰੀ ਵੀ ਸ਼ਾਮਲ ਹੋਏ। ਵਰਕਿੰਗ ਕਮੇਟੀ ਦੀ ਬੈਠਕ ਤੋਂ ਬਾਅਦ ਹੁਣ 9 ਅਪ੍ਰੈਲ ਨੂੰ ਸਮਾਗਮ ਹੋਵੇਗਾ। ਗੁਜਰਾਤ 'ਚ ਪਾਰਟੀ ਦਾ ਇਹ ਸਮਾਗਮ 64 ਸਾਲ ਬਾਅਦ ਹੋ ਰਿਹਾ ਹੈ। ਇਸ ਸਮਾਗਮ ਦਾ ਵਿਸ਼ਾ 'ਨਿਆਂ ਪੱਥ : ਸੰਕਲਪ, ਸਮਰਪਣ, ਸੰਘਰਸ਼' ਹੋਵੇਗਾ। ਪਾਰਟੀ ਦੇ ਸੂਤਰਾਂ ਦਾ ਕਹਿਣਾ ਹੈ ਕਿ ਇਸ ਸਮਾਗਮ ਰਾਹੀਂ ਜ਼ਿਲਾ ਕਾਂਗਰਸ ਕਮੇਟੀਆਂ (ਡੀ. ਸੀ. ਸੀ.) ਦੀਆਂ ਸ਼ਕਤੀਆਂ ਵਧਾਉਣ, ਸੰਗਠਨ ਸਿਰਜਣਾ ਦੇ ਕੰਮ ਨੂੰ ਤੇਜ਼ ਕਰਨ, ਚੋਣ ਤਿਆਰੀਆਂ ਅਤੇ ਅਧਿਕਾਰੀਆਂ ਦੀ ਜਵਾਬਦੇਹੀ ਤੈਅ ਕਰਨ ਦਾ ਫੈਸਲਾ ਕੀਤਾ ਜਾਵੇਗਾ। ਸਮਾਗਮ ਦੇ ਪਹਿਲੇ ਦਿਨ ਸਰਦਾਰ ਵੱਲਭ ਭਾਈ ਪਟੇਲ ਨਾਲ ਜੁੜਿਆ ਇਕ ਵਿਸ਼ੇਸ਼ ਪ੍ਰਸਤਾਵ ਪਾਸ ਕੀਤਾ ਗਿਆ।

## ਰੱਖਿਆ ਸਹਿਯੋਗ ਅਤੇ ਸਹਿ-ਉਤਪਾਦਨ 'ਚ ਮਿਲ ਕੇ ਕੰਮ ਕਰਨਗੇ ਭਾਰਤ ਅਤੇ ਯੂਏਈ

ਨਵੀਂ ਦਿੱਲੀ 8 ਅਪ੍ਰੈਲ। ਭਾਰਤ ਅਤੇ ਸੰਯੁਕਤ ਅਰਬ ਅਮੀਰਾਤ (ਯੂ.ਏ.ਈ.) ਨੇ ਰੱਖਿਆ ਸਹਿਯੋਗ, ਸਹਿ-ਉਤਪਾਦਨ ਅਤੇ ਸਹਿ-ਵਿਕਾਸ ਪ੍ਰਾਜੈਕਟਾਂ, ਨਵੀਨਤਾ ਅਤੇ ਤਕਨਾਲੋਜੀ ਵਰਗੇ ਖੇਤਰਾਂ 'ਚ ਇਕੱਠੇ ਕੰਮ ਕਰਨ ਦੀ ਇੱਛਾ ਪ੍ਰਗਟ ਕੀਤੀ ਹੈ। ਭਾਰਤ ਦੀ ਯਾਤਰਾ 'ਤੇ ਆਏ ਦੁਬਈ ਦੇ ਕ੍ਰਾਊਨ ਪ੍ਰਿੰਸ ਅਤੇ ਯੂਏਈ ਦੇ ਰੱਖਿਆ ਮੰਤਰੀ ਸ਼ੇਖ ਹਮਦਾਨ ਬਿਨ ਮੁਹੰਮਦ ਬਿਨ ਰਾਸ਼ਿਦ ਅਲ ਮਕਤੂਮ ਅਤੇ ਰੱਖਿਆ ਮੰਤਰੀ ਰਾਜਨਾਥ ਸਿੰਘ ਵਿਚਕਾਰ ਹੋਈ ਮੁਲਾਕਾਤ ਦੌਰਾਨ ਦੇਸ਼ਾਂ ਨੇ ਇਸ ਦਿਸ਼ਾ 'ਚ ਆਪਣੀ ਵਚਨਬੱਧਤਾ ਪ੍ਰਗਟ ਕੀਤੀ। ਸ਼?ਰੀ ਸਿੰਘ ਨੇ ਮੁਲਾਕਾਤ ਤੋਂ ਬਾਅਦ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਇਕ ਪੋਸਟ 'ਚ ਕਿਹਾ,"ਯੂਏਈ ਦੇ ਰੱਖਿਆ ਮੰਤਰੀ ਸ਼ੇਖ ਹਮਦਾਨ ਬਿਨ ਮੁਹੰਮਦ ਬਿਨ ਰਾਸ਼ਿਦ ਅਲ ਮਕਤੂਮ ਦੇ ਨਾਲ ਨਵੀਂ ਦਿੱਲੀ 'ਚ ਇਕ ਸਾਰਥਕ ਬੈਠਕ ਹੋਈ। ਭਾਰਤ ਲਈ ਯੂਏਈ ਨਾਲ ਵਿਆਪਕ ਰਣਨੀਤਕ ਸਾਂਝੇਦਾਰੀ ਪ੍ਰਮੁੱਖ ਤਰਜੀਹ ਹੈ। ਆਉਣ ਵਾਲੇ ਸਾਲਾਂ 'ਚ, ਅਸੀਂ ਰੱਖਿਆ ਸਹਿਯੋਗ, ਸਹਿ-ਉਤਪਾਦਨ ਅਤੇ ਸਹਿ-ਵਿਕਾਸ ਪ੍ਰਾਜੈਕਟਾਂ, ਨਵੀਨਤਾ ਅਤੇ ਤਕਨਾਲੋਜੀ ਵਰਗੇ ਖੇਤਰਾਂ 'ਚ ਮਿਲ ਕੇ ਕੰਮ ਕਰਨ ਲਈ ਉਤਸੁਕ ਹਾਂ। ਭਾਰਤ ਅਤੇ ਯੂਏਈ ਦੋਵੇਂ ਹੀ ਖੇਤਰ 'ਚ ਸ਼ਾਂਤੀ ਅਤੇ ਖੁਸ਼ਹਾਲੀ ਦੀ ਦਿਸ਼ਾ 'ਚ ਕੰਮ ਕਰਨ ਲਈ ਵਚਨਬੱਧ ਹਨ।" ਦੱਸਣਯੋਗ ਹੈ ਕਿ ਕ੍ਰਾਊਨ ਪ੍ਰਿੰਸ ਮਕਤੂਮ ਸੋਮਵਾਰ ਨੂੰ ਭਾਰਤ ਯਾਤਰਾ 'ਤੇ ਰਾਜਧਾਨੀ ਦਿੱਲੀ ਪਹੁੰਚੇ ਸਨ।

## ਨਵਾਂਸ਼ਹਿਰ 'ਚ ਮੁੱਖ ਮੰਤਰੀ ਮਾਨ ਨੇ ਸਕੂਲ ਆਫ਼ ਐਮੀਨੈਂਸ ਦਾ ਕੀਤਾ ਉਦਘਾਟਨ

**ਤੇਜਿੰਦਰ ਕੌਰ ਬੱਬਰ**

ਨਵਾਂਸ਼ਹਿਰ 8 ਅਪ੍ਰੈਲ। ਨਵਾਂਸ਼ਹਿਰ ਵਿਖੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਅੱਜ ਸਕੂਲ ਆਫ਼ ਐਮੀਨੈਂਸ ਦਾ ਉਦਘਾਟਨ ਕੀਤਾ ਗਿਆ। ਇਸ ਮੌਕੇ ਉਨ੍ਹਾਂ ਦੇ ਨਾਲ ਮਨੀਸ਼ ਸਿਸੋਦੀਆ ਵੀ ਮੌਜੂਦ ਰਹੇ। ਸ਼ਹੀਦ ਭਗਤ ਸਿੰਘ ਨਗਰ ਵਿਖੇ ਮੁੱਖ ਮੰਤਰੀ ਭਗੰਵਤ ਮਾਨ ਨੇ ਪੰਜਾਬ ਇੰਚਾਰਜ ਮਨੀਸ਼ ਸਿਸੋਦੀਆ ਨਾਲ 5.68 ਕਰੋੜ ਰੁਪਏ ਦੀ ਲਾਗਤ ਨਾਲ ਬਣ ਕੇ ਤਿਆਰ ਹੋਏ ਸਕੂਲ ਆਫ਼ ਐਮੀਨੈਂਸ ਦਾ ਉਦਘਾਟਨ ਕੀਤਾ। ਉਨ੍ਹਾਂ ਕਿਹਾ ਕਿ ਪੂਰੇ ਪੰਜਾਬ 'ਚ ਇਸ ਤਰ੍ਹਾਂ ਦੇ ਲਗਭਗ 350 ਹੋਰ ਸ਼ਾਨਦਾਰ ਸਰਕਾਰੀ ਸਕੂਲ ਬੱਚਿਆਂ ਨੂੰ ਸਮਰਪਿਤ ਕੀਤੇ ਗਏ। ਜਿਸ ਵਿੱਚ ਬੱਚਿਆਂ ਨੂੰ ਚੰਗੀ ਸਿੱਖਿਆ ਮੁਹੱਈਆ ਕਰਵਾਈ ਜਾਵੇਗੀ। ਬੇਹੱਦ ਸ਼ਾਨਦਾਰ ਇਹ ਸਕੂਲ ਸਿੱਖਿਆ ਦੇ ਨਾਲ-ਨਾਲ ਸਹੂਲਤਾਂ 'ਚ ਵੀ ਪ੍ਰਾਈਵੇਟ ਸਕੂਲਾਂ ਨੂੰ ਮਾਤ ਪਾਉਣਗੇ। ਸੂਬੇ ਦੇ ਵਿਦਿਆਰਥੀਆਂ ਨੂੰ ਕੁਆਲਿਟੀ ਸਿੱਖਿਆ ਦੇਣ ਲਈ ਸਾਡੀ ਸਰਕਾਰ ਲਗਾਤਾਰ ਯਤਨ ਕਰ ਰਹੀ ਹੈ। ਜਲਦ ਹੀ ਸਿੱਖਿਆ ਦੇ ਖੇਤਰ 'ਚ ਪੰਜਾਬ ਇੱਕ ਮੋਹਰੀ ਸੂਬਾ ਬਣੇਗਾ। ਸਕੂਲ ਆਫ਼ ਐਮੀਨੈਂਸ ਦੇ ਉਦਘਾਟਨ ਦੌਰਾਨ ਭਗਵੰਤ ਮਾਨ ਅਤੇ ਮਨੀਸ਼ ਸਿਸੋਸੀਆ ਵੱਲੋਂ ਵਿਦਿਆਰਥੀਆਂ ਨਾਲ ਗੱਲਬਾਤ ਵੀ ਕੀਤੀ ਗਈ। ਇਸ ਮੌਕੇ ਜਿੱਥੇ ਭਗਵੰਤ ਮਾਨ ਨੇ ਪੜ੍ਹਾਈ 'ਤੇ ਅਧਿਆਪਕਾਂ ਕੋਲੋਂ ਫੀਡਬੈਕ ਲਈ, ਉਥੇ ਹੀ ਵਿਦਿਆਰਥੀਆਂ ਨੂੰ ਹੱਲਾਸ਼ੇਰੀ ਵੀ ਦਿੱਤੀ। ਭਗਵੰਤ ਮਾਨ ਨੇ ਆਪਣੇ ਸੰਬੋਧਨ ਦੌਰਾਨ ਭਗਵੰਤ ਮਾਨ ਨੇ ਕਿਹਾ ਕਿ ਅਜਿਹਾ ਪਹਿਲੀ ਵਾਰ ਹੋਇਆ ਹੈ ਕਿ ਪੰਜਾਬ ਵਿਚ 17 ਹਜ਼ਾਰ ਕਰੋੜ ਤੋਂ ਵਧੇਰੇ ਦਾ ਬਜਟ ਸਿੱਖਿਆ ਲਈ ਰੱਖਿਆ ਗਿਆ ਹੈ। ਪਹਿਲਾਂ ਸਾਰੀ ਕਮਾਈ ਪੜ੍ਹਾਈ 'ਚ ਚਲੀ ਜਾਂਦੀ ਸੀ।ਪੰਜਾਬ ਵਿਚ ਦਿੱਲੀ ਦੇ ਸਿੱਖਿਆ ਮਾਡਲ ਨੂੰ ਅਪਨਾਇਆ ਗਿਆ ਅਤੇ ਨਵੀਂ ਸਿੱਖਿਆ ਕ੍ਰਾਂਤੀ ਦੀ ਸ਼ੁਰੂਆਤ ਹੋਈ। ਭਗਵੰਤ ਮਾਨ ਨੇ ਕਿਹਾ ਕਿ ਹੁਣ ਪ੍ਰਾਈਵੇਟ ਸਕੂਲਾਂ ਤੋਂ ਬੱਚੇ ਸਰਕਾਰੀ ਸਕੂਲਾਂ ਵਿਚ ਦਾਖ਼ਲੇ ਲੈ ਰਹੇ ਹਨ। ਨਵਾਂਸ਼ਹਿਰ 'ਚ ਅਤਿ ਆਧੁਨਿਕ 'ਸਕੂਲ ਆਫ਼ ਐਮੀਨੈਂਸ'ਦਾ ਨਵਾਂ ਬਲਾਕ ਲੋਕਾਂ ਨੂੰ ਸਮਰਪਿਤ ਕਰਨ ਤੋਂ ਬਾਅਦ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ 'ਚ ਸਿਹਤ ਅਤੇ ਸਿੱਖਿਆ ਪ੍ਰਣਾਲੀ ਨੂੰ ਸੁਰਜੀਤ ਕਰਨ ਲਈ ਠੋਸ ਯਤਨ ਕਰ ਰਹੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਹੁਣ ਤੱਕ ਆਪਣੇ ਬੱਚੇ ਨੂੰ ਸਰਕਾਰੀ ਸਕੂਲ ਭੇਜਣਾ ਆਮ ਆਦਮੀ ਦੀ ਮਜਬੂਰੀ ਸੀ ਪਰ ਹੁਣ ਸਿੱਖਿਆ ਪ੍ਰਣਾਲੀ ਨੂੰ ਨਵਾਂ ਰੂਪ ਦੇਣ ਨਾਲ ਮਾਪਿਆਂ ਦੀ ਇੱਛਾ ਹੋਵੇਗੀ ਕਿ ਉਨ੍ਹਾਂ ਦਾ ਬੱਚਾ ਸਰਕਾਰੀ ਸਕੂਲ 'ਚੋਂ ਤਾਲੀਮ ਹਾਸਲ ਕਰੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਪ੍ਰਦਾਨ ਕਰਨ ਲਈ ਸੂਬਾ ਭਰ 'ਚ 'ਸਕੂਲ ਆਫ਼ ਐਮੀਨੈਂਸ' ਸਥਾਪਤ ਕੀਤੇ ਗਏ ਹਨ। ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਸਮਾਜ ਦੇ ਹਰ ਵਰਗ ਖ਼ਾਸ ਕਰਕੇ ਨੌਜਵਾਨਾਂ ਦੀ ਭਲਾਈ ਲਈ ਵਚਨਬੱਧ ਹੈ, ਜਿਸ ਲਈ ਕੋਈ ਕਸਰ ਬਾਕੀ ਨਹੀਂ ਛੱਡੀ



ਜਾਵੇਗੀ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵਿਦਿਆਰਥੀਆਂ ਨੂੰ ਵੱਖ-ਵੱਖ ਮੁਕਾਬਲਿਆਂ ਲਈ ਤਿਆਰ ਕਰਨ ਲਈ ਹਰ ਸੰਭਵ ਯਤਨ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਹੁਣ ਵਿਦਿਆਰਥੀ ਸਿੱਖਿਆ ਦੇ ਖੇਤਰ 'ਚ ਸ਼ਾਨਦਾਰ ਪ੍ਰਦਰਸ਼ਨ ਕਰ ਰਹੇ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਨ੍ਹਾਂ ਦਾ ਧਿਆਨ ਸੂਬੇ ਦੇ ਸਰਬਪੱਖੀ ਵਿਕਾਸ ਅਤੇ ਲੋਕਾਂ ਦੀ ਖ਼ੁਸ਼ਹਾਲੀ ਯਕੀਨੀ ਬਣਾਉਣ ਹੈ। ਮੁੱਖ ਮੰਤਰੀ ਨੇ ਕਿਹਾ ਕਿ ਜਿਨ੍ਹਾਂ ਲੋਕਾਂ ਨੇ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਤੋਂ ਵਾਂਝਾ ਰੱਖਿਆ ਅਤੇ ਜਿਨ੍ਹਾਂ ਨੇ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕੀਤੀ ਹੈ, ਉਨ੍ਹਾਂ ਨੂੰ ਆਪਣੇ ਪਾਪਾਂ ਦੀ ਸਜ਼ਾ ਮਿਲ ਰਹੀ ਹੈ। ਉਨ੍ਹਾਂ ਕਿਹਾ ਕਿ ਲੋਕਾਂ ਨੇ ਅਜਿਹੇ ਆਗੂਆਂ ਨੂੰ ਪਹਿਲਾਂ ਹੀ ਸੱਤਾ ਤੋਂ ਲਾਂਭੇ ਕਰ ਦਿੱਤਾ ਹੈ ਅਤੇ ਹੁਣ ਉਹ ਸਿਆਸੀ ਗੁੰਮਨਾਮੀ 'ਚ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬੀ ਇਨ੍ਹਾਂ ਦੋਸ਼ੀਆਂ ਨੂੰ ਉਨ੍ਹਾਂ ਦੇ ਪਾਪਾਂ ਲਈ ਕਦੇ ਮੁਆਫ਼ ਨਹੀਂ ਕਰਨਗੇ ਅਤੇ ਉਨ੍ਹਾਂ ਨੂੰ ਸਬਕ ਸਿਖਾਉਣਗੇ। ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਅਧਿਆਪਕਾਂ ਨੂੰ ਵਿਦੇਸ਼ਾਂ ਅਤੇ ਇਥੋਂ ਤੱਕ ਕਿ ਵੱਕਾਰੀ ਕੌਮੀ ਸੰਸਥਾਵਾਂ ਵਿੱਚ ਭੇਜ ਰਹੀ ਹੈ ਤਾਂ ਜੋ ਉਨ੍ਹਾਂ ਦੇ ਅਧਿਆਪਨ ਹੁਨਰ ਨੂੰ ਹੋਰ ਤਰਾਸ਼ਿਆ ਜਾ ਸਕੇ। ਉਨ੍ਹਾਂ ਕਿਹਾ ਕਿ ਚੰਗੀ ਤਰ੍ਹਾਂ ਸਿਖਲਾਈ ਪ੍ਰਾਪਤ ਸਟਾਫ਼ ਨੇ ਸੂਬੇ ਦੇ ਸਰਕਾਰੀ ਸਕੂਲਾਂ ਵਿੱਚ ਦਾਖ਼ਲਿਆਂ ਦੀ ਦਰ ਵਧਾਉਣ ਵਿੱਚ ਮਦਦ ਕੀਤੀ ਹੈ। ਉਨ੍ਹਾਂ ਕਿਹਾ ਕਿ ਪੰਜਾਬ, ਦੇਸ਼ ਭਰ ਵਿੱਚ ਸਿੱਖਿਆ ਕ੍ਰਾਂਤੀ ਦਾ ਗਵਾਹ ਬਣ ਰਿਹਾ ਹੈ ਕਿਉਂਕਿ ਸੂਬਾ ਸਰਕਾਰ ਨੇ ਇਸ ਤੇ ਵੱਡਾ ਜ਼ੋਰ ਦਿੱਤਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਹੁਣ ਅਧਿਆਪਕ ਅਤੇ ਪ੍ਰਿੰਸੀਪਲ ਸਿਰਫ਼ ਸਿੱਖਿਆ ਤੇ ਧਿਆਨ ਕੇਂਦਰਿਤ ਕਰ ਰਹੇ ਹਨ ਕਿਉਂਕਿ ਬਾਕੀ ਸਕੂਲੀ ਕੰਮਾਂ ਲਈ ਸੂਬਾ ਸਰਕਾਰ ਵੱਲੋਂ ਲੋਡ?ਂਦਾ ਸਟਾਫ਼ ਭਰਤੀ ਕੀਤਾ ਗਿਆ ਹੈ। ਸਰਕਾਰੀ ਸਕੂਲਾਂ ਦੇ ਅਧਿਆਪਕਾਂ ਨੂੰ ਟਰੇਨਿੰਗ ਲਈ ਵਿਦੇਸ਼ਾਂ ਵਿਚ ਭੇਜਿਆ ਜਾ ਰਿਹਾ ਹੈ। ਪੰਜਾਬ ਵਿਚ ਵੀ ਹੁਣ ਲੋਕਾਂ ਵਿਚਾਲੇ ਸਰਕਾਰੀ ਸਕੂਲਾਂ ਦੀ ਚਰਚਾ ਹੋ ਰਹੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਇਹ ਬਹੁਤ ਮਾਣ ਵਾਲੀ ਗੱਲ ਹੈ ਕਿ ਸੂਬੇ ਦੇ ਨੌਜਵਾਨਾਂ ਨੂੰ 54000 ਤੋਂ ਵੱਧ ਨੌਕਰੀਆਂ ਪ੍ਰਦਾਨ ਕੀਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਸਾਰੀਆਂ ਨੌਕਰੀਆਂ ਪੂਰੀ ਯੋਗਤਾ ਦੇ ਆਧਾਰ 'ਤੇ ਬਿਨਾਂ ਕਿਸੇ ਭ੍ਰਿਸ਼ਟਾਚਾਰ ਜਾਂ ਭਾਈ-ਭਤੀਜਾਵਾਦ ਦੇ ਦਿੱਤੀਆਂ ਗਈਆਂ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਨਾਲ ਨੌਜਵਾਨ ਪੰਜਾਬ ਦੇ ਸਮਾਜਿਕ-ਆਰਥਿਕ ਵਿਕਾਸ ਵਿੱਚ ਸਰਗਰਮ ਭਾਈਵਾਲ ਬਣ ਰਹੇ ਹਨ। ਆਉਣ ਵਾਲੇ ਦਿਨਾਂ ਵਿਚ ਹੋਰ ਨਿਯੁਕਤੀ ਪੱਤਰ ਦਿੱਤੇ ਜਾਣਗੇ। ਉਥੇ ਹੀ ਭਗਵੰਤ ਮਾਨ ਨੇ ਨਸ਼ਿਆਂ ਵਿਰੁੱਧ ਚਲਾਈ ਗਈ 'ਯੁੱਧ ਨਸ਼ੇ ਵਿਰੁੱਧ' ਬਾਰੇ ਬੋਲਦੇ ਹੋਏ ਕਿਹਾ ਕਿ ਨਸ਼ਿਆਂ ਵਿਰੁੱਧ ਜੰਗ ਲਗਾਤਾਰ ਜਾਰੀ ਰਹੇਗੀ। ਨਸ਼ਾ ਲੈਣ ਵਾਲੇ ਸਮੱਗਲਰ ਨਹੀਂ ਸਗੋਂ ਮਰੀਜ਼ ਹਨ ਅਤੇ ਬੁਲਡੋਜ਼ਰ ਐਕਸ਼ਨ ਤੋਂ ਕਿਸੇ ਨੂੰ ਵੀ ਬਖ਼ਸ਼ਿਆ ਨਹੀਂ ਜਾਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਨਸ਼ਿਆਂ ਦੀ ਬੁਰਾਈ ਖ਼ਿਲਾਫ਼ 'ਯੁੱਧ ਨਸ਼ਿਆਂ ਵਿਰੁੱਧ ਸ਼ੁਰੂ ਕੀਤਾ ਹੈ ਅਤੇ ਨੌਜਵਾਨਾਂ ਦੀ ਬੇਅੰਤ ਊਰਜਾ ਨੂੰ ਸਕਾਰਾਤਮਕ ਦਿਸ਼ਾ ਵੱਲ ਲਿਜਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸੂਬੇ ਦੀਆਂ ਪੀਡ??ਹੀਆਂ ਨੂੰ ਨਸ਼ਿਆਂ ਦੀ ਬੁਰਾਈ ਤੋਂ ਬਚਾਉਣਾ ਬਹੁਤ ਜ਼ਰੂਰੀ ਹੈ

# ਹੁਣ ਸਰਕਾਰੀ ਸਕੂਲਾਂ 'ਚ 2 ਘੰਟੇ ਖੇਡ ਸਕਣਗੇ ਬੱਚੇ, ਪ੍ਰਿੰਸੀਪਲਾਂ ਨੂੰ ਜਾਰੀ ਹੋਏ ਹੁਕਮ

ਚੰਡੀਗੜ੍ਹ 8 ਅਪ੍ਰੈਲ। ਬੱਚਿਆਂ ਨੂੰ ਖੇਡਾਂ ਵੱਲ ਆਕਰਸ਼ਿਤ ਕਰਨ ਅਤੇ ਜਮੀਨੀ ਪੱਧਰ 'ਤੇ ਖੇਡਾਂ ਨੂੰ ਉਤਸਾਹਿਤ ਕਰਨ ਦੇ ਟੀਚੇ ਨਾਲ ਹੁਣ ਸਾਰੇ ਸਰਕਾਰੀ ਸਕੂਲਾਂ 'ਚ ਬੱਚੇ 2 ਘੰਟੇ ਖੇਡ ਸਕਦੇ ਹਨ, ਕਿਉਂਕਿ ਗ੍ਰੀਨ ਬੈਲਟ 'ਚ ਪਾਰਕ ਬਣਾਏ ਗਏ ਹਨ। ਇਸ ਕਾਰਨ ਬੱਚਿਆਂ ਦੇ ਖੇਡਣ ਲਈ ਕੋਈ ਮੈਦਾਨ ਨਹੀਂ ਬਚਿਆ ਹੈ। ਹੁਣ ਅਧਿਕਾਰੀਆਂ ਨੇ ਫੈਸਲਾ ਲਿਆ ਹੈ ਕਿ ਸਰਕਾਰੀ ਸਕੂਲਾਂ 'ਚ ਬੱਚੇ ਬਿਨਾਂ ਕੋਚ ਦੇ ਖੇਡ ਸਕਣਗੇ। ਇਸ ਸਬੰਧੀ ਸਿੱਖਿਆ ਵਿਭਾਗ ਨੇ ਸਾਰੇ ਸਕੂਲਾਂ ਦੇ ਪ੍ਰਿੰਸੀਪਲਾਂ ਨੂੰ ਪੱਤਰ ਜਾਰੀ ਕਰ ਦਿੱਤਾ ਹੈ। ਨਾਲ ਹੀ ਹੁਕਮ ਦਿੱਤਾ ਗਿਆ ਕਿ ਕਿਸੇ ਵੀ ਸਰਕਾਰੀ ਸਕੂਲ 'ਚ ਕੋਈ ਵੀ ਪ੍ਰਾਈਵੇਟ ਸਪੋਰਟਸ ਅਕੈਡਮੀ ਨਹੀਂ ਚਲਾਈ ਜਾ ਸਕਦੀ। ਜੇਕਰ ਚੈਕਿੰਗ ਦੌਰਾਨ ਕਿਸੇ ਸਕੂਲ ਵਿਚ ਅਕੈਡਮੀ ਪਾਈ ਗਈ ਤਾਂ ਪ੍ਰਿੰਸੀਪਲ ਖ਼ਿਲਾਫ ਕਾਰਵਾਈ ਕੀਤੀ ਜਾਵੇਗੀ। ਸਿੱਖਿਆ ਵਿਭਾਗ ਵੱਲੋਂ ਜਾਰੀ ਪੱਤਰ ਅਨੁਸਾਰ ਜੋ ਬੱਚਾ ਸਾਮ 5 ਤੋਂ 7 ਵਜੇ ਤੱਕ ਸਕੂਲ ਵਿਚ ਖੇਡਣਾ ਚਾਹੁੰਦਾ ਹੈ, ਉਸ ਦੇ ਮਾਤਾ-ਪਿਤਾ ਸਥਾਨਕ ਕੌਂਸਲਰ ਤੇ ਰੈਜੀਡੈਂਟ ਵੈਲਫੇਅਰ ਐਸੋਸੀਏਸਨ ਦੇ ਲੈਟਰ ਹੈੱਡ 'ਤੇ ਸਕੂਲ ਪ੍ਰਿੰਸੀਪਲ ਜਾਂ ਡੀ. ਈ. ਓ. ਦਫਤਰ 'ਚ ਜਮ੍ਹਾਂ ਕਰਵਾ ਕੇ ਮਨਜੂਰੀ ਲੈ ਸਕਦੇ ਹਨ। ਹਾਲਾਂਕਿ ਵਿਭਾਗ ਨੇ ਕੁੱਝ ਨਿਯਮ ਵੀ ਤੈਅ ਕੀਤੇ ਹਨ। ਸਿੱਖਿਆ ਵਿਭਾਗ ਨੇ ਸਥਾਨਕ ਬੱਚਿਆਂ ਨੂੰ ਖੇਡਣ ਦੀ ਇਜਾਜਤ ਦੇ ਦਿੱਤੀ ਹੈ ਪਰ ਹੁਣ ਸਹਿਰ ਦੇ ਕਿਸੇ ਵੀ ਸਕੂਲ 'ਚ ਸਪੋਰਟਸ ਅਕੈਡਮੀ ਨਹੀਂ ਚਲਾਈ ਜਾ ਸਕਦੀ। ਇਸ ਸਬੰਧੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਸਾਨੂੰ ਕਈ ਸ਼ਿਕਾਇਤਾਂ ਮਿਲਦੀਆਂ ਸਨ ਕਿ ਸਰਕਾਰੀ ਸਕੂਲਾਂ 'ਚ ਚੱਲ ਰਹੀਆਂ ਅਕੈਡਮੀਆਂ ਦੇ ਕੋਚ ਬੱਚਿਆਂ ਤੋਂ ਫੀਸ ਲੈਂਦੇ ਹਨ। ਇਸ ਤੋਂ ਬਾਅਦ ਸਿੱਖਿਆ ਵਿਭਾਗ ਨੇ ਇਹ ਫੈਸਲਾ ਲਿਆ ਹੈ, ਜਿਸ ਤਹਿਤ ਤਿੰਨ ਮਹੀਨਿਆਂ ਅੰਦਰ ਇਨ੍ਹਾਂ ਅਕੈਡਮੀਆਂ ਨੂੰ ਬੰਦ ਕਰ ਦਿੱਤਾ ਗਿਆ ਹੈ। ਜਾਣਕਾਰੀ ਅਨੁਸਾਰ ਸਾਮ ਨੂੰ ਗ੍ਰੀਨ ਪਾਰਕ 'ਚ ਜਦੋਂ ਸੀਨੀਅਰ ਸਿਟੀਜਨ ਸੈਰ ਕਰਦੇ ਸਨ ਤਾਂ ਇਸ ਦੌਰਾਨ ਬੱਚੇ ਖੇਡਦੇ ਜਾਂ ਸਾਈਕਲ ਚਲਾਉਂਦੇ ਸਮੇਂ ਟਕਰਾ ਜਾਂਦੇ ਸਨ। ਇਸ ਕਾਰਨ ਕਈ ਵਾਰ ਬਜੁਰਗ ਜਖਮੀ ਵੀ ਹੋਏ ਹਨ। ਇਸ ਤੋਂ ਬਾਅਦ ਆਰ. ਡਬਲਯੂ.ਏ. ਅਤੇ ਇਲਾਕਾ ਕੌਂਸਲਰ ਦੀ ਸ਼ਿਕਾਇਤ ਤੋਂ ਬਾਅਦ ਇਨ੍ਹਾਂ ਬੱਚਿਆਂ ਨੂੰ ਸਕੂਲਾਂ 'ਚ ਖੇਡਣ ਦੀ ਇਜਾਜਤ ਮਿਲ ਗਈ ਪਰ ਇਸ ਤੋਂ ਬਾਅਦ ਕੋਈ ਵੀ ਬੱਚਾ ਕੋਚ ਜਾਂ ਆਪਣਾ ਬੁਨਿਆਦੀ ਢਾਂਚਾ ਤਿਆਰ ਨਹੀਂ ਕਰ ਸਕਦਾ ਹੈ। ਨਗਰ ਨਿਗਮ ਦੀ ਪਹਿਲ ਤੋਂ ਬਾਅਦ ਸਿੱਖਿਆ ਵਿਭਾਗ ਵੱਲੋਂ ਪਹਿਲਾਂ 10 ਸਕੂਲਾਂ 'ਚ ਸਥਾਨਕ ਲੋਕਾਂ ਤੇ ਬੱਚਿਆਂ ਨੂੰ ਖੇਡਣ ਦੀ ਇਜਾਜ਼ਤ ਦਿੱਤੀ, ਜਿਸ ਨੂੰ ਲੈ ਕੇ ਸਕੂਲਾਂ ਦੇ ਮੈਦਾਨਾਂ ਨੂੰ ਗ੍ਰਿੱਲ ਨਾਲ ਘੇਰਿਆ ਵੀ ਗਿਆ ਸੀ ਪਰ ਹੁਣ ਵਿਭਾਗ ਵੱਲੋਂ ਸ਼ਹਿਰ ਦੇ ਸਾਰੇ ਸਕੂਲਾਂ 'ਚ ਇਹ ਲਾਗੂ ਕਰ ਦਿੱਤਾ ਗਿਆ ਹੈ।



## ਸੜਕ 'ਤੇ ਹੋਇਆ ਹਾਈਵੋਲਟੇਜ ਡਰਾਮਾ, ਪਤੀ-ਪਤਨੀ ਨੇ ਭਜਾ-ਭਜਾ ਕੁੱਟਿਆ ਵਿਅਕਤੀ

ਪਟਿਆਲਾ 14 ਜੁਲਾਈ। ਪਟਿਆਲਾ ਦੇ ਬਾਰਾਦਰੀ 'ਚ ਇਲਾਕੇ ਵਿਚ ਅੱਜ ਵੱਡਾ ਹੰਗਾਮਾ ਦੇਖਣ ਨੂੰ ਮਿਲਿਆ। ਜਿੱਥੇ ਇਕ ਪਤੀ-ਪਤਨੀ ਵਲੋਂ ਚਿੱਟੇ ਰੰਗ ਦੀ ਗੱਡੀ ਸਵਾਰ ਵਿਆਕਤੀ ਦੀ ਭਜਾ-ਭਜਾ ਕੇ ਕੁੱਟਮਾਰ ਕੀਤੀ ਗਈ। ਕੁੱਟਮਾਰ ਕਰਨ ਵਾਲੀ ਮਹਿਲਾ ਦਾ ਇਹ ਇਲਜਾਮ ਸੀ ਕਿ ਉਹ ਅਪਣੇ ਪਤੀ ਨਾਲ ਮੋਟਰਸਾਈਕਲ 'ਤੇ ਆ ਰਹੀ ਸੀ ਪਰ ਇਹ ਗੱਡੀ ਵਾਲੇ ਨੇ ਸਾਨੂੰ ਓਵਰਟੇਕ ਕੀਤਾ ਜਦੋਂ ਅਸੀਂ ਇਸ ਨੂੰ ਬੋਲੇ ਤਾਂ ਇਸਨੇ ਮੇਰੇ ਪਤੀ ਨੂੰ ਕਿਹਾ ਕਿ ਤੂੰ ਮੇਰੇ ਨਾਲ ਟਾਈਮ ਪਾ ਲੈ ਅਤੇ ਇਸ ਨੇ ਮੈਨੂੰ ਗਾਲ੍ਹਾਂ ਕੱਢੀਆਂ ਤੇ ਹੱਥੋਪਾਈ ਕੀਤੀ। ਫਿਰ ਅਸੀ ਇਸਨੂੰ ਘੇਰਿਆ ਅਤੇ ਹੁਣ ਇਹ ਭੱਜ ਗਿਆ। ਇਸ ਮੌਕੇ ਲੋਕਾਂ ਨੇ ਗੱਡੀ 'ਚ ਸਵਾਰ ਨੌਜਵਾਨ ਨੂੰ ਬਚਾਉਣ ਦੀ ਕੋਸ਼ਿਸ ਵੀ ਕੀਤੀ ਪਰ ਉਕਤ ਮਹਿਲਾ ਵੱਲੋਂ ਆਪਣੇ ਪਰਿਵਾਰਿਕ ਮੈਂਬਰਾਂ ਨੂੰ ਬੁਲਾ ਕੇ ਸੜਕ 'ਤੇ ਹੰਗਾਮਾ ਕੀਤਾ ਗਿਆ। ਗੱਡੀ ਚਾਲਕ ਆਪਣੀ ਗੱਡੀ ਸੜਕ 'ਤੇ ਛੱਡ ਕੇ ਫਰਾਰ ਹੋ ਗਿਆ ਜਦਕਿ ਉਕਤ ਲੋਕਾਂ ਨੇ ਗੱਡੀ ਦੇ ਟਾਇਰਾਂ ਦੀ ਹਵਾ ਕੱਢ ਦਿੱਤੀ ਗਈ। ਅਖੀਰ 'ਚ ਉਥੇ ਮੌਜੂਦ ਲੋਕਾਂ ਨੇ ਪੁਲਸ ਨੂੰ ਬੁਲਾਇਆ ਤੇ ਪੁਲਸ ਨੇ ਗੱਡੀ ਨੂੰ ਆਪਣੇ ਕਬਜੇ 'ਚ ਲੈ ਕੇ ਗੱਡੀ ਚਾਲਕ ਦੀ ਭਾਲ ਸੂਰੂ ਕਰ ਦਿੱਤੀ।

## ਸਟੀਲ ਕੰਪਨੀ ਦੇ ਮਾਲਕ 'ਤੇ ਟਰੱਕ, ਮੋਟਰਸਾਈਕਲ, ਮੋਬਾਈਲ ਫੋਨ, ਕਾਰਡ ਅਤੇ ਨਕਦੀ ਖੋਹਣ ਦਾ ਮਾਮਲਾ ਦਰਜ

ਲੁਧਿਆਣਾ 8 ਅਪ੍ਰੈਲ। ਪਹਿਲਾਂ ਟਰਾਂਸਪੋਰਟਰ ਤੋਂ ਮਾਲਾ ਢੋਆ ਢੋਆਈ ਕਰਾਈ ਜਦੋਂ ਢੋਆ ਢੋਆਈ ਦੇ ਪੈਸੇ ਲੈਣ ਗਿਆ ਤਾਂ ਕੁੱਟਮਾਰ ਕਰਕੇ ਟਰੱਕ, ਮੋਟਰਸਾਈਕਲ, ਮੋਬਾਈਲ ਫੋਨ, ਏ. ਟੀ. ਐੱਮ ਕਾਰਡ, ਬੈਂਕ ਦੀ ਚੈੱਕ ਬੁੱਕ ਅਤੇ ਕੈਸ ਜਬਰਦਸਤੀ ਖੋ ਲਏ। ਘਟਨਾ ਥਾਣਾ ਸਾਹਨੇਵਾਲ ਅਧੀਨ ਆਉਂਦੇ ਇਲਾਕੇ ਜੁਗਿਆਣਾ ਦੀ ਹੈ ਜਿੱਥੇ ਇਕ ਟਰਾਂਸਪੋਰਟਰ ਨੇ ਸਟੀਲ ਕੰਪਨੀ ਦੇ ਉੱਪਰ ਗੰਭੀਰ ਦੋਸ ਲਗਾ ਕੇ ਸ਼ਿਕਾਇਤ ਦਿੱਤੀ ਹੈ। ਪੁਲਸ ਦੇ ਉੱਚ ਅਧਿਕਾਰੀਆਂ ਨੂੰ ਦਿੱਤੀ ਗਈ ਸ਼ਿਕਾਇਤ 'ਚ ਅਵਦੇਸ ਕੁਮਾਰ ਯਾਦਵ ਪੁੱਤਰ ਰਾਮ ਗਿਆਨ ਯਾਦਵ ਵਾਸੀ ਨਿਊ ਅਜਾਦ ਨਗਰ ਲੁਹਾਰਾ ਨੇ ਦੱਸਿਆ ਕਿ ਉਹ ਟਰਾਂਸਪੋਰਟ ਦਾ ਕੰਮ ਕਰਦਾ ਹੈ ਤੇ ਉਸ ਦੀ ਆਪਣੀ ਟਰਾਂਸਪੋਰਟ ਕੰਪਨੀ ਹੈ। ਉਸ ਨੇ ਦੱਸਿਆ ਕਿ ਵੱਖ-ਵੱਖ ਸਮੇਂ 'ਤੇ ਗ੍ਰੇਟ ਇੰਡੀਆ ਸਟੀਲ ਕੰਪਨੀ ਦੇ ਮਾਲਕ ਨੇ ਉਸ ਤੋਂ ਟਰੱਕ ਰਾਂਹੀ ਮਾਲ




ਦੀ ਢੋਆ ਢੋਆਈ ਕਰਾਈ ਜਿਸ ਦੀਆਂ ਉਸ ਨੂੰ ਦਿੱਤੀਆਂ ਗਈਆਂ ਬਿਲਟੀਆਂ ਵੀ ਉਸ ਕੋਲ ਹਨ। ਉਸ ਨੂੰ ਕਿਰਾਏ ਦੇ ਥੋੜ੍ਹੇ-ਥੋੜ੍ਹੇ ਪੈਸੇ ਦਿੰਦੇ ਰਹੇ ਅਤੇ ਬਾਕੀ ਪੈਸੇ ਬਾਅਦ 'ਚ ਹਿਸਾਬ ਕਰਨ 'ਤੇ ਦੇਣ ਦਾ ਕਹਿ ਕੇ ਰੋਕ ਲਏ ਜਾਂਦੇ ਸਨ। ਅਵਦੇਸ ਨੇ ਦੱਸਿਆ ਕਿ ਜਦੋਂ ਉਹ ਬਾਅਦ 'ਚ ਹਿਸਾਬ ਕਰਕੇ ਪੈਸੇ ਲੈਣ ਗਿਆ ਤਾਂ ਕੰਪਨੀ ਦੇ ਮਾਲਕ ਦਯਾ ਸੰਕਰ ਸੈਣੀ ਨੇ ਆਪਣੇ ਵਰਕਰਾਂ ਨਾਲ ਮਿਲ ਕੇ ਉਸ ਦੀ ਕੁੱਟਮਾਰ ਤਾਂ ਕੀਤੀ ਸਗੋਂ ਉਸ ਦਾ ਟਰੱਕ, ਮੋਟਰਸਾਈਕਲ, ਮੋਬਾਈਲ ਫੋਨ, ਏ. ਟੀ. ਐੱਮ. ਕਾਰਡ, ਬੈਂਕ ਦੀ ਚੈੱਕ ਬੁੱਕ ਅਤੇ ਜੇਬ 'ਚੋਂ 27 ਹਜਾਰ ਪੰਜ ਸੌ ਰੁਪਏ ਕੈਸ ਵੀ ਜਬਰਦਸਤੀ ਖੋਹ ਲਏ। ਇਸ 'ਤੇ ਪੁਲਸ ਨੇ ਕੰਪਨੀ ਦੇ ਮਾਲਕ ਦਯਾ ਸੰਕਰ ਸੈਣੀ ਅਤੇ ਨਾ ਮਾਲੂਮ ਵਰਕਰਾਂ ਦੇ ਖ਼ਿਲਾਫ ਮਾਮਲਾ ਦਰਜ ਕਰਕੇ ਭਾਲ ਸੂਰੂ ਕਰ ਦਿੱਤੀ ਹੈ।

## ਕੰਮ 'ਤੇ ਜਾ ਰਹੇ ਨੌਜਵਾਨ ਨੂੰ ਰਾਹ 'ਚ ਘੇਰ ਕੇ ਨਸ਼ਾ ਵੇਚਣ ਲਈ ਕੀਤਾ ਮਜਬੂਰ, ਮਨ੍ਹਾ ਕਰਨ 'ਤੇ ਕੀਤੀ ਕੁੱਟਮਾਰ

ਲੁਧਿਆਣਾ 8 ਅਪ੍ਰੈਲ। ਪੰਜਾਬ 'ਚੋਂ ਨਸਾ ਖਤਮ ਕਰਨ ਦੇ ਦਾਅਵੇ ਲਗਾਤਾਰ ਕੀਤੇ ਜਾਂਦੇ ਰਹਿੰਦੇ ਹਨ। ਪਰ ਨਸਾ ਵੇਚਣ ਵਾਲੇ ਬੇਖੌਫ ਹੋ ਕੇ ਨਸੇ ਦੀ ਸਪਲਾਈ ਕਰਦੇ ਹਨ ਅਤੇ ਉਨ੍ਹਾਂ ਨੂੰ ਪੁਲਸ ਦੀ ਕਾਰਵਾਈ ਦਾ ਵੀ ਕੋਈ ਡਰ ਨਹੀਂ ਰਹਿ ਗਿਆ। ਅਜਿਹਾ ਹੀ ਇਕ ਮਾਮਲਾ ਥਾਣਾ ਡਵੀਜਨ ਨੰ. 7 'ਚ ਸਾਹਮਣੇ ਆਇਆ, ਜਿਥੇ ਇਕ ਨੌਜਵਾਨ ਨੇ ਕੁਝ ਅਣਪਛਾਤੇ ਨੌਜਵਾਨਾਂ ਖਿਲਾਫ ਉਸ ਕੋਲੋਂ ਜਬਰਦਸਤੀ ਨਸਾ ਵੇਚਣ ਦੇ ਨਾਂ 'ਤੇ ਕੁੱਟਮਾਰ ਕਰਨ ਦੇ ਗੰਭੀਰ ਦੋਸ ਲਗਾਏ ਗਏ ਹਨ। ਪੀੜਤ ਸੰਨੀ ਪੁੱਤਰ



ਭਗਤੂ ਰਾਵਤ ਨੇ ਦੱਸਿਆ ਕਿ ਬੀਤੇ ਦਿਨੀਂ ਉਹ ਕੰਮ 'ਤੇ ਜਾਣ ਲਈ ਘਰ ਤੋਂ ਨਿਕਲਿਆ ਸੀ। ਰਸਤੇ 'ਚ ਕੁਝ ਅਣਪਛਾਤੇ ਨੌਜਵਾਨਾਂ ਨੇ ਉਸ ਨੂੰ ਘੇਰ ਲਿਆ ਅਤੇ ਕਹਿਣ ਲੱਗੇ ਕਿ ਉਨ੍ਹਾਂ ਦਾ ਨਸਾ ਵੇਚਣ 'ਚ ਸਾਥ ਦੇਵੇ। ਸੰਨੀ ਨੇ ਕਿਹਾ ਕਿ ਮਨ੍ਹਾ ਕਰਨ 'ਤੇ ਅਣਪਛਾਤੇ ਨੌਜਵਾਨਾਂ ਨੇ ਉਸ ਦੀ ਕੁੱਟਮਾਰ ਕਰਨੀ ਸੂਰੂ ਕਰ ਦਿੱਤੀ। ਕਿਸੇ ਤਰ੍ਹਾਂ ਉਸ ਨੇ ਭੱਜ ਕੇ ਆਪਣੀ ਜਾਨ ਬਚਾਈ ਅਤੇ ਥਾਣਾ ਡਵੀਜਨ ਨੰ. 7 ਦੀ ਪੁਲਸ ਨੂੰ ਸ਼ਿਕਾਇਤ ਕੀਤੀ ਪਰ ਪੁਲਸ ਨੇ ਅਜੇ ਤੱਕ ਵੀ ਸ਼ਿਕਾਇਤ 'ਤੇ ਕੋਈ ਠੋਸ ਕਾਰਵਾਈ ਨਹੀਂ ਕੀਤੀ। ਸੰਨੀ ਨੇ ਦੱਸਿਆ ਕਿ ਕੁੱਟਮਾਰ ਕਰਨ ਵਾਲੇ ਫੋਨ ਕਰ ਕੇ ਹੋਰ ਗੰਭੀਰ ਸਿੱਟੇ ਭੁਗਤਣ ਦੀਆਂ ਧਮਕੀਆਂ ਦੇ ਰਹੇ ਹਨ। ਥਾਣਾ ਪੁਲਸ ਮਾਮਲੇ 'ਚ ਲਿੱਪਾ-ਪੋਚੀ ਕਰਨ ਦੀ ਥਿਊਰੀ 'ਤੇ ਕੰਮ ਕਰ ਰਹੀ ਹੈ।

# ਬੈਂਕ ਮੈਨੇਜਰ ਦੀ ਕਾਲ ਗਰਲ ਨਾਲ ਬਹਿਸ, ਦਲਾਲ ਤੇ ਸਾਥੀਆਂ ਨੇ ਚਲਾ ਦਿੱਤੀਆਂ ਗੋਲੀਆਂ

ਚੰਡੀਗੜ੍ਹ 8 ਅਪ੍ਰੈਲ। ਬੈਂਕ ਮੈਨੇਜਰ ਦੀ ਐਤਵਾਰ ਰਾਤ ਕਾਲ ਗਰਲ ਨਾਲ ਪੈਸਿਆਂ ਨੂੰ ਲੈ ਕੇ ਲੜਾਈ ਹੋ ਗਈ। ਦਲਾਲ ਦੋ ਕਾਰ ਸਵਾਰ ਸਾਥੀਆਂ ਨਾਲ ਸੈਕਟਰ 44 ਪਹੁੰਚਿਆ ਤੇ ਮੈਨੇਜਰ 'ਤੇ ਤਲਵਾਰਾਂ ਨਾਲ ਹਮਲਾ ਕਰ ਦਿੱਤਾ। ਦੋਸਤ ਨੂੰ ਬਚਾਉਣ ਆਏ ਨੌਜਵਾਨਾਂ ਨੇ ਜਦੋਂ ਹਮਲਾਵਰਾਂ 'ਤੇ ਪਥਰਾਅ ਕੀਤਾ ਤਾਂ ਬਾਈਕ ਸਵਾਰ ਨੇ ਹਵਾ 'ਚ ਫਾਇਰਿੰਗ ਕਰ ਦਿੱਤੀ। ਗੋਲੀ ਚੱਲਣ 'ਤੇ ਨੌਜਵਾਨ ਭੱਜ ਗਏ। ਨਾਲ ਹੀ ਹਮਲਾਵਰ ਦੋ ਗੱਡੀਆਂ ਤੇ ਇਕ ਬਾਈਕ 'ਤੇ ਫ਼ਰਾਰ ਹੋ ਗਏ। ਕੁੱਟਮਾਰ ਤੇ ਗੋਲੀਬਾਰੀ ਦੀ ਸੂਚਨਾ ਮਿਲਣ 'ਤੇ ਪੁਲਸ ਵੀ ਮੌਕੇ 'ਤੇ ਪਹੁੰਚੀ। ਪੁਲਸ ਨੇ ਜ਼ਖ਼ਮੀ ਅੰਕੁਸ਼ ਨੂੰ ਜੀ.ਐੱਮ.ਸੀ.ਐੱਚ. 32 'ਚ ਦਾਖਲ ਕਰਵਾਇਆ। ਫੋਰੈਂਸਿਕ ਟੀਮ ਨੂੰ ਗੋਲੀਆਂ ਦੇ ਦੋ ਖੋਲ ਬਰਾਮਦ ਹੋਏ। ਇਸ ਤੋਂ ਇਲਾਵਾ ਖ਼ੂਨ ਦੇ ਸੈਂਪਲ ਜ਼ਬਤ ਕੀਤੇ ਗਏ। ਪੁਲਸ ਨੇ ਸੀ.ਸੀ.ਟੀ.ਵੀ. ਕੈਮਰੇ ਚੈੱਕ ਕੀਤੇ, ਜਿਸ 'ਚ ਹਮਲਾਵਰ ਦੋ ਗੱਡੀਆਂ ਅਤੇ ਬਾਈਕ 'ਤੇ ਆਉਂਦੇ ਦਿਖਾਈ ਦਿੱਤੇ। ਸੈਕਟਰ 34 ਥਾਣਾ ਪੁਲਸ ਨੇ ਅੰਕੁਸ਼ ਦੀ ਸ਼ਿਕਾਇਤ 'ਤੇ ਅਣਪਛਾਤੇ ਮੁਲਜ਼ਮਾਂ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਹੈ। ਪੁਲਸ ਨੂੰ ਸੂਚਨਾ ਮਿਲੀ ਸੀ ਕਿ ਸੈਕਟਰ-44 'ਚ ਕਾਰ ਸਵਾਰ ਕਰੀਬ 10 ਨੌਜਵਾਨ ਬੈਂਕ ਮੈਨੇਜਰ 'ਤੇ ਹਮਲਾ ਕਰ ਰਹੇ ਹਨ। ਡੀ.ਐੱਸ.ਪੀ. ਜਸਵਿੰਦਰ ਸਿੰਘ, ਥਾਣਾ ਇੰਚਾਰਜ ਲਖਬੀਰ ਸਿੰਘ ਨੇ ਖ਼ੂਨ ਨਾਲ ਲੱਥਪੱਥ ਬੈਂਕ ਮੈਨੇਜਰ ਅੰਕੁਸ਼ ਨੂੰ ਹਸਪਤਾਲ 'ਚ ਦਾਖਲ ਕਰਵਾਇਆ। ਮੌਕੇ 'ਤੇ ਪੁਲਸ ਨੂੰ



ਦੇਸੀ ਕੱਟੇ ਤੋਂ ਚੱਲੀ ਗੋਲੀ ਦੇ ਖੋਲ ਤੇ ਸੜਕ 'ਤੇ ਖ਼ੂਨ ਖਿਲਰਿਆ ਮਿਲਿਆ। ਜਾਂਚ 'ਚ ਸਾਹਮਣੇ ਆਇਆ ਕਿ ਹਮਲਾ ਬੈਂਕ ਮੈਨੇਜਰ ਅੰਕੁਸ਼ 'ਤੇ ਕੀਤਾ ਗਿਆ ਸੀ। ਸੂਤਰਾਂ ਮੁਤਾਬਕ ਅੰਕੁਸ਼ ਦਾ ਕਾਲ ਗਰਲ ਨਾਲ ਪੈਸਿਆਂ ਨੂੰ ਲੈ ਕੇ ਝਗੜਾ ਹੋਇਆ ਸੀ। ਕਾਲ ਗਰਲ ਨੇ ਦਲਾਲ ਨੂੰ ਫੋਨ 'ਤੇ ਸਾਰੀ ਗੱਲ ਦੱਸੀ। ਇਸ ਤੋਂ ਬਾਅਦ ਦਲਾਲ ਸਾਥੀਆਂ ਨਾਲ ਸੈਕਟਰ-44 ਦੇ ਬੈਂਕ ਮੈਨੇਜਰ ਦੇ ਘਰ ਪਹੁੰਚਿਆ। ਬੈਂਕ ਮੈਨੇਜਰ ਉਸ ਨੂੰ ਬਾਹਰ ਮਿਲਿਆ। ਜਿਵੇਂ ਹੀ ਉਹ ਕਾਰ 'ਚੋਂ ਉਤਰਿਆ ਤਾਂ ਕਰੀਬ 10 ਨੌਜਵਾਨਾਂ ਨੇ ਮੈਨੇਜਰ 'ਤੇ ਤਲਵਾਰਾਂ ਨਾਲ ਹਮਲਾ ਕਰ ਦਿੱਤਾ। ਜਦੋਂ ਅਕੁੰਸ਼ ਰੌਲਾ ਪਾਉਣ ਲੱਗਾ ਤਾਂ ਫਲੈਟ ਤੋਂ ਚਾਰ ਨੌਜਵਾਨ ਆ ਗਏ ਤੇ ਉਨ੍ਹਾਂ ਨੇ ਹਮਲਾਵਰਾਂ 'ਤੇ ਪਥਰਾਅ ਕਰ ਦਿੱਤਾ। ਹਮਲਾਵਰਾਂ ਦੇ ਬਾਈਕ ਸਵਾਰ ਸਾਥੀ ਨੇ ਦੇਸੀ ਕੱਟਾ ਕੱਢ ਕੇ ਹਵਾ 'ਚ ਫਾਇਰਿੰਗ ਕਰ ਦਿੱਤੀ। ਇਸ ਤੋਂ ਬਾਅਦ ਉਹ ਫ਼ਰਾਰ ਹੋ ਗਏ। ਅਕੁੰਸ਼ ਦਿੱਲੀ ਦਾ ਰਹਿਣ ਵਾਲਾ ਹੈ। ਦੂਜੇ ਪਾਸੇ ਸੁਰੱਖਿਆ ਗਾਰਡ ਮੇਘਰਾਜ ਨੇ ਦੱਸਿਆ ਕਿ ਉਹ ਡਿਊਟੀ 'ਤੇ ਸਨ। ਇਸ ਦੌਰਾਨ ਦੋ ਕਾਰਾਂ 'ਚ ਨੌਜਵਾਨ ਆਏ ਤੇ ਉਨ੍ਹਾਂ ਨੇ ਬੈਂਕ ਮੈਨੇਜਰ 'ਤੇ ਹਮਲਾ ਕਰ ਦਿੱਤਾ। ਮੈਨੇਜਰ ਦਾ ਉਸ ਦੇ ਸਾਥੀਆਂ ਨੇ ਵਿਚ-ਬਚਾਅ ਕੀਤਾ। ਇੰਨ੍ਹੇ 'ਚ ਹਮਲਾਵਰ ਗੋਲੀ ਚਲਾ ਕੇ ਫਰਾਰ ਹੋ ਗਏ। ਉਸ ਨੇ ਦੱਸਿਆ ਕਿ ਬੈਂਕ ਮੈਨੇਜਰ ਦੀ ਸੈਕਟਰ 44 ਬਾਹਰ ਹਮਲਾਵਰਾਂ ਨਾਲ ਕਿਸੇ ਗੱਲ ਨੂੰ ਲੈ ਕੇ ਬਹਿਸ ਹੋ ਗਈ ਸੀ। ਫਿਲਹਾਲ ਪੁਲਸ ਨੇ ਹਮਲਾਵਰਾਂ ਦੀ ਪਛਾਣ ਕਰ ਲਈ ਹੈ।

## ਕਿਸਾਨ ਸ਼ੁਭਕਰਨ ਸਿੰਘ ਦੀ ਭੈਣ ਪੰਜਾਬ ਪੁਲਸ 'ਚ ਭਰਤੀ, ਪਹਿਲੇ ਦਿਨ ਸਰਕਾਰ ਅੱਗੇ ਰੱਖੀ ਇਹ ਮੰਗ

ਚੰਡੀਗੜ੍ਹ/ਬਠਿੰਡਾ 8 ਅਪ੍ਰੈਲ। ਕਿਸਾਨ ਅੰਦੋਲਨ ਦੌਰਾਨ 21 ਫਰਵਰੀ ਨੂੰ ਖਨੌਰੀ ਸਰਹੱਦ 'ਤੇ ਸ਼ਹੀਦ ਹੋਏ ਪਿੰਡ ਬੱਲੋ ਦੇ ਕਿਸਾਨ



ਸ਼ੁਭਕਰਨ ਸਿੰਘ ਦੀ ਭੈਣ ਗੁਰਪ੍ਰੀਤ ਕੌਰ ਵਲੋਂ ਬਠਿੰਡਾ ਵਿਖੇ ਪੁਲਸ ਦੀ ਨੌਕਰੀ ਜੁਆਇਨ ਕਰ ਲਈ ਗਈ ਹੈ। ਬੀਤੇ ਦਿਨ ਪੰਜਾਬ ਸਰਕਾਰ ਵਲੋਂ ਸ਼ੁਭਕਰਨ ਸਿੰਘ ਦੇ ਪਰਿਵਾਰ ਨੂੰ ਇਕ ਕਰੋੜ ਰੁਪਏ ਦੀ ਆਰਥਿਕ ਮਦਦ ਅਤੇ ਗੁਰਪ੍ਰੀਤ ਕੌਰ ਨੂੰ ਨਿਯੁਕਤੀ ਪੱਤਰ ਦਿੱਤਾ ਗਿਆ ਸੀ। ਗੁਰਪ੍ਰੀਤ ਕੌਰ ਨੇ ਕਿਹਾ ਕਿ ਅੱਜ ਦੇ ਦਿਨ ਦੀ ਖੁਸ਼ੀ ਹੋਰ ਵੀ ਦੁੱਗਣੀ ਹੋ ਜਾਂਦੀ, ਜੇਕਰ ਸ਼ੁਭਕਰਨ ਸਿੰਘ ਉਨ੍ਹਾਂ ਦੇ ਨਾਲ ਹੁੰਦਾ। ਗੁਰਪ੍ਰੀਤ ਕੌਰ ਨੇ ਕਿਹਾ ਕਿ ਉਹ ਪੰਜਾਬ ਸਰਕਾਰ ਦਾ ਧੰਨਵਾਦ ਕਰਦੇ ਹਨ, ਜਿਸ ਨੇ ਆਪਣੇ ਵਾਅਦੇ ਪੂਰੇ ਕੀਤੇ ਅਤੇ ਅਸੀਂ ਮੰਗ ਕਰਦੇ ਹਾਂ ਕਿ ਕਾਨੂੰਨੀ ਕਾਰਵਾਈ 'ਚ ਸਾਨੂੰ ਇਨਸਾਫ ਦਿੱਤਾ ਜਾਵੇ। ਗੁਰਪ੍ਰੀਤ ਕੌਰ ਨੇ ਕਿਹਾ ਕਿ ਭਰਾ ਦਾ ਘਾਟਾ ਕਦੇ ਵੀ ਪੂਰਾ ਨਹੀਂ ਹੋ ਸਕਦਾ। ਇਸ ਮੌਕੇ ਸ਼ੁਭਕਰਨ ਸਿੰਘ ਦੇ ਪਿਤਾ ਵੀ ਗੁਰਪ੍ਰੀਤ ਨਾਲ ਸਨ। ਦੱਸਣਯੋਗ ਹੈ ਕਿ ਖਨੌਰੀ ਬਾਰਡਰ 'ਤੇ ਸ਼ਹੀਦ ਹੋਏ ਕਿਸਾਨ ਸ਼ੁਭਕਰਨ ਸਿੰਘ ਦੇ ਪਰਿਵਾਰ ਨਾਲ ਬੀਤੇ ਦਿਨੀਂ ਮੁੱਖ ਮੰਤਰੀ ਮਾਨ ਨੇ ਮੁਲਾਕਾਤ ਕੀਤੀ ਸੀ। ਉਨ੍ਹਾਂ ਨੇ ਪਰਿਵਾਰ ਨੂੰ 1 ਕਰੋੜ ਰੁਪਏ ਦਾ ਚੈੱਕ ਅਤੇ ਇਕ ਜੀਅ ਨੂੰ ਸਰਕਾਰੀ ਨੌਕਰੀ ਦਾ ਨਿਯੁਕਤੀ ਪੱਤਰ ਦਿੱਤਾ ਸੀ।

## ਪੰਜਾਬ 'ਚ ਫਿਰ ਵੱਡੀ ਵਾਰਦਾਤ, ਵਿਆਹ ਤੋਂ ਕੁਝ ਦਿਨ ਪਹਿਲਾਂ 21 ਸਾਲਾ ਨੌਜਵਾਨ ਦਾ ਕਤਲ

ਮੋਗਾ 8 ਅਪ੍ਰੈਲ। ਮੋਗਾ ਦੇ ਬੇਰੀਆਂ ਵਾਲਾ ਮੁਹੱਲਾ ਵਿਚ ਇੱਕ ਨੌਜਵਾਨ ਦਾ ਬੀਤੀ ਰਾਤ ਕਤਲ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਮਿਲੀ ਜਾਣਕਾਰੀ ਅਨੁਸਾਰ ਨੌਜਵਾਨ ਸਲੂਨ ਦਾ ਕੰਮ ਕਰਦਾ ਸੀ ਅਤੇ ਉਹ ਆਪਣਾ ਸਲੂਨ ਬੰਦ ਕਰਕੇ ਘਰ ਜਾ ਰਿਹਾ ਸੀ। ਇਸ ਦੌਰਾਨ ਕੁੱਝ ਵਿਅਕਤੀਆਂ ਵੱਲੋਂ ਪੁਰਾਣੀ ਰੰਜਿਸ ਦੇ ਚੱਲਦੇ ਉਸਦੀ ਕੁੱਟਮਾਰ ਕੀਤੀ, ਜਿਸ ਵਿਚ ਨੌਜਵਾਨ ਗੰਭੀਰ ਜਖਮੀ ਹੋ ਗਿਆ, ਜਿਸ ਨੂੰ ਬਾਅਦ ਵਿਚ ਇਕ ਪ੍ਰਾਈਵੇਟ ਹਸਪਤਾਲ ਵਿਚ ਦਾਖਲ ਕਰਾਇਆ ਗਿਆ ਜਿੱਥੇ ਉਸ ਦੀ ਮੌਤ ਹੋ ਗਈ। ਮ੍ਰਿਤਕ ਨੌਜਵਾਨ ਦਾ ਕੁਝ ਦਿਨ ਬਾਅਦ ਵਿਆਹ ਰੱਖਿਆ ਹੋਇਆ ਸੀ। ਪਤਾ ਲੱਗਾ ਹੈ ਕਿ ਪੁਲਸ ਅਧਿਕਾਰੀਆਂ ਵੱਲੋਂ ਇਸ ਸਬੰਧੀ ਕੁੱਝ ਵਿਅਕਤੀਆਂ ਨੂੰ ਕਾਬੂ ਕਰ ਅੱਗੇ ਦੀ ਕਾਰਵਾਈ ਸੂਰੂ ਕਰ ਦਿੱਤੀ ਗਈ ਹੈ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਨੌਜਵਾਨ ਹਰਵਿੰਦਰ ਸਿੰਘ ਜਿਸ ਦੀ ਉਮਰ 21 ਸਾਲ ਦੱਸੀ ਜਾ ਰਹੀ ਹੈ ਉਸ ਦਾ ਆਉਣ ਵਾਲੇ ਸੌਣ ਦੇ ਮਹੀਨੇ ਵਿਆਹ ਰੱਖਿਆ ਗਿਆ ਸੀ।

# ਫਰਜੀ ਅਧਿਕਾਰੀਆਂ ਦਾ ਵਧਦਾ ਜਾਲ, ਹੁਣ ਫੜੇ ਗਏ ਨਕਲੀ ਕਸਟਮ ਅਧਿਕਾਰੀ

ਹੁਣ ਤੱਕ ਤਾਂ ਦੇਸ਼ 'ਚ ਨਕਲੀ ਖਾਧ ਪਦਾਰਥਾਂ ਆਦਿ ਦੀ ਗੱਲ ਹੀ ਸੁਣੀ ਜਾਂਦੀ ਸੀ, ਪਰ ਹੁਣ ਨਕਲੀ ਦੀ ਇਹ ਬੀਮਾਰੀ ਉੱਚ ਸਰਕਾਰੀ ਅਹੁਦਿਆਂ ਤੱਕ ਪਹੁੰਚਦੀ ਜਾ ਰਹੀ ਹੈ। ਪਿਛਲੇ ਕੁਝ ਸਮੇਂ ਦੌਰਾਨ ਨਕਲੀ ਆਈ.ਏ.ਐੱਸ. ਅਧਿਕਾਰੀਆਂ, ਨਕਲੀ ਪੀ.ਐੱਮ.ਓ. ਦੇ ਅਧਿਕਾਰੀਆਂ ਅਤੇ ਪੁਲਸ ਅਧਿਕਾਰੀਆਂ ਆਦਿ ਦੇ ਮਾਮਲੇ ਸਾਹਮਣੇ ਆਏ ਅਤੇ ਹੁਣ ਨਕਲੀ ਕਸਟਮ ਅਧਿਕਾਰੀ ਬਣ ਕੇ ਦਿੱਲੀ ਸਥਿਤ ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਵਿਦੇਸ਼ ਤੋਂ ਆਉਣ ਵਾਲੇ ਸੈਲਾਨੀਆਂ ਨੂੰ ਸ਼ੈਤਾਨਾਂ ਵਲੋਂ ਠੱਗਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸੇ ਸਿਲਸਿਲੇ 'ਚ ਖੁਦ ਨੂੰ ਕਸਟਮ ਅਧਿਕਾਰੀ ਦੱਸ ਕੇ ਸੈਲਾਨੀਆਂ ਨੂੰ ਠੱਗਣ ਵਾਲੇ 4 ਲੋਕਾਂ ਨੂੰ ਦਿੱਲੀ, ਉੱਤਰ ਪ੍ਰਦੇਸ਼ ਅਤੇ ਉੱਤਰਾਖੰਡ 'ਚ ਵੱਖ-ਵੱਖ ਸਥਾਨਾਂ 'ਤੇ ਛਾਪੇ ਮਾਰ ਕੇ ਪੁਲਸ ਨੇ ਗ੍ਰਿਫਤਾਰ ਕੀਤਾ ਹੈ। ਡਿਪਟੀ ਕਮਿਸ਼ਨਰ ਆਫ ਪੁਲਸ (ਆਈ.ਜੀ.ਆਈ. ਏਅਰਪੋਰਟ) ਊਸ਼ਾ ਰੰਗਨਾਨੀ ਅਨੁਸਾਰ ਚਾਰੋਂ ਦੋਸ਼ੀ ਯਾਤਰੀਆਂ ਨੂੰ ਪਾਰਕਿੰਗ ਖੇਤਰ ਜਾਂ ਅਰਾਈਵਲ ਗੇਟਾਂ ਨੇੜੇ ਰੋਕ ਕੇ ਉਨ੍ਹਾਂ ਨੂੰ ਆਪਣਾ ਸ਼ਿਕਾਰ ਬਣਾਉਂਦੇ ਸਨ। ਸਾਊਦੀ ਅਰਬ ਤੋਂ ਆਏ ਇਕ 50 ਸਾਲਾ ਸੈਲਾਨੀ ਵਲੋਂ ਸ਼ਿਕਾਇਤ




ਕਰਨ 'ਤੇ ਇਹ ਮਾਮਲਾ ਬੀਤੇ ਬੁੱਧਵਾਰ ਨੂੰ ਰੋਸ਼ਨੀ 'ਚ ਆਇਆ। ਉਸ ਦੇ ਟਰਮੀਨਲ 3 ਦੀ ਬਿਲਡਿੰਗ 'ਚੋਂ ਬਾਹਰ ਨਿਕਲਦਿਆਂ ਹੀ ਚਾਰੋਂ ਉਸ ਨੂੰ ਘੇਰ ਕੇ ਪਾਰਕਿੰਗ ਖੇਤਰ 'ਚ ਲੈ ਗਏ ਅਤੇ ਤਲਾਸ਼ੀ ਲੈਣ ਦੇ ਬਹਾਨੇ ਉਸ ਦੇ ਸਾਮਾਨ 'ਚੋਂ ਸੋਨਾ ਕੱਢ ਕੇ ਉਸ 'ਤੇ ਸਮੱਗਲਿੰਗ ਦਾ ਦੋਸ਼ ਲਾ ਦਿੱਤਾ। ਇਸ ਪਿੱਛੋਂ ਉਕਤ ਸੈਲਾਨੀ ਨੂੰ ਦਵਾਰਕਾ ਸੈਕਟਰ-21 ਦੇ ਮੈਟਰੋ ਸਟੇਸ਼ਨ 'ਤੇ ਲਿਜਾ ਕੇ ਸ਼ੈਤਾਨਾਂ ਨੇ ਉਸ ਦੀ ਨਕਦ ਰਾਸ਼ੀ (ਰਿਆਲ), 2 ਮੋਬਾਈਲ ਫੋਨ, ਪਾਸਪੋਰਟ ਅਤੇ ਹੋਰ ਕੀਮਤੀ ਵਸਤੂਆਂ ਲੈ ਲਈਆਂ। ਪੀੜਤ ਦੀ ਸ਼ਿਕਾਇਤ 'ਤੇ ਜਾਂਚ ਕਰਨ ਪਿੱਛੋਂ ਪੁਲਸ ਨੇ ਜੈਪੁਰ ਤੋਂ ਇਕ ਦੋਸ਼ੀ ਨੂੰ ਗ੍ਰਿਫਤਾਰ ਕਰ ਲਿਆ ਜਿਸ ਪਿੱਛੋਂ ਵੱਖ-ਵੱਖ ਸਥਾਨਾਂ ਤੋਂ 3 ਹੋਰ ਦੋਸ਼ੀਆਂ ਨੂੰ ਵੀ ਗ੍ਰਿਫਤਾਰ ਕੀਤਾ ਗਿਆ। ਉਪਰੋਕਤ ਉਦਾਹਰਣ ਤੋਂ ਸਪੱਸ਼ਟ ਹੈ ਕਿ ਦੇਸ਼ 'ਚ ਜਾਲਸਾਜੀ ਦੀ ਬੁਰਾਈ ਕਿਸ ਕਦਰ ਵਧ ਰਹੀ ਹੈ। ਇਸ ਲਈ ਦੇਸ਼ ਵਿਰੋਧੀ ਤੱਤਾਂ ਵਿਰੁੱਧ ਸਖਤ ਤੋਂ ਸਖਤ ਕਾਰਵਾਈ ਕਰਨ ਦੀ ਲੋੜ ਹੈ ਤਾਂ ਕਿ ਇਨ੍ਹਾਂ ਵਲੋਂ ਝੂਠ ਅਤੇ ਜਾਲਸਾਜੀ ਦਾ ਸਹਾਰਾ ਲੈ ਕੇ ਵਿਦੇਸ਼ਾਂ ਤੋਂ ਆਉਣ ਵਾਲੇ ਸੈਲਾਨੀਆਂ ਨੂੰ ਧੋਖੇ ਨਾਲ ਲੁੱਟਣ 'ਤੇ ਰੋਕ ਲੱਗੇ ਅਤੇ ਦੇਸ਼ ਦੀ ਬਦਨਾਮੀ ਰੁਕੇ।

## ਵਿਦੇਸ਼ ਭੇਜਣ ਦਾ ਝਾਂਸਾ ਦੇ ਕੇ ਕੀਤੀ 13.40 ਲੱਖ ਦੀ ਧੋਖਾਧੜੀ

ਮੋਹਾਲੀ 8 ਅਪ੍ਰੈਲ। ਵਿਦੇਸ਼ ਭੇਜਣ ਦਾ ਝਾਂਸਾ ਦੇ ਕੇ ਹਰਿਆਣਾ ਸਥਿਤ ਅੰਬਾਲਾ ਦੇ ਰਹਿਣ ਵਾਲੇ ਅਭਿਸ਼ੇਕ ਅਤੇ ਉਸ ਦੇ ਹੋਰ ਸਾਥੀਆਂ ਨਾਲ 13 ਲੱਖ 40 ਹਜਾਰ ਰੁਪਏ ਦੀ ਧੋਖਾਧੜੀ ਕਰਨ ਦੇ ਦੋਸ਼ ਵਿਚ ਆਈ. ਟੀ. ਸਿਟੀ ਥਾਣਾ ਪੁਲਸ ਨੇ ਸੈਕਟਰ-82 ਸਥਿਤ ਇਮੀਗ੍ਰੇਸ਼ਨ ਕੰਪਨੀ ਦੇ ਸੰਚਾਲਕ ਗੁਰਦਾਸ ਸਿੰਘ, ਕੁਲਵੀਰ ਸਿੰਘ, ਗੀਤ ਕੌਰ, ਵਿਨੈ ਕੁਮਾਰ, ਇਸ਼ਿਕਾ, ਵਿਕਾਸ, ਮਨਜੋਤ, ਸਰਗੁਨ, ਕਰਨ, ਗੁਰਲੀਨ ਕੌਰ ਐੱਚ.ਐੱਸ. ਸੱਭਰਵਾਲ ਅਤੇ ਹਰਕਿਰਤ ਸਿੰਘ ਖ਼ਿਲਾਫ ਬਣਦੀਆਂ ਅਪਰਾਧਿਕ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਹੈ। ਪੁਲਸ ਨੂੰ ਦਿੱਤੀ ਸ਼ਿਕਾਇਤ ਵਿਚ ਅਭਿਸ਼ੇਕ ਨੇ ਦੱਸਿਆ ਕਿ ਵਿਦੇਸ਼ ਜਾਣ ਲਈ ਉਸ ਨੇ ਉਸ ਦੇ ਹੋਰ ਸਾਥੀਆਂ ਨੇ ਇਮੀਗ੍ਰੇਸ਼ਨ ਕੰਪਨੀ ਦੇ ਉਕਤ ਲੋਕਾਂ ਨਾਲ ਸੰਪਰਕ ਕੀਤਾ ਸੀ। ਜਿਨ੍ਹਾਂ ਨੇ ਵਿਦੇਸ਼ ਭੇਜਣ ਲਈ ਉਨ੍ਹਾਂ ਤੋਂ 13 ਲੱਖ 40 ਹਜਾਰ ਰੁਪਏ ਲਏ ਸਨ। ਪੈਸੇ ਲੈਣ ਤੋਂ ਬਾਅਦ ਨਾ ਤਾਂ ਉਕਤ ਲੋਕਾਂ ਨੇ ਉਨ੍ਹਾਂ ਵਿਦੇਸ਼ ਭੇਜਿਆ ਅਤੇ ਨਾ ਹੀ ਉਨ੍ਹਾਂ ਦੇ ਪੈਸੇ ਵਾਪਸ ਕੀਤੇ। ਇਸ ਤੋਂ ਪਰੇਸ਼ਾਨ ਹੋ ਕੇ ਉਨ੍ਹਾਂ ਨੇ ਸ਼ਿਕਾਇਤ ਪੁਲਸ ਨੂੰ ਦਿੱਤੀ।

## ਪੰਜਾਬ ਦੀਆਂ 17 ਅੰਤਰਰਾਜੀ ਹੱਦਾਂ 'ਤੇ ਪੁਲਸ ਨੇ ਵਧਾਈ ਚੌਕਸੀ, 4 ਸ਼ੱਕੀ ਵਿਅਕਤੀ ਕਾਬੂ

ਬੁਢਲਾਡਾ 8 ਅਪ੍ਰੈਲ। ਪੰਜਾਬ 'ਚ ਲੋਕ ਸਭਾ ਚੋਣਾਂ ਅਤੇ ਹਾੜੀ ਦੇ ਸੀਜਨ ਦੌਰਾਨ ਕਣਕ ਦੀ ਆਮਦ ਨੂੰ ਲੈ ਕੇ ਦੇ ਜ਼ਿਲ੍ਹਾ ਮਾਨਸਾ ਦੇ ਨਾਲ ਲੱਗਦੇ 17 ਅੰਤਰਰਾਜੀ ਬਾਰਡਰਾਂ ਨਾਲ ਜੁੜਦੇ ਇਲਾਕਿਆਂ ਦੀ ਚੈਕਿੰਗ ਕੀਤੀ ਗਈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਐੱਸ. ਐੱਸ. ਪੀ. ਮਾਨਸਾ ਡਾ. ਨਾਨਕ ਸਿੰਘ ਨੇ ਦੱਸਿਆ ਕਿ ਪੰਜਾਬ ਦੇ ਹਰਿਆਣਾ ਹੱਦ ਨਾਲ ਲੱਗਦੇ 10 ਅੰਤਰਰਾਜੀ ਜ਼ਿਲ੍ਹਾ ਨਾਕਿਆਂ ਦੀ ਵਿਸ਼ੇਸ਼ ਚੈਕਿੰਗ ਮੁਹਿੰਮ ਚਲਾਈ ਗਈ। ਇਸ ਦੌਰਾਨ ਪੁਲਸ ਨੇ ਤੇਜ਼ਧਾਰ ਹਥਿਆਰਾਂ ਨਾਲ 4 ਸ਼ੱਕੀ ਵਿਅਕਤੀਆਂ ਨੂੰ ਕਾਬੂ ਕੀਤਾ ਗਿਆ। ਜਿਨ੍ਹਾਂ ਦੀ ਪੁੱਛ-ਗਿੱਛ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਕਣਕ ਦੀ ਆਮਦ ਨੂੰ ਮੁੱਖ ਰੱਖਦਿਆਂ ਪੰਜਾਬ ਸਟੇਟ ਪਾਲਿਸੀ ਤਹਿਤ ਬਾਹਰ ਤੋਂ ਆਉਣ ਵਾਲੀ ਕਣਕ ਉੱਤੇ ਪਾਬੰਦੀ ਲਗਾਈ ਗਈ ਹੈ ਅਤੇ ਚੋਣਾਂ ਨੂੰ ਮੱਦੇਨਜ਼ਰ ਰੱਖਦਿਆਂ ਸ਼ਰਾਬ ਅਤੇ ਹੋਰ ਨਸ਼ੀਲੀਆਂ ਵਸਤੂਆਂ ਨੂੰ ਜ਼ਿਲ੍ਹੇ ਵਿੱਚ ਦਾਖਲ ਨਹੀਂ ਦਿੱਤਾ



ਜਾਵੇਗਾ। ਇਸ ਤੋਂ ਇਲਾਵਾ ਪੰਜਾਬ ਤੋਂ ਆਉਣ ਜਾਣ ਵਾਲੇ ਲੋਕਾਂ ਕੋਲ 50,000 ਤੋਂ ਵੱਧ ਨਕਦ ਰਾਸ਼ੀ ਪਾਏ ਜਾਣ ਉੱਤੇ ਐੱਫ. ਆਈ. ਆਰ. ਦਰਜ ਕੀਤੀ ਜਾ ਸਕਦੀ ਹੈ। ਜੇਕਰ ਕਿਸੇ ਵਿਅਕਤੀ ਕੋਲ 50,000 ਰੁਪਏ ਤੋਂ ਵੱਧ ਕੈਸ਼ ਬਰਾਮਦ ਹੋਵੇ ਤਾਂ ਉਸਨੂੰ ਕਮਾਈ ਦੇ ਸਾਧਨ ਦਾ ਪਰੂਫ਼ ਦੇਣਾ ਪਵੇਗਾ ਅਤੇ 10 ਲੱਖ ਤੋਂ ਵੱਧ ਕੈਸ਼ ਹੋਣ 'ਤੇ ਇਨਕਮ ਟੈਕਸ ਵਿਭਾਗ ਨੂੰ ਇਸ ਦੀ ਸੂਚਨਾ ਦਿੱਤੀ ਜਾਵੇਗੀ। ਉਨ੍ਹਾਂ ਲੋਕਾਂ ਨੂੰ ਵੀ ਸੁਨੇਹਾ ਦਿੱਤਾ ਕਿ ਉਹ ਚੋਣਾਂ ਵਿੱਚ ਸੁਤੰਤਰਤਾ ਨਾਲ ਵੋਟ ਪਾਉਣ ਅਤੇ ਕਿਸੇ ਸ਼ੱਕੀ ਵਸਤੂ ਜਾਂ ਵਿਅਕਤੀ ਪਾਏ ਜਾਣ ਦੀ ਸੂਰਤ ਵਿੱਚ 112 ਨੰਬਰ ਉਤੇ ਸੰਪਰਕ ਕਰਨ ਤਾਂ ਜੋ ਉਸ ਵਿਚ ਕਾਨੂੰਨੀ ਕਾਰਵਾਈ ਕੀਤੀ ਜਾ ਸਕੇ। ਇਸ ਮੌਕੇ ਡੀ. ਐੱਸ. ਪੀ. ਮਨਜੀਤ ਸਿੰਘ ਔਲਖ ਬੁਢਲਾਡਾ ਅਤੇ ਐੱਸ. ਐੱਚ. ਓ. ਬੋਹਾ ਬੁਢਲਾਡਾ ਹਾਜਰ ਸਨ।

# ਅੰਮ੍ਰਿਤਸਰ ਏਅਰਪੋਰਟ 'ਤੇ ਫੜਿਆ ਗਿਆ ਦੋ ਕਿੱਲੋ ਸੋਨਾ

ਅੰਮ੍ਰਿਤਸਰ 8 ਅਪ੍ਰੈਲ। ਕਸਟਮ ਵਿਭਾਗ ਵੱਲੋਂ 13 ਮਾਰਚ ਦੇ ਦਿਨ ਅਰਬ ਦੇਸ਼ ਤੋਂ ਆਈ ਏਅਰ ਇੰਡੀਆ ਐਕਸਪ੍ਰੈੱਸ ਦੇ ਜਹਾਜ 'ਚ ਯਾਤਰੀ ਸੀਟ ਦੇ ਹੇਠਾਂ 1.31 ਕਰੋੜ ਰੁਪਏ ਦੀ ਕੀਮਤ ਦਾ ਦੋ ਕਿਲੋ ਲਾਵਾਰਿਸ ਸੋਨਾ ਫੜਿਆ ਗਿਆ ਜੋ ਸਾਬਿਤ ਕਰਦਾ ਹੈ ਕਿ ਅੱਜ ਵੀ ਐੱਸ.ਜੀ.ਆਰ.ਡੀ. ਇੰਟਰਨੈਸ਼ਨਲ ਏਅਰਪੋਰਟ ਦੇ ਅੰਦਰ ਕੋਈ ਨਾ ਕੋਈ ਅਜਿਹੀ ਕਾਲੀ ਭੇਡ ਜਰੂਰ ਹੈ ਜੋ ਸੋਨਾ ਸਮੱਗਲਰਾਂ ਨਾਲ ਮਿਲੀਭੁਗਤ ਕੀਤੇ ਹੋਏ ਹਨ ਅਤੇ ਦੇਸ਼ ਦੀ ਸੁਰੱਖਿਆ ਨਾਲ ਵੀ ਖਿਲਵਾੜ ਹੋ ਰਿਹਾ ਹੈ। ਸੁਰੱਖਿਆ ਏਜੰਸੀਆਂ ਜਿਸ ਵਿਚ ਮੁੱਖ ਰੂਪ ਨਾਲ ਕਸਟਮ ਵਿਭਾਗ ਦੇ ਸਾਹਮਣੇ ਵੀ ਇਹ ਸਵਾਲ ਖੜ੍ਹਾ ਹੋ ਚੁੱਕਾ ਹੈ ਕਿ ਆਖਿਰਕਾਰ ਇਨ੍ਹਾਂ ਦੋ ਕੇਸਾਂ 'ਚ ਫੜਿਆ ਗਿਆ 1.82 ਕਰੋੜ ਰੁਪਏ ਦੀ ਕੀਮਤ ਦਾ ਸੋਨਾ ਕਿਸ ਨੇ ਰਿਸੀਵ ਕਰਨਾ ਸੀ ਅਤੇ ਕਿਸ ਨੇ ਡਿਲੀਵਰ ਕਰਨਾ ਸੀ। ਇਹ ਵੀ ਮੰਨਿਆ ਜਾ ਰਿਹਾ ਹੈ ਕਿ ਦੋ ਕੇਸ ਜੋ ਫਲਾਈਟ ਦੇ ਅੰਦਰ ਸਨ ਟ੍ਰੇਸ ਪਲੇਨ ਦੇ ਸਟਾਕ ਦੀ ਮਦਦ ਨਾਲ ਟ੍ਰੇਸ ਕਰ ਲਏ ਗਏ ਪਰ ਅਜਿਹੇ ਕੇਸ ਜੋ ਟ੍ਰੇਸ ਹੀ ਨਹੀਂ ਹੋਏ ਉਨ੍ਹਾਂ ਵਿਚ ਕਿਹੜਾ ਅਧਿਕਾਰੀ ਜਾਂ ਕਰਮਚਾਰੀ ਹੈ ਜਿਸ ਦੀ ਸਮੱਗਲਰਾਂ ਨਾਲ ਮਿਲੀਭੁਗਤ ਹੈ। ਇਸ ਗੁੱਥੀ ਨੂੰ ਸੁਲਝਾ ਪਾਉਣਾ ਏਅਰਪੋਰਟ 'ਤੇ ਤਾਇਨਾਤ ਹਰ ਇਕ ਸੁਰੱਖਿਆ ਏਜੰਸੀਆਂ ਲਈ ਇਕ ਵੱਡੀ ਚੁਣੌਤੀ ਹੈ। ਉਂਝ ਤਾਂ ਆਮ ਤੌਰ 'ਤੇ ਜਦੋਂ ਵੀ ਕਿਸੇ ਫਲਾਈਟ ਦੇ ਅੰਦਰੋਂ ਯਾਤਰੀ ਸੀਟ ਦੇ ਹੇਠਾਂ ਜਾਂ ਫਿਰ ਕਿਸੇ ਹੋਰ ਲੋਕੇਸ਼ਨ 'ਤੇ ਲਾਵਾਰਿਸ ਸੋਨਾ ਫੜਿਆ ਜਾਂਦਾ ਹੈ ਤਾਂ ਜੋ ਯਾਤਰੀ ਸੋਨਾ ਲਕੋਏ ਜਾਣ ਵਾਲੀ ਸੀਟ ਦੇ ਉੱਪਰ ਜਾਂ ਆਸ-ਪਾਸ ਬੈਠਿਆ ਹੁੰਦਾ ਹੈ ਉਹੀ ਕਸਟਮ ਵਿਭਾਗ ਦੇ ਰਡਾਰ 'ਚ ਰਹਿੰਦਾ ਹੈ ਅਤੇ ਵਿਭਾਗ ਉਸ 'ਤੇ ਕਸਟਮ ਐਕਟ ਦੇ ਤਹਿਤ ਕਾਨੂੰਨੀ ਕਾਰਵਾਈ ਵੀ ਕਰ ਸਕਦਾ ਹੈ। ਸੋਨੇ ਦੀ ਸਮੱਗਲਿੰਗ 'ਚ ਇਕ ਮਸ਼ਹੂਰ ਸਮੱਗਲਰ ਰਾਜੂ 'ਤੇ ਵੀ ਵਿਭਾਗ ਨੇ ਇਸੇ ਤਰ੍ਹਾਂ ਨਾਲ ਕਾਰਵਾਈ ਕੀਤੀ ਸੀ ਪਰ ਇਹ ਕਾਰਵਾਈ ਇਸ ਲਈ ਹੋ ਸਕੀ ਕਿਉਂਕਿ ਉਹ ਹਿਸਟਰੀਸ਼ੀਟਰ ਸੀ। ਪਰ ਆਮ ਤੌਰ 'ਤੇ ਜ਼ਿਆਦਾਤਰ ਯਾਤਰੀ ਜਦੋਂ ਉਨ੍ਹਾਂ ਦੀ ਸੀਟ ਦੇ ਹੇਠਾਂ ਤੋਂ ਸੋਨਾ ਫੜਿਆ ਜਾਂਦਾ ਹੈ ਤਾਂ ਇਹ ਦਾਅਵਾ ਕਰਦੇ ਹਨ ਕਿ ਉਨ੍ਹਾਂ ਦਾ ਸੋਨੇ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਅਜਿਹੇ 'ਚ ਵਿਭਾਗ ਵੀ ਕੋਈ ਕਾਰਵਾਈ ਨਹੀਂ ਕਰ ਪਾਉਂਦਾ ਹੈ ਕਿਉਂਕਿ ਅਦਾਲਤ 'ਚ ਵਿਭਾਗ ਦਾ ਪੱਖ ਕਮਜੋਰ ਰਹਿੰਦਾ ਹੈ ਜਦੋਂ ਤੱਕ ਵਿਭਾਗ ਰੈੱਡ ਹੈਂਡੇਡ ਕਿਸੇ ਵਿਅਕਤੀ ਨੂੰ ਸੋਨੇ ਨਾਲ ਨਹੀਂ ਫੜਦਾ ਹੈ ਉਦੋਂ ਤੱਕ ਕਸਟਮ ਐਕਟ ਸਖਤੀ ਨਾਲ ਲਾਗੂ ਨਹੀਂ ਹੋ ਪਾਉਂਦਾ ਹੈ। ਐੱਸ.ਜੀ.ਆਰ.ਡੀ. ਏਅਰਪੋਰਟ 'ਤੇ ਸੋਨਾ ਸਮੱਗਲਰਾਂ ਨਾਲ ਮਿਲੀਭੁਗਤ ਕਰਨ ਵਾਲੀਆਂ ਕਾਲੀਆਂ ਭੇਡਾਂ ਦਾ ਇਤਿਹਾਸ ਕਾਫੀ



ਪੁਰਾਣਾ ਹੈ। ਇਥੇ ਤੱਕ ਕਿ ਖੁਦ ਕਸਟਮ ਵਿਭਾਗ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਤੋਂ ਇਲਾਵਾ ਏਅਰਪੋਰਟ ਦੇ ਅਜਿਹੇ ਬ੍ਰਿਜ ਆਪ੍ਰੇਟਰ, ਯਾਤਰੀ ਲੈ ਜਾਣ ਵਾਲਾ ਡਰਾਈਵਰ, ਡਾਗ ਹੈਂਡਲਰ, ਅਥਾਰਿਟੀ ਦਾ ਇਕ ਵੱਡਾ ਅਧਿਕਾਰੀ ਇਕ ਏਅਰਲਾਈਂਸ ਦਾ ਅਧਿਕਾਰੀ ਤੱਕ ਸਮੱਗਲਿੰਗ ਦੇ ਮਾਮਲਿਆਂ 'ਚ ਗ੍ਰਿਫਤਾਰ ਹੋ ਚੁੱਕੇ ਹਨ। ਆਪਣੇ ਹੀ ਕਰਮਚਾਰੀਆਂ ਨੂੰ ਖੁਦ ਕਸਟਮ ਵਿਭਾਗ ਗ੍ਰਿਫਤਾਰ ਕਰ ਚੁੱਕਾ ਹੈ ਜੋ ਸੋਨਾ ਸਮੱਗਲਰਾਂ ਨਾਲ ਮਿਲੀਭੁਗਤ ਕਰ ਕੇ ਕੰਮ ਕਰ ਰਹੇ ਸਨ। ਅਜਿਹੇ ਕਰਮਚਾਰੀਆਂ ਖਿਲਾਫ ਵਿਭਾਗ ਨੇ ਸਖਤ ਐਕਸ਼ਨ ਲਿਆ ਅਤੇ ਨੌਕਰੀ ਤੋਂ ਬਾਹਰ ਕੱਢ ਦਿੱਤਾ, ਇਸ ਦੇ ਬਾਵਜੂਦ ਕਿਸੇ ਨਾ ਕਿਸੇ ਵਿਭਾਗ ਦਾ ਕਰਮਚਾਰੀ ਸਮੱਗਲਰਾਂ ਨਾਲ ਲਿੰਕ ਬਣਾ ਲੈਂਦਾ ਹੈ। ਦੋ ਵੱਖ-ਵੱਖ ਕੇਸਾਂ 'ਚ ਫਲਾਈਟ ਦੇ ਅੰਦਰੋਂ ਸੋਨਾ ਫੜੇ ਜਾਣ ਤੋਂ ਬਾਅਦ 4 ਅਪ੍ਰੈਲ ਦੇ ਦਿਨ ਵੀ ਸ਼ਾਰਜਹਾ ਤੋਂ ਆਏ ਇਕ ਯਾਤਰੀ ਦੇ ਸਾਮਾਨ ਤੋਂ 48 ਲੱਖ ਰੁਪਏ ਦੀ ਕੀਮਤ ਦਾ ਸੋਨਾ ਫੜਿਆ ਗਿਆ। ਇੰਨਾ ਹੀ ਨਹੀਂ ਆਈ.ਸੀ.ਪੀ. ਅਟਾਰੀ ਬਾਰਡਰ 'ਤੇ ਵੀ ਪਾਕਿਸਤਾਨ ਤੋਂ ਆਉਣ ਵਾਲੇ ਯਾਤਰੀਆਂ ਦੀ ਤਲਾਸ਼ੀ ਦੌਰਾਨ ਸੋਨਾ ਫੜਿਆ ਗਿਆ। ਹਾਲਾਂਕਿ, ਇਸ ਦੀ ਮਾਰਕੀਟ ਵੈਲਿਊ ਕੁਝ ਜ਼ਿਆਦਾ ਨਹੀਂ ਸੀ। ਫਲਾਈਟਾਂ ਦੇ ਅੰਦਰ ਯਾਤਰੀ ਸੀਟ ਜਾਂ ਵਾਸ਼ਰੂਮ ਦੇ ਨਾਲ-ਨਾਲ ਐੱਸ.ਜੀ.ਆਰ.ਡੀ. ਏਅਰਪੋਰਟ ਦੇ ਅੰਦਰ ਟਾਇਲਟ ਤੋਂ ਵੀ ਇਕ ਵਾਰ ਕਰੋੜਾਂ ਰੁਪਏ ਦਾ ਲਾਵਾਰਿਸ ਸੋਨਾ ਫੜਿਆ ਗਿਆ ਸੀ ਜਿਸ ਵਿਚ ਅੱਜ ਤੱਕ ਕੋਈ ਸ਼ੱਕੀ ਗ੍ਰਿਫਤਾਰ ਨਹੀਂ ਹੋ ਸਕਿਆ ਹੈ। ਇਸ ਤਰ੍ਹਾਂ ਦੇ ਮਾਮਲਿਆਂ 'ਚ ਪਹਿਲਾਂ ਇਹ ਹਾਲਾਤ ਸਨ ਕਿ ਏਅਰਪੋਰਟ 'ਤੇ ਤਾਇਨਾਤ ਹੀ ਕੁਝ ਸਰਕਾਰੀ ਵਿਭਾਗਾਂ ਵੱਲੋਂ ਕਸਟਮ ਵਿਭਾਗ ਦਾ ਸਹਿਯੋਗ ਨਹੀਂ ਕੀਤਾ ਜਾ ਰਿਹਾ ਸੀ। ਸੋਨੇ ਦੀ ਸਮੱਗਲਿੰਗ ਕਰਨ ਨਾਲੇ ਸਮੱਗਲਰ ਆਏ ਦਿਨ ਕੋਈ ਨਾ ਕੋਈ ਨਵਾਂ ਪੈਂਤਰਾ ਇਸਤੇਮਾਲ ਕਰਦੇ ਰਹਿੰਦੇ ਹਨ। ਜਦੋਂ ਦੇਸ਼ ਦੇ ਸਾਰੇ ਏਅਰਪੋਰਟਸ 'ਤੇ ਸਖਤੀ ਵਧੀ ਤਾਂ ਸਮੱਗਲਰਾਂ ਨੇ ਸਾਲ 2018 ਦੌਰਾਨ ਅਫਗਾਨਿਸਤਾਨ ਤੋਂ ਆਉਣ ਵਾਲੀਆਂ ਸੇਬ ਦੀਆਂ ਪੇਟੀਆਂ 'ਚ 33 ਕਿਲੋ ਸੋਨਾ ਲਕੋ ਕੇ ਭੇਜ ਦਿੱਤਾ ਜਿਸ ਨੂੰ ਕਸਟਮ ਵਿਭਾਗ ਨੇ ਮੁਸਤੈਦੀ ਦਿਖਾਉਂਦੇ ਹੋਏ ਫੜ ਲਿਆ ਸੀ ਅਤੇ ਸਮੱਗਲਰਾਂ ਦੇ ਇਰਾਦਿਆਂ ਨੂੰ ਨਾਕਾਮ ਕਰ ਦਿੱਤਾ ਸੀ। ਸੋਨਾ ਸਮੱਗਲਰ ਆਈ.ਸੀ.ਪੀ. 'ਤੇ ਲੱਗੇ ਖਰਾਬ ਟਰੱਕ ਸਕੈਨਰ ਦਾ ਫਾਇਦਾ ਉਠਾਉਣ ਦਾ ਯਤਨ ਕਰ ਰਹੇ ਸਨ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814
Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਕਪੂਰਥਲਾ ਜਿਲ੍ਹੇ 'ਚ ਵੱਡੇ ਪੱਧਰ 'ਤੇ ਚੈਕਿੰਗ ਮੁਹਿੰਮ, 15 ਥਾਣਾ ਖੇਤਰਾਂ ਦੀ ਪੁਲਸ ਨੇ ਕੀਤੀ ਵਿਸ਼ੇਸ਼ ਨਾਕਾਬੰਦੀ

ਕਪੂਰਥਲਾ 8 ਅਪ੍ਰੈਲ। ਸ਼ਨੀਵਾਰ ਨੂੰ ਪੰਜਾਬ ਪੁਲਸ ਵੱਲੋਂ ਸੂਬੇ ਭਰ 'ਚ ਜਾਰੀ ਕੀਤੇ ਗਏ ਹਾਈ ਅਲਰਟ ਨੂੰ ਵੇਖਦੇ ਹੋਏ ਕਪੂਰਥਲਾ ਪੁਲਸ ਨੇ ਪੂਰੇ ਜ਼ਿਲ੍ਹੇ 'ਚ ਸੁਰੱਖਿਆ ਦੇ ਸਖਤ ਪ੍ਰਬੰਧ ਕੀਤੇ ਹਨ, ਜਿਸ ਦੇ ਤਹਿਤ ਜਿੱਥੇ ਜ਼ਿਲ੍ਹੇ ਦੇ ਸਾਰੇ 15 ਖੇਤਰਾਂ ਦੀ ਪੁਲਸ ਨੂੰ ਸੁਰੱਖਿਆ ਪ੍ਰਬੰਧਾਂ ਨੂੰ ਲੈ ਕੇ ਤਾਇਨਾਤ ਕੀਤਾ ਗਿਆ ਹੈ ਉਥੇ ਹੀ ਜ਼ਿਲ੍ਹੇ ਦੇ ਪ੍ਰਮੁੱਖ ਸੰਵੇਦਨਸ਼ੀਲ ਥਾਵਾ 'ਤੇ ਪੁਲਸ ਨੇ ਵੱਡੇ ਪੱਧਰ 'ਤੇ ਨਾਕਾਬੰਦੀ ਕਰਕੇ ਵੱਡੀ ਗਿਣਤੀ 'ਚ ਵਾਹਨਾਂ ਦੀ ਤਲਾਸ਼ੀ ਲਈ। ਜ਼ਿਕਰਯੋਗ ਹੈ ਕਿ ਸ਼ਨੀਵਾਰ ਨੂੰ ਪੰਜਾਬ ਪੁਲਸ ਨੇ ਅੰਮ੍ਰਿਤਪਾਲ ਸਿੰਘ ਖ਼ਿਲਾਫ ਵੱਡੇ ਪੱਧਰ 'ਤੇ ਕਾਰਵਾਈ ਕੀਤੀ ਹੈ, ਜਿਸ ਦੇ ਤਹਿਤ ਪੰਜਾਬ ਭਰ 'ਚ ਸੁਰੱਖਿਆ ਸਬੰਧੀ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਗਏ ਸਨ, ਜਿਸ ਨੂੰ ਲੈ ਕੇ ਐੱਸ. ਐੱਸ. ਪੀ. ਕਪੂਰਥਲਾ ਰਾਜਪਾਲ ਸਿੰਘ ਸੰਧੂ ਦੇ ਹੁਕਮਾਂ 'ਤੇ ਕਪੂਰਥਲਾ ਪੁਲਸ ਨੇ ਜ਼ਿਲ੍ਹੇ ਦੇ ਸਾਰੇ 15 ਥਾਣਾ ਖੇਤਰਾਂ 'ਚ ਵੱਡੇ ਪੱਧਰ 'ਤੇ ਚੈਕਿੰਗ ਮੁਹਿੰਮ ਸ਼ੁਰੂ ਕੀਤੀ। ਇਸ ਮੌਕੇ ਰਾਸ਼ਟਰੀ ਰਾਜ ਮਾਰਗਾਂ ਅਤੇ ਪ੍ਰਮੁੱਖ ਹਾਈਵੇਜ 'ਤੇ ਪੁਲਸ ਟੀਮਾਂ ਨੇ ਨਾਕਾਬੰਦੀ ਕਰਕੇ ਆਉਣ-ਜਾਣ ਵਾਲੇ ਵਾਹਨਾਂ ਦੀ ਵੱਡੇ ਪੱਧਰ 'ਤੇ ਚੈਕਿੰਗ ਕੀਤੀ ਅਤੇ ਵਾਹਨ ਸਵਾਰਾਂ ਦੇ ਨਾਂ ਤੇ ਪਤੇ ਨੋਟ ਕੀਤੇ ਗਏ। ਡੀ. ਐੱਸ. ਪੀ. ਸਬ-ਡਿਵੀਜਨ ਮਨਿੰਦਰਪਾਲ ਸਿੰਘ ਨੇ ਕਪੂਰਥਲਾ ਸਬ-ਡਿਵੀਜਨ ਦੇ ਤਿੰਨਾਂ ਥਾਣਾ ਖੇਤਰਾਂ ਥਾਣਾ ਸਿਟੀ, ਥਾਣਾ ਸਦਰ ਅਤੇ ਥਾਣਾ ਕੋਤਵਾਲੀ ਦੀਆਂ ਪੁਲਸ ਟੀਮਾਂ ਨੂੰ ਨਾਲ ਲੈ ਕੇ ਮਾਲ ਰੋਡ, ਸੈਨਿਕ ਸਕੂਲ ਖੇਤਰ, ਫੱਤੂਢੀਂਗਾ ਚੁੰਗੀ, ਜਲੰਧਰ ਰੋਡ ਅਤੇ ਕਈ ਪ੍ਰਮੁੱਖ ਸੰਵੇਦਨਸ਼ੀਲ ਥਾਵਾਂ 'ਤੇ ਕਈ ਘੰਟਿਆਂ ਤੱਕ ਨਾਕਾਬੰਦੀ ਕਰਕੇ ਵਾਹਨਾਂ ਦੀ ਚੈਕਿੰਗ ਕੀਤੀ। ਇਸ ਦੌਰਾਨ ਬੱਸ ਸਟੈਂਡ ਤੇ ਰੇਲਵੇ ਸਟੇਸ਼ਨ 'ਤੇ ਵਿਸ਼ੇਸ਼ ਨਜਰ ਰੱਖੀ ਗਈ। ਇਸ ਮੌਕੇ ਡੀ. ਐੱਸ. ਪੀ. ਮਨਿੰਦਰਪਾਲ ਸਿੰਘ ਦੇ ਨਾਲ ਐੱਸ. ਐੱਚ. ਓ. ਸਿਟੀ ਕ੍ਰਿਪਾਲ ਸਿੰਘ, ਐੱਸ. ਐੱਚ. ਓ. ਕੋਤਵਾਲੀ ਹਰਜੀਤ ਸਿੰਘ, ਥਾਣਾ ਸਦਰ ਕਪੂਰਥਲਾ ਦੇ ਐੱਸ. ਐੱਚ. ਓ. ਇੰਸਪੈਕਟਰ ਸੋਨਮਦੀਪ ਕੌਰ ਅਤੇ ਪੀ. ਸੀ. ਆਰ ਇੰਚਾਰਜ ਦਰਸ਼ਨ ਸਿੰਘ ਆਦਿ ਵੀ ਹਾਜਰ ਸਨ।



# ਸੋਸ਼ਲ ਮੀਡੀਆ 'ਤੇ ਅਸ਼ਲੀਲ ਵੀਡੀਓਜ ਭੇਜਣ ਵਾਲੇ ਸਾਵਧਾਨ ! ਲੁਧਿਆਣਾ ਦੇ ਵਿਅਕਤੀ ਨੂੰ ਹੋਈ 3 ਸਾਲ ਦੀ ਕੈਦ

ਚੰਡੀਗੜ੍ਹ/ਲੁਧਿਆਣਾ 8 ਅਪ੍ਰੈਲ। ਮਾਣਯੋਗ ਜ਼ਿਲ੍ਹਾ ਅਤੇ ਸੈਸ਼ਨ ਅਦਾਲਤ ਐੱਸ.ਏ.ਐੱਸ.ਨਗਰ ਨੇ ਲੁਧਿਆਣਾ ਦੇ ਇਕ ਵਿਅਕਤੀ ਨੂੰ ਫੇਸਬੁੱਕ ਮੈਸੇਂਜਰ ਰਾਹੀਂ ਬਾਲ ਅਸ਼ਲੀਲ ਸਮੱਗਰੀ ਪ੍ਰਸਾਰਿਤ ਕਰਨ ਦੇ ਦੋਸ਼ ਵਿਚ ਤਿੰਨ ਸਾਲ ਦੀ ਸਖ਼ਤ ਕੈਦ ਦੀ ਸਜ਼ਾ ਸੁਣਾਈ ਹੈ ਅਤੇ ਨਾਲ ਹੀ 10000 ਰੁਪਏ ਦਾ ਜ਼ੁਰਮਾਨਾ ਵੀ ਲਗਾਇਆ ਹੈ। ਮੁਲਜ਼ਮ ਦੀ ਪਛਾਣ ਲੁਧਿਆਣਾ ਦੇ ਪਿੰਡ ਸਾਹਨੇਵਾਲ ਦੇ ਰਹਿਣ ਵਾਲੇ ਅਨੁਜ ਕੁਮਾਰ ਵਜੋਂ ਹੋਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ, ਨੈਸ਼ਨਲ ਸੈਂਟਰ ਫਾਰ ਮਿਸਿੰਗ ਐਂਡ ਐਕਸਪਲੋਇਟਿਡ ਚਿਲਡਰਨ (ਐੱਨ.ਸੀ.ਐੱਮ.ਈ.ਸੀ.) ਤੋਂ ਨੈਸ਼ਨਲ ਸਾਈਬਰ ਕ੍ਰਾਈਮ ਰਿਪੋਰਟਿੰਗ ਪੋਰਟਲ (ਐੱਨ.ਸੀ.ਆਰ.ਪੀ.) 'ਤੇ ਪ੍ਰਾਪਤ ਬਾਲ ਅਸ਼ਲੀਲ ਸਮੱਗਰੀ ਦੇ ਪ੍ਰਸਾਰਣ ਸੰਬੰਧੀ ਮਿਲੀ ਸਾਈਬਰ ਸੂਹ ਤੋਂ ਬਾਅਦ, ਪੰਜਾਬ ਰਾਜ ਸਾਈਬਰ ਕ੍ਰਾਈਮ ਸੈੱਲ ਦੀ ਇਕਾਈ ਔਰਤਾਂ ਅਤੇ ਬੱਚਿਆਂ ਦੇ ਵਿਰੁੱਧ ਸਾਈਬਰ ਅਪਰਾਧ ਰੋਕਥਾਮ (ਸੀ.ਸੀ.ਪੀ.ਡਬਲਿਊ.ਸੀ.) ਨੇ, ਮਾਮਲੇ ਦੀ ਜਾਂਚ ਸ਼ੁਰੂ ਕੀਤੀ , ਜਿਸ ਤੋਂ ਪਤਾ ਲੱਗਾ ਹੈ ਕਿ ਸ਼ੱਕੀ ਵਿਅਕਤੀ ਨੇ 27-11-2020 ਨੂੰ ਫੇਸਬੁੱਕ ਮੈਸੇਂਜਰ ਰਾਹੀਂ ਬਾਲ ਅਸ਼ਲੀਲ ਵੀਡੀਓ ਕਲਿੱਪ ਪ੍ਰਸਾਰਿਤ ਕੀਤੀ ਸੀ। ਇਸ ਤੋਂ ਬਾਅਦ, ਬਾਲ ਅਸ਼ਲੀਲ ਸਮੱਗਰੀ ਨੂੰ ਅਪਲੋਡ/ਪ੍ਰਸਾਰਿਤ ਕਰਨ ਲਈ ਪੁਲਸ ਸਟੇਸ਼ਨ ਸਟੇਟ ਸਾਈਬਰ ਕ੍ਰਾਈਮ, ਪੰਜਾਬ ਵਿਖੇ ਆਈ.ਟੀ. ਐਕਟ ਦੀ ਧਾਰਾ 67-ਬੀ ਤਹਿਤ ਕੇਸ ਐਫਆਈਆਰ ਨੰਬਰ 18 ਮਿਤੀ 18.09.2021 ਦਰਜ ਕੀਤਾ ਗਿਆ ਸੀ। ਇਸ ਸਬੰਧ ਵਿਚ ਕੀਤੀ ਜਾਂਚ ਦੌਰਾਨ, ਵੱਖ-ਵੱਖ ਇੰਟਰਨੈਟ ਸੇਵਾ ਪ੍ਰਦਾਤਾਵਾਂ ਅਤੇ ਸੋਸ਼ਲ ਮੀਡੀਆ ਪਲੇਟਫਾਰਮਾਂ ਤੋਂ ਆਈ.ਪੀ. ਐਡਰੈੱਸ ਸਮੇਤ ਤਕਨੀਕੀ ਵੇਰਵੇ ਮੰਗੇ ਗਏ ਸਨ, ਤਾਂ ਜੋ ਦੋਸ਼ੀ ਦੀ ਪਛਾਣ ਕੀਤੀ ਜਾ ਸਕੇ। ਦੋਸ਼ੀ ਨੂੰ 13 ਜਨਵਰੀ, 2022 ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ, ਅਤੇ ਉਸ ਦੇ ਕਬਜ਼ੇ ਵਿਚੋਂ ਅਪਰਾਧ ਕਰਨ ਲਈ ਵਰਤਿਆ ਗਿਆ ਮੋਬਾਈਲ ਫੋਨ ਵੀ ਬਰਾਮਦ ਕੀਤਾ ਗਿਆ ਸੀ। ਡੀ.ਆਈ.ਜੀ. ਸਾਈਬਰ ਕ੍ਰਾਈਮ ਨੀਲਾਂਬਰੀ ਜਗਦਲੇ ਨੇ ਦੱਸਿਆ ਕਿ ਇਲੈਕਟ੍ਰਾਨਿਕ ਰੂਪ ਵਿਚ ਕਿਸੇ ਵੀ ਸਮੱਗਰੀ ਨੂੰ ਪ੍ਰਕਾਸ਼ਿਤ ਜਾਂ ਪ੍ਰਦਰਸ਼ਿਤ ਕਰਨਾ ਜਿਸ ਵਿਚ ਬੱਚਿਆਂ ਨੂੰ ਅਸ਼ਲੀਲ ਹਰਕਤਾਂ ਜਾਂ ਵਿਵਹਾਰ ਵਿਚ ਸ਼ਾਮਲ ਦਿਖਾਇਆ ਗਿਆ ਹੋਵੇ ਜਾਂ ਇਤਰਾਜ਼ਯੋਗ ਟੈਕਸਟ ਜਾਂ ਡਿਜੀਟਲ ਚਿੱਤਰ ਬਣਾਏ ਗਏ ਹੋਣ, ਅਜਿਹੀ ਕਿਸੇ ਵੀ ਸਮੱਗਰੀ ਨੂੰ ਇਕੱਤਰ ਕਰਨਾ, ਖੋਜਣਾ, ਬ੍ਰਾਊਜ਼ ਕਰਨਾ, ਡਾਊਨਲੋਡ ਕਰਨਾ, ਇਸ਼ਤਿਹਾਰ ਦੇਣਾ, ਪ੍ਰਚਾਰ ਕਰਨਾ, ਅਦਾਨ-ਪ੍ਰਦਾਨ ਜਾਂ ਵੰਡਣਾ,ਜਿਸ ਵਿਚ ਇਲੈਕਟ੍ਰਾਨਿਕ ਰੂਪ ਵਿਚ ਬੱਚਿਆਂ ਦੇ ਨਿੱਜਤਾ ਅਤੇ ਜਿਨਸੀ ਸ਼ੋਸ਼ਣ ਹੋਵੇ, ਨੂੰ ਦਰਸਾਉਣਾ ਇਕ ਸਜ਼ਾਯੋਗ ਕਾਰਵਾਈ ਹੈ ਜਿਸ ਵਿਚ ਪੰਜ ਸਾਲ ਤਕ ਦੀ ਕੈਦ ਅਤੇ ਜੁਰਮਾਨੇ ਦੀ ਵਿਵਸਥਾ ਹੈ, ਜੋ 10 ਲੱਖ ਰੁਪਏ ਤੱਕ ਹੋ ਸਕਦਾ ਹੈ। ਉਨ੍ਹਾਂ ਮਾਪਿਆਂ ਨੂੰ ਆਪਣੇ ਬੱਚਿਆਂ ਨਾਲ ਉਨ੍ਹਾਂ ਦੀਆਂ ਆਨਲਾਈਨ ਗਤੀਵਿਧੀਆਂ ਬਾਰੇ ਖੁੱਲ੍ਹ ਕੇ ਗੱਲ ਕਰਨ, ਬੱਚਿਆਂ ਨੂੰ ਆਪਦੀ ਨਿਗਰਾਨੀ ਹੇਠ ਸਕ੍ਰੀਨਾਂ ਅਤੇ ਡਿਵਾਈਸਾਂ ਦੀ ਵਰਤੋਂ ਕਰਨ ਦੀ ਇਜਾਜ਼ਤ ਦੇਣ, ਬੱਚਿਆਂ ਦੇ ਆਨਲਾਈਨ ਦੋਸਤਾਂ 'ਤੇ ਅੱਖ ਰੱਖਣ ਅਤੇ ਬੱਚਿਆਂ ਨੂੰ ਉਨ੍ਹਾਂ ਦੀ ਨਿੱਜਤਾ ਗੁਪਤ ਰੱਖਣਾ ਸਿਖਾਉਣ ਲਈ ਕਿਹਾ। ਜ਼ਿਕਰਯੋਗ ਹੈ ਕਿ ਸੀ.ਸੀ.ਪੀ.ਡਬਲਯੂ.ਸੀ. ਔਰਤਾਂ ਅਤੇ ਬੱਚਿਆਂ ਵਿਰੁੱਧ ਸਾਈਬਰ ਅਪਰਾਧਾਂ ਨੂੰ ਰੋਕਣ ਅਤੇ ਨਜਿੱਠਣ ਲਈ ਸਥਾਪਿਤ ਕੀਤੀ ਗਈ ਇਕ ਵਿਸ਼ੇਸ਼ ਇਕਾਈ ਹੈ।

## ਸੰਗਰੂਰ 'ਚ ਚਿੱਟੇ ਦਿਨ ਲੁਟੇਰਿਆਂ ਦੀ ਦਹਿਸ਼ਤ, ਚਾਕੂ ਦੀ ਨੋਕ 'ਤੇ ਔਰਤ ਨੂੰ ਬੰਧਕ ਬਣਾ ਲੁੱਟੇ 80 ਹਜਾਰ ਰੁਪਏ

ਸੁਨਾਮ, ਊਧਮ ਸਿੰਘ ਵਾਲਾ 12 ਅਕਤੂਬਰ। ਸੁਨਾਮ ਸਹਿਰ ਦੇ ਸੰਘਣੀ ਆਬਾਦੀ ਵਾਲੇ ਇਲਾਕੇ 'ਚ ਨਕਾਬਪੋਸ ਲੁਟੇਰਿਆਂ ਨੇ ਇਕ ਘਰ 'ਚ ਦਾਖਲ ਹੋ ਕੇ ਚਾਕੂ ਦੀ ਨੋਕ 'ਤੇ 80 ਹਜਾਰ ਰੁਪਏ ਲੁੱਟ ਕੇ ਫਰਾਰ ਹੋ ਗਏ। ਘਟਨਾ ਦੌਰਾਨ ਔਰਤ ਦੇ ਸੱਟਾਂ ਲੱਗੀਆਂ ਹਨ ਅਤੇ ਉਸਨੂੰ ਇਲਾਜ ਲਈ ਨਿੱਜੀ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਹੈ। ਵਾਰਦਾਤ ਨੂੰ ਅੰਜਾਮ ਦੇਣ ਤੋਂ ਪਹਿਲਾਂ ਦੋ ਨਕਾਬਪੋਸ ਲੁਟੇਰੇ ਬੇਖੌਫ ਹੋ ਕੇ ਘਰ 'ਚ ਦਾਖਲ ਹੋਏ। ਹਸਪਤਾਲ 'ਚ ਜੇਰੇ ਇਲਾਜ ਪੀੜਤ ਲਕਸਮੀ ਦੇਵੀ (45) ਨੇ ਦੱਸਿਆ ਕਿ ਉਹ ਬੁੱਧਵਾਰ ਸਵੇਰੇ ਕਰੀਬ 8.30 ਵਜੇ ਰਸੋਈ 'ਚ ਕੰਮ ਕਰ ਰਹੀ ਸੀ। ਉਸਦਾ ਪਤੀ ਵਿਨੋਦ ਕੁਮਾਰ ਅਤੇ ਪੁੱਤਰ ਫੈਕਟਰੀ ਗਏ ਹੋਏ ਸਨ। ਉਨ੍ਹਾਂ ਦੱਸਿਆ ਕਿ ਘਰ ਦਾ ਮੇਨ ਗੇਟ ਖੋਲ੍ਹਣ ਦੀ ਆਵਾਜ ਆਈ, ਜਿਵੇਂ ਹੀ ਉਹ ਰਸੋਈ 'ਚੋਂ ਬਾਹਰ ਨਿਕਲ ਕੇ ਗੇਟ ਵੱਲ ਜਾਣ ਲੱਗੀ ਤਾਂ ਦੋ ਨਕਾਬਪੋਸ ਵਿਅਕਤੀ ਘਰ 'ਚ ਦਾਖਲ ਹੋਏ ਅਤੇ ਉਸਨੂੰ ਫੜ ਕੇ ਉਸਦਾ ਮੂੰਹ ਕੱਪੜੇ ਨਾਲ ਬੰਨ੍ਹ ਲਿਆ ਅਤੇ ਫਿਰ ਉਸਦੀਆਂ ਬਾਹਾਂ 'ਚ ਰੱਸੀਆਂ ਪਾ ਕੇ ਕੁਰਸੀ ਨਾਲ ਬੰਨ੍ਹ ਦਿੱਤਾ। ਰੌਲਾ ਪਾਉਣ 'ਤੇ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ। ਕਰੀਬ ਅੱਠ-ਦਸ ਮਿੰਟ ਤੱਕ ਘਰ ਦੀ ਤਲਾਸੀ ਲੈਂਦੇ ਰਹੇ ਅਤੇ ਅਲਮਾਰੀ 'ਚ ਰੱਖੇ 80 ਹਜਾਰ ਰੁਪਏ ਲੁੱਟ ਕੇ ਫਰਾਰ ਹੋ ਗਏ। ਪੀੜਤ ਲਕਸਮੀ ਦੇਵੀ ਨੇ ਦੱਸਿਆ ਕਿ ਉਸਦੇ ਹੱਥਾਂ 'ਚ ਪਈਆਂ ਚਾਂਦੀ ਦੀਆਂ ਚੂੜੀਆਂ ਲੁੱਟਣ ਦੀ ਕੋਸ਼ਿਸ ਕੀਤੀ ਗਈ ਪਰ ਲੁਟੇਰੇ ਇਸ 'ਚ ਕਾਮਯਾਬ ਨਹੀਂ ਹੋ ਸਕੇ। ਹਾਲਾਂਕਿ ਉਸ ਦੀ ਬਾਂਹ 'ਤੇ ਸੱਟਾਂ ਹਨ। ਲੁਟੇਰਿਆਂ ਦੇ ਜਾਣ ਤੋਂ ਬਾਅਦ ਪੀੜਤਾ ਨੇ ਕਿਸੇ ਤਰ੍ਹਾਂ ਰੱਸੇ ਤੋਂ ਛੁਡਵਾ ਕੇ ਆਪਣੇ ਪਤੀ ਨੂੰ ਬੁਲਾਇਆ। ਉਸਦੇ ਪਤੀ ਵਿਨੋਦ ਕੁਮਾਰ ਨੇ ਘਰ ਪਹੁੰਚ ਕੇ ਜਖਮੀ ਪਤਨੀ ਨੂੰ ਸੰਭਾਲਿਆ। ਇਲਾਜ ਲਈ ਨਿੱਜੀ ਹਸਪਤਾਲ 'ਚ ਦਾਖਲ ਕਰਵਾਇਆ। ਘਟਨਾ ਕਾਰਨ ਇਲਾਕੇ 'ਚ ਦਹਿਸਤ ਫੈਲ ਗਈ ਹੈ। ਐੱਸ. ਐੱਚ. ਓ. ਅਜੇ ਕੁਮਾਰ ਨੇ ਦੱਸਿਆ ਕਿ ਘਟਨਾ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ। ਸਬੰਧਤ ਖੇਤਰ ਦੇ ਸੀ. ਸੀ. ਟੀ. ਵੀ. ਦੀ ਫੁਟੇਜ ਦੀ ਜਾਂਚ ਕੀਤੀ ਜਾ ਰਹੀ ਹੈ।

# 3 ਪੇਜ ਦਾ ਲਗਭਗ ਸੁਸਾਈਡ ਨੋਟ ਲਿਖ 11ਵੀਂ ਦੀ ਵਿਦਿਆਰਥਣ ਘਰੋਂ ਭੱਜੀ

ਲੁਧਿਆਣਾ 8 ਅਪ੍ਰੈਲ। ਥਾਣਾ ਜਮਾਲਪੁਰ ਦੇ ਖੇਤਰ ਗੁਰੂ ਰਾਮ ਦਾਸ ਕਾਲੋਨੀ ਤਾਜਪੁਰ ਇਲਾਕੇ ਵਿਚ ਇਕ 11ਵੀਂ ਦੀ ਵਿਦਿਆਰਥਣ ਨੂੰ ਦੋ ਨੌਜਵਾਨਾਂ ਵੱਲੋਂ ਫੋਟੋ ਅਤੇ ਵੀਡੀਓ ਵਾਇਰਲ ਕਰਨ ਦੀਆਂ ਧਮਕੀਆਂ ਦੇ ਕੇ ਬਲੈਕਮੇਲ ਕਰ ਕੇ ਪੈਸੇ ਮੰਗਣ ਦਾ ਮਾਮਲਾ ਸਾਹਮਣੇ ਆਇਆ ਹੈ। ਜਿਸ ਤੋਂ ਬਾਅਦ ਵਿਦਿਆਰਥਣ ਨੇ ਇਨ੍ਹਾਂ ਤੋਂ ਤੰਗ ਆ ਕੇ ਖੁਦਕੁਸ਼ੀ ਕਰਨ ਲਈ ਮਜਬੂਰ ਕਰਨ ਦੀ ਸਾਰੀ ਸੱਚਾਈ ਇਕ ਨੋਟ ਵਿਚ ਲਿਖ ਦਿਤੀ, ਜਿਸ ਦੇ ਬਾਅਦ ਵਿਦਿਆਰਥਣ ਦੇ ਰਿਸ਼ਤੇਦਾਰਾਂ ਨੇ ਘਰੋਂ ਕਿਧਰੇ ਜਾਣ ਦੀ ਸ਼ਿਕਾਇਤ ਪੁਲਸ ਕੋਲ ਦਰਜ ਕਰਵਾਈ ਪਰ ਹੁਣ ਤੱਕ ਪੁਲਸ ਵਿਦਿਆਰਥਣ ਨੂੰ ਬਰਾਮਦ ਨਹੀਂ ਕਰ ਸਕੀ ਹੈ। ਮੇਰੀ ਖੁਦਕੁਸ਼ੀ ਦਾ ਕਾਰਨ ਰੋਹਿਤ ਅਤੇ ਸੰਜੀਵ ਹਨ, ਰੋਹਿਤ ਉਹ ਹੈ ਜਿਸ ਨੂੰ ਮੈਂ ਪਿਆਰ ਕਰਦੀ ਸੀ, ਜਿਸ ਦੇ ਨਾਲ ਮੇਰੀਆਂ ਤਿੰਨ ਚਾਰ ਫੋਟੋਆਂ ਹਨ। ਇਹ ਫੋਟੋ ਸੰਜੀਵ ਨੇ ਦੇਖ ਲਈਆਂ ਅਤੇ ਚੋਰੀ ਛੁਪੇ ਆਪਣੇ ਮੋਬਾਇਲ ਵਿਚ ਲੈ ਲਈਆਂ ਅਤੇ ਰੋਹਿਤ ਨੂੰ ਬਲੈਕਮੇਲ ਕਰ ਕੇ ਪੈਸੇ ਮੰਗਣ ਲੱਗਾ ਕਿ ਜੇਕਰ ਉਸ ਨੇ ਪੈਸੇ ਨਹੀਂ ਦਿੱਤੇ ਤਾਂ ਫੋਟੋ ਇੰਸਟਾਗ੍ਰਾਮ ਫੇਸਬੁਕ 'ਤੇ ਪਾ ਦੇਵੇਗਾ। ਰੋਹਿਤ ਨੇ ਬਦਨਾਮੀ ਦੇ ਡਰ ਨਾਲ ਉਸਨੂੰ ਪੈਸੇ ਦਿੱਤੇ। ਫਿਰ ਵੀ ਸੰਜੀਵ ਨੇ ਫੋਟੋ ਡਿਲੀਟ ਨਹੀਂ ਕੀਤੀਆਂ। ਇਕ ਦਿਨ ਰੋਹਿਤ ਦਾ ਮੈਸੇਜ ਆਇਆ ਕਿ ਸੰਜੀਵ ਨੇ ਸਾਡੀਆਂ ਫੋਟੋ ਇਕ



ਸਾਥ ਭੇਜੀਆਂ ਹਨ ਤੇ ਕਿਹਾ ਜੇਕਰ ਮੇਰੀ ਗੱਲ ਨਾ ਮੰਨੀ ਤਾਂ ਮੇਰੀ ਮੰਮੀ ਅਤੇ ਸੋਸ਼ਲ ਸਾਈਟਾਂ 'ਤੇ ਪਾ ਦੇਵੇਗਾ। ਮੈਂ ਉਸਦੀ ਗੱਲ ਮੰਨ ਲਈ ਅਤੇ ਜਿਵੇਂ ਉਸ ਨੇ ਕਿਹਾ ਕਿ ਉਸੇ ਤਰ੍ਹਾਂ ਕੀਤਾ, ਜਿਸ ਦੀ ਉਸ ਨੇ ਵੀਡੀਓ ਬਣਾ ਲਈ। ਵਿਦਿਆਰਥਣ ਨੇ ਇਹ ਵੀ ਲਿਖਿਆ ਹੈ ਕਿ ਮੇਰਾ ਫੋਨ ਕੇਵਲ ਲੇਡੀਜ ਮੁਲਾਜ਼ਮ ਨੂੰ ਦਿਖਾਇਆ ਜਾਵੇ ਇਸ ਵਿਚ ਮੇਰੀ ਚੋਰੀ ਨਾਲ ਵੀਡੀਓ ਬਣਾਈ ਗਈ ਹੈ। ਸੰਜੀਵ ਮੇਰੇ ਨਾਮ ਦੀ ਫਰਜ਼ੀ ਆਈ ਬਣਾ ਕੇ ਦੋਸਤਾਂ ਨੂੰ ਗੰਦੇ ਮੈਸੇਜ ਭੇਜਦਾ ਸੀ ਅਤੇ ਮੈਨੂੰ ਡਰਾਵੁੰਦਾ ਸੀ ਕਿ ਤੇਰੇ ਗੁਆਂਢੀਆਂ ਨੂੰ ਤੇਰੀ ਵੀਡੀਓ ਭੇਜਾਂਗਾ। ਲੜਕੀ ਨੇ ਸੁਸਾਈਡ ਨੋਟ ਵਿਚ ਕਿਹਾ ਕਿ ਮੇਰਾ ਫੋਨ ਸਿਰਫ ਲੇਡੀ ਮੁਲਾਜ਼ਮ ਨੂੰ ਦਿਖਾਇਆ ਜਾਵੇ ਕਿਉਂਕਿ ਮੇਰੀਆਂ ਅਪੱਤੀਜਨਕ ਫੋਟੋ ਫੋਨ 'ਚ ਹਨ। ਵਿਦਿਆਰਥਣ ਨੇ ਲਿਖਿਆ ਕਿ 11ਵੀਂ ਕਲਾਸ ਦੀ ਵਿਦਿਆਰਥਣ ਹੈ ਉਸਦੇ ਪੇਪਰ ਚੱਲ ਰਹੇ ਹਨ ਪਰ ਟੈਂਸ਼ਨ ਦੀ ਵਜ੍ਹਾ ਨਾਲ ਪੇਪਰ ਨਹੀਂ ਦੇ ਪਾ ਰਹੀ ਕਿਉਂਕਿ ਡਰ ਲੱਗਦਾ ਹੈ ਕਿ ਰੋਹਿਤ ਅਤੇ ਸੰਜੀਵ ਦੋਵੇਂ ਮਿਲ ਕੇ ਕਿਤੇ ਵੀਡੀਓ ਅਤੇ ਫੋਟੋ ਮੇਰੇ ਮਾਤਾ ਪਿਤਾ ਨੂੰ ਨਾ ਦਿਖਾ ਦੇਣ। ਜਿਸ ਤੋਂ ਤੰਗ ਆ ਕੇ ਗੰਦੇ ਨਾਲੇ ਵਿਚ ਸੁਸਾਈਟ ਕਰਨ ਦੀ ਗੱਲ ਲਿਖੀ ਹੈ। ਲੜਕੀ ਦੇ ਮਾਤਾ ਪਿਤਾ ਦੇ ਮੁਤਾਬਕ ਸੀ. ਸੀ. ਟੀ. ਵੀ ਵਿਚ ਲਗਭਗ ਰਾਤ ਦੇ 2 ਵਜੇ ਉਹ ਗੰਦੇ ਨਾਲੇ ਦੀ ਪੁਲੀ ਤੱਕ ਜਾਂਦੀ ਮਿਲੀ ਪਰ ਉਸਦੇ ਬਾਅਦ ਉਹ ਉਥੇ ਨਹੀਂ ਸੀ ਉਨਾਂ ਨੂੰ ਸ਼ੱਕ ਹੈ ਕਿ ਕਿਤੇ ਉਸਨੇ ਗੰਦੇ ਨਾਲੇ ਛਾਲ ਨਾ ਮਾਰ ਦਿਤੀ ਹੋਵੇ ਇਸ ਸਬੰਧੀ ਪੁਲਸ ਨੂੰ ਵੀ ਕਿਹਾ ਗਿਆ ਸੀ ਪਰ ਪੁਲਸ ਨੇ ਕੋਈ ਕਾਰਵਾਈ ਨਹੀਂ ਕੀਤੀ। ਮਾਮਲੇ ਸਬੰਧੀ ਥਾਣਾ ਜਮਾਲਪੁਰ ਵਿਚ ਗੱਲ ਕਰਨ 'ਤੇ ਪਤਾ ਲੱਗਾ ਕਿ ਮੁਲਜ਼ਮਾਂ ਨੂੰ ਗ੍ਰਿਫਤਾਰ ਕਰ ਲਿਆ ਹੈ।

# ਪੈਰੋਲ ਤੋਂ ਬਾਅਦ ਵਾਪਸ ਜੇਲ੍ਹ ਗਏ ਕੈਦੀ ਦੀ ਜੁੱਤੀ 'ਚੋਂ ਮਿਲੀ ਹੈਰੋਇਨ ਤੇ ਗਾਂਜਾ

ਚੰਡੀਗੜ੍ਹ 8 ਅਪ੍ਰੈਲ। ਪੈਰੋਲ ਤੋਂ ਬਾਅਦ ਬੁੜੈਲ ਜੇਲ੍ਹ ਪਰਤੇ ਐੱਨ. ਡੀ. ਪੀ. ਐੱਸ. ਕੇਸ 'ਚ ਸਜ਼ਾ ਕੱਟ ਰਹੇ ਕੈਦੀ ਦੀ ਜੁੱਤੀ 'ਚੋਂ ਹੈਰੋਇਨ ਅਤੇ ਗਾਂਜਾ ਬਰਾਮਦ ਹੋਇਆ। ਜੇਲ੍ਹ ਸਟਾਫ ਨੇ ਨਸ਼ੇ ਵਾਲਾ ਪਦਾਰਥ ਜ਼ਬਤ ਕਰ ਕੇ ਪੁਲਸ ਅਤੇ ਜੇਲ੍ਹ ਪ੍ਰਸ਼ਾਸਨ ਨੂੰ ਸੂਚਨਾ ਦਿੱਤੀ। ਐਡੀਸ਼ਨਲ ਸੁਪਰੀਡੈਂਟ ਜੇਲ੍ਹ ਅਮਨਦੀਪ ਸਿੰਘ ਦੀ ਸ਼ਿਕਾਇਤ 'ਤੇ ਸੈਕਟਰ-49 ਥਾਣਾ ਪੁਲਸ ਨੇ ਮਲੋਆ ਸਥਿਤ ਸਮਾਲ ਫਲੈਟਸ ਨਿਵਾਸੀ ਵਿਕਰਮ ਉਰਫ ਮੁੰਬਈ ਖ਼ਿਲਾਫ ਐੱਨ. ਡੀ. ਪੀ. ਐੱਸ. ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਬੁੜੈਲ ਜੇਲ੍ਹ ਦੇ ਐਡੀਸ਼ਨਲ ਸੁਪਰੀਡੈਂਟ ਅਮਨਦੀਪ ਸਿੰਘ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ ਵਿਚ ਦੱਸਿਆ ਕਿ ਐੱਨ. ਡੀ. ਪੀ. ਐੱਸ. ਐਕਟ ਮਾਮਲੇ ਵਿਚ 10 ਸਾਲ ਦੀ ਸਜ਼ਾ ਕੱਟ ਰਹੇ ਕੈਦੀ ਮਲੋਆ ਸਥਿਤ ਸਮਾਲ ਫਲੈਟਸ ਨਿਵਾਸੀ ਵਿਕਰਮ ਉਰਫ ਮੁੰਬਈ ਨੂੰ 17 ਫਰਵਰੀ ਨੂੰ ਪੈਰੋਲ ਮਿਲੀ ਸੀ। 18 ਮਾਰਚ ਨੂੰ ਜੇਲ੍ਹ ਵਿਚ ਆਤਮ-ਸਮਰਪਣ ਕਰਨ ਲਈ ਕਿਹਾ ਗਿਆ ਸੀ। ਪੈਰੋਲ ਦੌਰਾਨ ਉਹ ਧਨਾਸ ਸਥਿਤ ਆਪਣੇ ਘਰ ਗਿਆ ਹੋਇਆ ਸੀ। 18 ਮਾਰਚ ਨੂੰ ਜਦੋਂ ਜੇਲ੍ਹ ਪਹੁੰਚਿਆ ਤਾਂ ਸ਼ਾਮ 6 ਵਜੇ ਵਾਰਡਨ ਨੇ ਚੈਕਿੰਗ ਕੀਤੀ। ਉਸਦੀ ਜੁੱਤੀ ਦੇ ਤਲੇ ਵਿਚੋਂ ਦੋ ਸ਼ੱਕੀ ਪਾਊਚ ਨਿਕਲੇ। ਜਾਂਚ ਕੀਤੀ ਤਾਂ ਇਹ 6.1 ਗ੍ਰਾਮ ਹੈਰੋਇਨ ਅਤੇ 37.4 ਗਾਂਜਾ ਸੀ। ਸੈਕਟਰ-49 ਥਾਣਾ ਪੁਲਸ ਨੇ ਕੈਦੀ 'ਤੇ ਮਾਮਲਾ ਦਰਜ ਕੀਤਾ। ਚੰਡੀਗੜ੍ਹ ਪੁਲਸ ਨੇ ਮਲੋਆ ਸਥਿਤ ਸਮਾਲ ਫਲੈਟਸ ਨਿਵਾਸੀ ਵਿਕਰਮ ਨੂੰ ਐੱਨ. ਡੀ. ਪੀ. ਐੱਸ. ਐਕਟ ਕੇਸ 'ਚ ਗ੍ਰਿਫਤਾਰ ਕੀਤਾ ਗਿਆ ਸੀ। 18 ਜਨਵਰੀ 2019 ਨੂੰ ਸੈਕਟਰ-36 ਥਾਣਾ ਪੁਲਸ ਨੇ ਮੁਲਜ਼ਮ 'ਤੇ ਫਲੈਟਸ ਨਿਵਾਸੀ ਵਿਕਰਮ ਉਰਫ ਮੁੰਬਈ ਖ਼ਿਲਾਫ ਐੱਨ. ਡੀ. ਪੀ. ਐੱਸ. ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਬੁੜੈਲ ਜੇਲ੍ਹ ਦੇ ਐਡੀਸ਼ਨਲ ਸੁਪਰੀਡੈਂਟ ਅਮਨਦੀਪ ਸਿੰਘ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ ਵਿਚ ਦੱਸਿਆ ਕਿ ਐੱਨ. ਡੀ. ਪੀ. ਐੱਸ. ਐਕਟ ਮਾਮਲੇ ਵਿਚ 10 ਸਾਲ ਦੀ ਸਜ਼ਾ ਕੱਟ ਰਹੇ ਕੈਦੀ ਮਲੋਆ ਸਥਿਤ ਸਮਾਲ ਫਲੈਟਸ ਨਿਵਾਸੀ ਵਿਕਰਮ ਉਰਫ ਮੁੰਬਈ ਨੂੰ 17 ਫਰਵਰੀ ਨੂੰ ਪੈਰੋਲ ਮਿਲੀ ਸੀ। 18 ਮਾਰਚ ਨੂੰ ਜੇਲ੍ਹ ਵਿਚ ਆਤਮ-ਸਮਰਪਣ ਕਰਨ ਲਈ ਕਿਹਾ ਗਿਆ ਸੀ। ਪੈਰੋਲ ਦੌਰਾਨ ਉਹ ਧਨਾਸ ਸਥਿਤ ਆਪਣੇ ਘਰ ਗਿਆ ਹੋਇਆ ਸੀ। 18 ਮਾਰਚ ਨੂੰ ਜਦੋਂ ਜੇਲ੍ਹ ਪਹੁੰਚਿਆ ਤਾਂ ਸ਼ਾਮ 6 ਵਜੇ ਵਾਰਡਨ ਨੇ ਚੈਕਿੰਗ ਕੀਤੀ। ਉਸਦੀ ਜੁੱਤੀ ਦੇ ਤਲੇ ਵਿਚੋਂ ਦੋ ਸ਼ੱਕੀ ਪਾਊਚ ਨਿਕਲੇ। ਜਾਂਚ ਕੀਤੀ ਤਾਂ ਇਹ 6.1 ਗ੍ਰਾਮ ਹੈਰੋਇਨ ਅਤੇ 37.4 ਗਾਂਜਾ ਸੀ। ਸੈਕਟਰ-49 ਥਾਣਾ ਪੁਲਸ ਨੇ ਕੈਦੀ 'ਤੇ ਮਾਮਲਾ ਦਰਜ ਕੀਤਾ। ਚੰਡੀਗੜ੍ਹ ਪੁਲਸ ਨੇ ਮਲੋਆ ਸਥਿਤ ਸਮਾਲ ਫਲੈਟਸ ਐੱਨ. ਡੀ. ਪੀ. ਐੱਸ. ਐਕਟ ਤਹਿਤ ਮਾਮਲਾ ਦਰਜ ਕੀਤਾ ਸੀ।

## 15 ਸਾਲਾ ਕੁੜੀ ਨੂੰ ਨਸ਼ੀਲੀ ਦਵਾਈ ਦੇ ਕੇ ਟੱਪੀਆਂ ਬੇਸ਼ਰਮੀ ਦੀਆਂ ਹੱਦਾਂ, ਜਦ ਹੋਈ ਗਰਭਵਤੀ ਤਾਂ ਉੱਡੇ ਸਭ ਦੇ ਹੋਸ਼

ਜਲੰਧਰ 8 ਅਪ੍ਰੈਲ। ਕਾਲਾ ਸੰਘਿਆਂ ਰੋਡ ਨੇੜੇ ਰਹਿਣ ਵਾਲੀ 15 ਸਾਲਾ ਨਾਬਾਲਗ ਕੁੜੀ ਨਾਲ 40 ਸਾਲਾ ਵਿਅਕਤੀ ਨਸੇ ਵਾਲਾ ਪਦਾਰਥ ਦੇ ਕੇ ਸਰੀਰਕ ਸੰਬੰਧ ਬਣਾਉਂਦਾ ਰਿਹਾ। ਇੰਨਾ ਹੀ ਨਹੀਂ ਨਾਬਾਲਗ ਕੁੜੀ ਨੂੰ ਹਵਸ ਦਾ ਸ਼ਿਕਾਰ ਬਣਾਉਣ ਵਾਲਾ ਵਿਅਕਤੀ ਉਸ ਨੂੰ ਧਮਕੀਆਂ ਦਿੰਦਾ ਰਿਹਾ ਕਿ ਜੇਕਰ ਉਸ ਨੇ ਇਹ ਗੱਲ ਕਿਸੇ ਨੂੰ ਦੱਸੀ ਤਾਂ ਉਹ ਉਸ ਨੂੰ ਅਤੇ ਉਸ ਦੇ ਪਰਿਵਾਰ ਨੂੰ ਜਾਨੋਂ ਮਾਰ ਦੇਵੇਗਾ। ਅਖੀਰ ਇਸ ਘਟਨਾ ਦਾ ਉਦੋਂ ਪਤਾ ਲੱਗਾ ਜਦੋਂ ਨਾਬਾਲਗ ਕੁੜੀ ਗਰਭਵਤੀ ਹੋ ਗਈ ਅਤੇ ਪੂਰੀ ਗੱਲ ਦਾ ਪਤਾ ਉਸ ਦੇ ਪਰਿਵਾਰ ਵਾਲਿਆਂ ਨੂੰ ਲੱਗਾ, ਜਿਸ ਤੋਂ ਬਾਅਦ ਮਾਮਲਾ ਪੁਲਸ ਕੋਲ ਪਹੁੰਚਿਆ। ਥਾਣਾ ਭਾਰਗੋ ਕੈਂਪ ਦੀ ਪੁਲਸ ਨੇ ਦੋਸ਼ੀ ਖ਼ਿਲਾਫ ਕੇਸ ਦਰਜ ਕਰ ਲਿਆ ਹੈ। ਨਾਬਾਲਗ ਨੂੰ ਇਲਾਜ ਲਈ ਸਿਵਲ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਜਾਣਕਾਰੀ ਮੁਤਾਬਕ ਨਾਬਾਲਗ ਦੀ ਮਾਂ ਨੇ ਪੁਲਸ ਨੂੰ ਦਿੱਤੇ ਆਪਣੇ ਬਿਆਨ 'ਚ ਕਿਹਾ ਕਿ ਉਹ ਪਿਛਲੇ ਕਈ ਸਾਲਾਂ ਤੋਂ ਬਿਹਾਰ ਤੋਂ ਜਲੰਧਰ ਵਿਚ ਰਹਿ ਰਹੀ ਹੈ। ਉਸ ਦੇ ਗੁਆਂਢੀ ਅਜੈ ਸਾਉ (40) ਪੁੱਤਰ ਮੋਹਨ ਵਾਸੀ ਬਿਹਾਰ ਜੋ ਕਿ ਪਤੀ ਦੀ ਗੈਰ-ਹਾਜਰੀ 'ਚ ਘਰ ਆ ਕੇ ਉਸ ਦੀ ਕੁੜੀ ਨੂੰ ਨਸੇ ਵਾਲਾ ਜੂਸ ਪਿਲਾ ਕੇ ਉਸ ਨਾਲ ਸਰੀਰਕ ਸੰਬੰਧ ਬਣਾਉਂਦਾ ਰਿਹਾ। ਅਜੈ ਕਾਫੀ ਦੇਰ ਤੱਕ ਇਹ ਕੰਮ ਕਰਦਾ ਰਿਹਾ। ਇਸ ਤੋਂ ਬਾਅਦ ਜਦੋਂ ਧੀ ਗਰਭਵਤੀ ਹੋ ਗਈ ਤਾਂ ਅਜੈ ਸਾਉ ਬੇਟੀ ਨੂੰ ਦਵਾਈਆਂ ਖਿਲਾਉਂਦਾ ਰਿਹਾ ਤਾਂ ਜੋ ਉਸ ਦਾ ਗਰਭਪਾਤ ਹੋ ਸਕੇ। ਆਖਰਕਾਰ ਅਜੈ ਫਰਾਰ ਹੋ ਗਿਆ ਤੇ ਜਦੋਂ ਧੀ ਨੇ ਸਾਰੀ ਗੱਲ ਦੱਸੀ ਤਾਂ ਧੀ ਨੂੰ ਸਿਵਲ ਹਸਪਤਾਲ ਦਾਖਲ ਕਰਵਾਇਆ ਗਿਆ। ਉੱਥੇ ਹੀ ਹਸਪਤਾਲ 'ਚ ਤਾਇਨਾਤ ਸਟਾਫ ਅੰਜੂ ਨੇ ਦੱਸਿਆ ਕਿ ਜਦੋਂ ਨਾਬਾਲਗ ਕੁੜੀ ਨੂੰ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਤਾਂ ਉਸ ਦੀ ਹਾਲਤ ਠੀਕ ਨਹੀਂ ਸੀ, ਉਸ ਦਾ ਕਾਫੀ ਖੂਨ ਵਹਿ ਰਿਹਾ ਸੀ। ਡਾਕਟਰਾਂ ਅਤੇ ਸਟਾਫ ਨਰਸ ਨੇ ਉਸ ਦਾ ਪੂਰਾ ਇਲਾਜ ਕੀਤਾ ਅਤੇ ਉਹ ਹੁਣ ਠੀਕ ਹੈ। ਭਾਰਗੋ ਕੈਂਪ ਥਾਣੇ ਦੀ ਐੱਸ. ਐੱਚ. ਓ. ਕਮਲੇਸ ਰਾਣੀ ਦਾ ਕਹਿਣਾ ਹੈ ਕਿ ਪੁਲਸ ਨੇ ਅਜੇ ਖ਼ਿਲਾਫ ਕੇਸ ਦਰਜ ਕਰ ਲਿਆ ਹੈ।

## ਕੇਂਦਰੀ ਜੇਲ੍ਹ 'ਚੋਂ ਤਲਾਸ਼ੀ ਦੌਰਾਨ ਸਿਮ ਸਣੇ ਬਰਾਮਦ ਹੋਏ 3 ਮੋਬਾਇਲ ਫੋਨ

ਫਿਰੋਜ਼ਪੁਰ 8 ਅਪ੍ਰੈਲ। ਕੇਂਦਰੀ ਜੇਲ੍ਹ ਫਿਰੋਜ਼ਪੁਰ ਵਿਚ ਤਲਾਸ਼ੀ ਦੌਰਾਨ ਤਿੰਨ ਮੋਬਾਇਲ ਫੋਨ ਬਰਾਮਦ ਹੋਏ ਹਨ। ਇਸ ਸਬੰਧੀ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ ਇਕ ਹਵਾਲਾਤੀ ਅਤੇ ਅਣਪਛਾਤੇ ਵਿਅਕਤੀਆਂ ਖਿਲਾਫ 52-ਏ ਪ੍ਰਿਜਨਜ਼ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਗੁਰਮੇਲ ਸਿੰਘ ਨੇ ਦੱਸਿਆ ਕਿ ਪੱਤਰ ਨੰਬਰ 14275 ਰਾਹੀਂ ਸਰਬਜੀਤ ਸਿੰਘ ਸਹਾਇਕ ਸੁਪਰਡੈਂਟ ਕੇਂਦਰੀ ਜੇਲ੍ਹ ਫਿਰੋਜ਼ਪੁਰ ਨੇ ਦੱਸਿਆ ਕਿ ਮਿਤੀ 5 ਦਸੰਬਰ 2023 ਨੂੰ ਰਾਤ ਕਰੀਬ 10.15 ਵਜੇ ਉਹ ਸਾਥੀ ਕਰਮਚਾਰੀਆਂ ਦੇ ਗੁਪਤ ਸੂਚਨਾ ਦੇ ਆਧਾਰ 'ਤੇ ਵਾਰਡ ਨੰਬਰ 3 ਦੀ ਤਲਾਸ਼ੀ ਕੀਤੀ ਗਈ। ਤਲਾਸ਼ੀ ਦੌਰਾਨ ਹਵਾਲਾਤੀ ਜਸਕੀਰਤ ਸਿੰਘ ਉਰਫ ਜੱਸੀ ਪੁੱਤਰ ਸਿਕੰਦਰ ਸਿੰਘ ਵਾਸੀ ਪਿੰਡ ਗਰਾਈਂ ਥਾਣਾ ਸਦਰ ਕੋਟਕਪੂਰਾ, ਜ਼ਿਲ੍ਹਾ ਫਰੀਦਕੋਟ ਕੋਲੋਂ 1 ਮੋਬਾਇਲ ਫੋਨ ਟੱਚ ਸਕਰੀਨ ਰੀਅਲਮੀ ਸਮੇਤ ਸਿਮ ਕਾਰਡ ਬਰਾਮਦ ਹੋਇਆ। ਜਾਂਚਕਰਤਾ ਗੁਰਮੇਲ ਸਿੰਘ ਨੇ ਦੱਸਿਆ ਕਿ ਇਕ ਹੋਰ ਪੱਤਰ ਨੰਬਰ 14317 ਰਾਹੀਂ ਸਰਬਜੀਤ ਸਿੰਘ ਸਹਾਇਕ ਸੁਪਰਡੈਂਟ ਕੇਂਦਰੀ ਜੇਲ੍ਹ ਫਿਰੋਜ਼ਪੁਰ ਨੇ ਦੱਸਿਆ ਕਿ ਮਿਤੀ 6 ਦਸੰਬਰ 2023 ਨੂੰ ਕਰੀਬ 12.50 ਵਜੇ ਦੁਪਹਿਰ ਕੇਂਦਰੀ ਜੇਲ੍ਹ ਫਿਰੋਜ਼ਪੁਰ ਵਿਚ ਬਲਾਕ ਨੰਬਰ 2 ਦੀ ਬੈਰਕ ਨੰਬਰ 1 ਦੀ ਅਚਾਨਕ ਤਲਾਸ਼ੀ ਕੀਤੀ ਗਈ ਤੇ ਤਲਾਸ਼ੀ ਦੌਰਾਨ ਬਾਥਰੂਮ ਦੀ ਫਲੱਸ਼ ਟੈਂਕੀ ਵਿਚ ਛੁਪਾ ਕੇ ਰੱਖੇ ਗਏ 2 ਮੋਬਾਇਲ ਫੋਨ ਕੀਪੈਡ ਜਿਨ੍ਹਾਂ ਵਿਚੋਂ 1 ਮੋਬਾਇਲ ਫੋਨ ਸੈਮਸੰਗ ਸਮੇਤ ਬੈਟਰੀ ਤੇ ਸਿਮ ਕਾਰਡ ਵੀਆਈ ਤੇ 1 ਮੋਬਾਇਲ ਫੋਨ ਸੈਮਸੰਗ ਸਮੇਤ ਬੈਟਰੀ ਤੇ ਸਿਮ ਕਾਰਡ ਬਰਾਮਦ ਹੋਇਆ। ਪੁਲਿਸ ਨੇ ਦੱਸਿਆ ਕਿ ਉਕਤ ਹਵਾਲਾਤੀ ਅਤੇ ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।




# ਨਹੀਂ ਰੁਕ ਰਹੀ ਹੈਰੀਟੇਜ ਫਰਨੀਚਰ ਦੀ ਨਿਲਾਮੀ, ਡਿਜਾਈਨ ਟੇਬਲ 5.36 ਲੱਖ 'ਚ ਹੋਇਆ ਨਿਲਾਮ

ਚੰਡੀਗੜ੍ਹ 8 ਅਪ੍ਰੈਲ। ਯੂ. ਟੀ. ਪ੍ਰਸ਼ਾਸਨ ਸ਼ਹਿਰ ਦੇ ਵਿਰਾਸਤੀ ਫਰਨੀਚਰ ਦੀ ਵਿਦੇਸ਼ਾਂ 'ਚ ਹੋਣ ਵਾਲੀ ਨਿਲਾਮੀ ਨੂੰ ਰੋਕਣ ਦੇ ਸਮਰੱਥ ਨਹੀਂ ਹੈ। ਫਰਾਂਸ ਦੀ ਟੀਮ ਦੀ ਫੇਰੀ ਦਾ ਵੀ ਕੋਈ ਖਾਸ ਅਸਰ ਦਿਖਾਈ ਨਹੀਂ ਦੇ ਰਿਹਾ ਕਿਉਂਕਿ ਸ਼ਹਿਰ ਦਾ ਫਰਨੀਚਰ ਅਜੇ ਵੀ ਵਿਦੇਸ਼ਾਂ 'ਚ ਵੇਚਿਆ ਜਾ ਰਿਹਾ ਹੈ। ਨਵੀਂ ਨਿਲਾਮੀ ਅਮਰੀਕਾ ਦੇ ਬੋਨਹੈਮਸ ਸ਼ਹਿਰ 'ਚ ਹੋਈ। ਇੱਥੇ ਪੀਅਰੇ ਜੇਨਰੇ ਵਲੋਂ ਡਿਜ਼ਾਈਨ ਕੀਤਾ ਗਿਆ ਇਕ ਟੇਬਲ ਲਗਭਗ 5.36 ਲੱਖ ਰੁਪਏ 'ਚ ਵਿਕਿਆ ਹੈ। ਚੰਡੀਗੜ੍ਹ ਹੈਰੀਟੇਜ ਆਈਟਮਜ਼ ਪ੍ਰੋਟੈਕਸ਼ਨ ਸੈੱਲ ਦੇ ਮੈਂਬਰ ਅਜੇ ਜੱਗਾ ਨੇ ਰਾਜ ਸਭਾ ਦੇ ਸਕੱਤਰ ਜਨਰਲ ਨੂੰ ਸ਼ਿਕਾਇਤ ਦੇ ਕੇ ਨਿਲਾਮੀ ਦੀ ਜਾਂਚ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਹੈ ਕਿ ਭਾਰਤ ਸਰਕਾਰ ਦੇ ਬਿਨਾਂ ਕਿਸੇ ਵਿਰੋਧ ਦੇ ਵਿਦੇਸ਼ਾਂ 'ਚ ਵਿਰਾਸਤੀ ਵਸਤਾਂ ਦੀ ਬਾਕਾਇਦਾ ਨਿਲਾਮੀ ਕੀਤੀ ਜਾ ਰਹੀ ਹੈ। ਹੈਰਾਨੀ ਦੀ ਗੱਲ ਹੈ ਕਿ ਨਿਲਾਮੀ ਘਰ ਹੁਣ ਚੰਡੀਗੜ੍ਹ 'ਚ ਵਿਰਾਸਤੀ ਫਰਨੀਚਰ ਦੀ ਨਿਲਾਮੀ ਲਈ ਪਛਾਣ ਚਿੰਨ੍ਹ ਐਲਾਨ ਰਹੇ ਹਨ। ਉਦਾਹਰਣ ਵਜੋਂ 14 ਮਾਰਚ ਨੂੰ ਜਿਹੜੇ ਮੇਜ ਦੀ ਨਿਲਾਮੀ ਕੀਤੀ ਗਈ ਸੀ, ਉਸ 'ਤੇ ਪੀ. ਯੂ. ਈ. ਸੀ. ਲਿਖਿਆ ਹੈ, ਜੋ ਦਰਸਾਉਂਦਾ ਹੈ ਕਿ ਇਹ ਮੇਜ ਪੰਜਾਬ ਯੂਨੀਵਰਸਿਟੀ ਈਵਨਿੰਗ ਕਾਲਜ (ਪੀ. ਯੂ. ਈ. ਸੀ. ) ਦਾ ਹੋ ਸਕਦਾ ਹੈ। ਫਰਨੀਚਰ ਨੂੰ ਕਰੀਬ 5.36 ਲੱਖ ਰੁਪਏ 'ਚ ਵੇਚਿਆ ਗਿਆ ਹੈ। ਸ਼ਿਕਾਇਤ 'ਚ ਉਨ੍ਹਾਂ ਕਿਹਾ ਹੈ ਕਿ ਇਨ੍ਹਾਂ ਵਸਤਾਂ ਨੂੰ ਦੇਸ਼ ਤੋਂ ਬਾਹਰ ਲਿਆਉਣ ਲਈ ਵਰਤੇ ਗਏ ਦਸਤਾਵੇਜ਼ਾਂ ਦੀ ਜਾਂਚ ਹੋਣੀ ਚਾਹੀਦੀ ਹੈ। ਜੋ ਵੀ ਫਰਨੀਚਰ ਦੀ ਤਸਕਰੀ 'ਚ ਸ਼ਾਮਲ ਹਨ, ਉਨ੍ਹਾਂ ਖ਼ਿਲਾਫ਼ ਕਾਰਵਾਈ ਹੋਣੀ ਚਾਹੀਦੀ ਹੈ। ਸਥਾਨਕ ਪੱਧਰ 'ਤੇ ਵੀ ਇਸ ਦੀ ਚੋਰੀ ਨੂੰ ਰੋਕਣ ਲਈ ਯਤਨ ਕੀਤੇ ਜਾਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਵਿਰਾਸਤੀ ਫਰਨੀਚਰ ਨੂੰ ਸੰਭਾਲਣ ਲਈ ਵੀ ਨਿਯਮ ਬਣਾਉਣ ਦੀ ਲੋੜ ਹੈ


**NAME CHANGE**

I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**

I, ANITA BANSAL W/O PAWAN BANSAL residing at B-504, MAYUR-DHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**

I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**

I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**

I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

**NAME CHANGE**

I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

**PUBLIC NOTICE**

Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**PUBLIC NOTICE**

It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**

I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.

**NAME CHANGE**

I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**NAME CHANGE**

I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**

I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**NAME CHANGE**

I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.

**NAME CHANGE**

I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**NAME CHANGE**

I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

**NAME CHANGE**

I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

**NAME CHANGE**

I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.

**NAME CHANGE**

I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

**NAME CHANGE**

I Manoj Ram S/o Ram Bilash Ram R/o Flat No-6, Tower-8,Hamelia Street,IRIS,Vatika City, Sector-49, Gurgaon, Haryana-122018, Have Changed My Name To Manoj Kumar For All Purpose

**NAME CHANGE**

I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**NAME CHANGE**

I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHON-NAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

**NAME CHANGE**

I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

**NAME CHANGE**

I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

**NAME CHANGE**

I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

**NAME CHANGE**

I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

**NAME CHANGE**

I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.

**PUBLIC NOTICE**

My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

**ARJUN BIDHURI Advocate**
CH. NO.536, Saket Courts
New Delhi-110017.

**NAME CHANGE**

I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

**NAME CHANGE**

I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

**NAME CHANGE**


I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

**PUBLIC NOTICE**

MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES

**PINKI LAMBA MANN**
ADVOCATE
OFF. A-205A, NORTH
EX.MALL, SECTOR-9,
ROHINI, NEW DELHI

4 ਅਗਸਤ ਦੀ ਸ਼ਾਮ ਸ਼ਿਵਾਨੀ ਆਫਿਸ ਤੋਂ ਵਕਤ ਤੋਂ ਪਹਿਲਾਂ ਨਿਕਲ ਗਈ। ਇਸ ਤੋਂ ਦਿਨੇਸ਼ ਨੂੰ ਲੱਗਿਆ ਕਿ ਅੱਜ ਉਹ ਆਸਿਫ ਨੂੰ ਮਿਲਣ ਜਾ ਰਹੀ ਹੈ। ਉਸ ਨੇ ਰਾਜੀਵ ਨੂੰ ਉਸ ਦੇ ਪਿੱਛੇ ਭੇਜ ਦਿੱਤਾ। ਸ਼ਿਵਾਨੀ ਗੌੜ ਮੌਲ ਵਿਚ ਆਸਿਫ ਨੂੰ ਮਿਲਣ ਗਈ। ਇਹ ਗੱਲ ਰਾਜੀਵ ਨੇ ਦਿਨੇਸ਼ ਨੂੰ ਦੱਸ ਦਿੱਤੀ। ਦਿਨੇਸ਼ ਨੇ ਲੱਕੀ ਨੂੰ ਨਾਲ ਚੱਲਣ ਲਈ ਕਿਹਾ। ਪੁਲਿਸ ਨੂੰ ਸ਼ੱਕ ਨਾ ਹੋਵੇ, ਇਯ ਕਰਕੇ ਉਸ ਨੇ ਸਬੂਤ ਦੇ ਤੌਰ ਤੇ ਆਪਣਾ ਮੋਬਾਇਲ ਫੋਨ ਆਫਿਸ ਵਿਚ ਹੀ ਛੱਡ ਦਿੱਤਾ। ਉਹ ਲੱਕੀ ਨਾਲ ਸਕੂਟੀ ਤੇ ਗੌੜ ਮੌਲ ਪਹੁੰਚਿਆ। ਥੋੜ੍ਹੀ ਦੂਰ ਖੜ੍ਹੇ ਹੋ ਕੇ ਦੋਵੇਂ ਆਸਿਫ ਦੇ ਬਾਹਰ ਆਉਣ ਦਾ ਇੰਤਜ਼ਾਰ ਕਰਨ ਲੱਗੇ। ਆਸਿਫ ਬਾਹਰ ਨਿਕਲਿਆ ਤਾਂ ਰਾਜੀਵ ਨੇ ਫੋਨ ਕਰਕੇ ਦੱਸ ਦਿੱਤਾ। ਇਸ ਤੋਂ ਬਾਅਦ ਦਿਨੇਸ਼ ਨੇ ਸਕੂਟੀ ਤੇ ਜਾ ਕੇ ਆਸਿਫ ਨੂੰ ਗੋਲੀ ਮਾਰ ਦਿੱਤੀ ਅਤੇ ਉਥੋਂ ਦੌੜ ਗਿਆ। ਅਗਲੇ ਦਿਨ ਅਖਬਾਰਾਂ ਵਿਚ ਦਿਨੇਸ਼ ਨੇ ਪੜ੍ਹਿਆ ਕਿ ਸ਼ਿਵਾਨੀ ਨੇ ਉਸ ਦੇ ਖਿਲਾਫ ਬਿਆਨ ਦਿੱਤਾ ਹੈ ਤਾਂ ਉਹ ਜੈਪੁਰ ਦੌੜ ਗਿਆ। ਮਾਮਲਾ ਥੋੜ੍ਹਾ ਸ਼ਾਂਤ ਹੋਇਆ ਤਾਂ ਉਹ ਵਾਪਸ ਆ ਕੇ ਲੱਕੀ ਨੂੰ ਮਿਲਿਆ। ਇਸ ਤੋਂ ਬਾਅਦ ਪੁਲਿਸ ਨੇ ਦੋਵਾਂ ਨੂੰ ਪਕੜ ਲਿਆ।



# ਦਿਲਜਲੇ ਬੌਸ ਦੀ ਕਰਤੂਤ
# ਜਿਸਮ ਦੀ ਚਾਹਤ ਵਿਚ ਕਰਵਾਈ ਹੱਤਿਆ

ਅਗਸਤ 2017 ਦੀ ਸ਼ਾਮ ਨੂੰ ਉਤਰ ਪ੍ਰਦੇਸ਼ ਦੇ ਗਾਜੀਆਬਾਦ ਸਥਿਤ ਗੌੜ ਮੌਲ ਵਿਚ ਕਾਫੀ ਭੀੜ ਸੀ। ਇਸ ਭੀੜ ਵਿਚ ਸ਼ਿਵਾਨੀ ਅਤੇ ਆਸਿਫ ਉਰਫ ਆਸ਼ੂ ਵੀ ਸ਼ਾਮਲ ਸਨ। ਦੋਵੇਂ ਕਾਫੀ ਖੁਸ਼ ਸਨ ਪਰ ਕਿਸ ਦੀਆਂ ਖੁਸ਼ੀਆਂ ਕਦੋਂ ਗਮ ਵਿਚ ਤਬਦੀਲ ਹੋ ਜਾਣ, ਕੋਈ ਨਹੀਂ ਜਾਣਦਾ। ਸਾਢੇ 6 ਵਜੇ ਦੇ ਕਰੀਬ ਦੋਵੇਂ ਟਹਿਲਦੇ ਹੋਏ ਮੌਲ ਦੇ ਬਾਹਰ ਆ ਗਏ। ਮੌਲ ਦੇ ਬਾਹਰ ਪਾਰਕਿੰਗ ਵਿਚ ਸ਼ਿਵਾਨੀ ਦੀ ਸਕੂਟੀ ਖੜ੍ਹੀ ਸੀ, ਜਦਕਿ ਆਸਿਫ ਦੀ ਐਸ. ਯੂ. ਵੀ. ਕਾਰ ਸੜਕ ਦੇ ਉਸ ਪਾਰ ਖੜ੍ਹੀ ਸੀ। ਆਸਿਫ ਨੇ ਸ਼ਿਵਾਨੀ ਵੱਲ ਦੇਖਦੇ ਹੋਏ ਕਿਹਾ, ਚੰਗਾ ਸ਼ਿਵਾਨੀ ਮੈਂ ਚਲਦਾ ਹਾਂ।

ਚਲੋ, ਮੈਂ ਤੁਹਾਨੂੰ ਕਾਰ ਤੱਕ ਛੱਡ ਦਿੰਦੀ ਹਾਂ।

ਨਹੀਂ, ਮੈਂਚਲਾ ਜਾਵਾਂਗ,ਾ, ਕਿਉਂ ਪ੍ਰੇਸ਼ਾਨ ਹੋ ਰਹੀ ਹੋ ?

ਪ੍ਰੇਸ਼ਾਨ ਹੋਣ ਦੀ ਕੀ ਗੱਲ ਹੈ, ਮੈਂਚਲਦੀ ਹਾਂ, ਸ਼ਿਵਾਨੀ ਨੇ ਹਸਦੇ ਹੋਏ ਕਿਹਾ।

ਆਸਿਫ ਆਪਣੀ ਕਾਰ ਦੇ ਕੋਲ ਪਹੁੰਚਿਆ ਅਤੇ ਬੈਠਣ ਤੋਂ ਪਹਿਲਾਂ ਬਿਵਾਨੀ ਨਾਲ ਥੋੜ੍ਹੀ ਗੱਲ ਕੀਤੀ। ਸ਼ਿਵਾਨੀ ਵਾਪਸ ਮੁੜਨ ਲੱਗੀ ਤਾਂ ਆਸਿਫ ਨੇ ਬੈਠਣ ਦੇ ਲਈ ਕਾਰ ਦਾ ਦਰਵਾਜ਼ਾ ਖੋਲ੍ਹਿਆ। ਉਹ ਕਾਰ ਵਿਚ ਬੈਠ ਪਾਉਂਦਾ, ਉਦੋਂ 2 ਲੜਕੇ ਸਕੂਟੀ ਤੇ ਆਏ ਅਤੇ ਉਸ ਦੀ ਕਾਰ ਦੇ ਦੂਜੇ ਪਾਸੇ ਰੁਕ ਗਏ। ਉਹਨਾਂ ਵਿਚੋਂ ਪਿੱਛੇ ਬੈਠਾ ਲੜਕਾ ਮੂੰਹ ਤੇ ਸਫੈਦ ਕੱਪੜਾ ਬੰਨ੍ਹੀ ਸੀ। ਦੂਜਾ ਸਕੂਟੀ ਸਟਾਰਟ ਕਰੀ ਖੜ੍ਹਾ ਸੀ। ਪਿੱਛੇ ਬੈਠਾ ਲੜਕਾ ਤੇਜ਼ੀ ਨਾਲ ਉਤਰਿਆ ਅਤੇ ਆਸਿਫ ਦੇ ਸਾਹਮਣੇ ਜਾ ਖੜ੍ਹਾ ਹੋਇਆ। ਉਸ ਦੇ ਹੱਥ ਵਿਚ ਪਿਸਟਲ ਸੀ, ਜਿਸਨੂੰ ਦੇਖ ਕੇ ਆਸਿਫ ਘਬਰਾ ਗਿਆ।

ਆਸਿਫ ਕੁਝ ਸਮਝ ਪਾਉਂਦਾ, ਇਯ ਤੋਂਪਹਿਲਾਂ ਹੀ ਉਸ ਲੜਕੇ ਨੇ ਆਸਿਫ ’ਤੇ ਗੋਲੀ ਚਲਾ ਦਿੱਤੀ। ਉਹ ਚੀਖਦਾ ਹੋਇਆ ਜਾਨ ਬਚਾ ਕੇ ਭੱਜਿਆ, ਉਦੋਂ ਹੀ ਉਸ ਨੇ ਇਕ ਹੋਰ ਗੋਲੀ ਦਾਗ ਦਿੱਤੀ। ਇਸ ਤੋਂ ਬਾਅਦ ਉਹ ਸਕੂਟੀ ’ਤੇ ਬੈਠ ਗਿਆ ਤਾਂ ਉਸ ਦਾ ਸਾਥੀ ਉਸਨੂੰ ਲੈ ਕੇ ਭੱਜ ਨਿਕਲਿਆ।

ਗੋਲੀ ਲੱਗਦੇ ਹੀ ਆਸਿਫ ਸੜਕ ’ਤੇ ਹੀ ਲਹੂ ਲੁਹਾਣ ਹੋ ਕੇ ਡਿੱਗ ਪਿਆ। ਗੋਲੀਆਂ ਦੇ ਚੱਲਣਨਾਲ ਉਥੇ ਅਫਰਾ ਤਫਰੀ ਮੱਚ ਗਈ। ਸ਼ਿਵਾਨੀ ਨੇ ਵੀ ਗੋਲੀਆਂਦੇ ਚੱਲਣ ਦੀ ਆਵਾਜ਼ ਸੁਣੀ ਸੀ, ਉਹ ਭੱਜ ਕੇ ਆਸਿਫ ਦੇ ਕੋਲ ਪਹੁੰਚੀ। ਆਸਿਫ ਦੀ ਹਾਲਤ ਦੇਖ ਕੇ ਉਸ ਦੀ ਹਾਲਤ ਪਾਗਲਾਂ ਵਰਗੀ ਹੋ ਗਈ।

ਪੁਲਿਸ ਨੂੰ ਘਟਨਾ ਦੀ ਸੂਚਨਾ ਦਿੱਤੀ ਗਈ। ਪੁਲਿਸ ਆ ਗਈ, ਉਹਨਾਂ ਨੇ ਤੁਰੰਤ ਆਸਿਫ ਨੂੰਹਸਪਤਾਲ ਪਹੁੰਚਾਇਆ ਪਰ ਡਾਕਟਰਾਂ ਨੇ ਉਸਨੂੰ ਮ੍ਰਿਤਕ ਐਲਾਨ ਕਰ ਦਿੱਤਾ। ਸ਼ਰੇਆਮ ਹੋਈ ਇਸ ਵਾਰਦਾਤ ਕਾਰਨ ਸਾਰੇ ਪਾਸੇ ਸਨਸਨੀ ਫੈਲ ਗਈ। ਸ਼ੁਰੂਆਤੀ ਪੁੱਛਗਿੱਛ ਵਿਚ ਪਤਾ ਲੱਗਿਆ ਕਿ ਮ੍ਰਿਤਕ ਆਸਿਫ ਉਰਫ ਆਸ਼ੂ ਸ਼ਹਿਰ ਦੀ ਚਮਨ ਵਿਹਾਰ ਕਾਲੋਨੀ ਦਾ ਰਹਿਣ ਵਾਲਾਸੀ।ਉਸ ਦਾ ਸਬਮਰਸੀਬਲ ਦੇ ਇਲੈਕਟ੍ਰਿਕ ਪੈਨਲ ਬਣਾਉਣ ਦਾ ਵੱਡਾ ਕਾਰੋਬਾਰ ਸੀ।

ਆਸਿਫ ਦੇ ਨਾਲ ਮੌਲ ਆਈ ਸ਼ਿਵਾਨੀ ਸ਼ਹਿਰ ਦੀ ਰਹਿਣ ਵਾਲੀ ਸੀ। ਦੋਵਾਂ ਵਿਚਕਾਰ ਦੋਸਤੀ ਸੀ। ਘਟਨਾ ਦੀ ਖਬਰ ਮਿਲਣ ਤੇ ਮ੍ਰਿਤਕ ਦੇ ਘਰ ਵਾਲੇ ਆ ਗਏ। ਉਹਨਾਂ ਕਿਹਾ ਕਿ ਆਸਿਫ ਦੀ ਹੱਤਿਆ ਸ਼ਿਵਾਨੀ ਅਤੇ ਉਸਦੇ ਸਾਥੀਆਂ ਨੇ ਕੀਤੀ ਹੈ। ਸ਼ਿਵਾਨੀ ’ਤੇ ਉਹਨਾਂ ਲੋਕਾਂ ਨੇ ਹੱਤਿਆ ਦਾ ਸਿੱਧਾ ਦੋਸ਼ ਲਗਾਇਆ ਸੀ ਕਿਉਂਕਿ ਆਸਿਫ ਉਸ ਦੇ ਨਾਲ ਮੌਲ ਆਇਆ ਸੀ।

ਸ਼ਿਵਾਨੀ ਦੇ ਗੋਲੀ ਨਹੀਂ ਲੱਗੀ, ਜਦਕਿ ਉਹ ਡਰੀ ਸਹਿਮੀ ਸੀ। ਹਸਪਤਾਲ ਵਿਚ ਉਸ ਦਾ ਵੀ ਇਲਾਜ ਕੀਤਾ ਗਿਆ। ਉਸਦਾ ਕਹਿਣਾ ਸੀ ਕਿ ਆਸਿਫ ਉਸ ਦਾ ਚੰਗਾ ਦੋਸਤ ਸੀ, ਉਹ ਉਸਦੀ ਹੱਤਿਆ ਕਿਉਂ ਕਰਵਾਉਂਦੀ ? ਇਹ ਹੱਤਿਆ ਉਸ ਦੇ ਬੋਸ ਨੇ ਕਰਵਾਈ ਹੈ, ਕਿਉਂਕਿ ਉਸ ਨੂੰ ਇਹ ਦੋਸਤੀ ਪਸੰਦ ਨਹੀਂ ਸੀ।

ਪੁਲਿਸ ਨੇ ਸ਼ਿਵਾਨੀ, ਉਸ ਦੇ ਬੌਸ ਅਤੇ ਦੋ ਹੋਰ ਲੋਕਾਂ ਖਿਲਾਫ ਹੱਤਿਆ ਦਾ ਮੁਕੱਦਮਾ ਦਰਜ ਕਰ ਲਿਆ ਸੀ। ਹੱਤਿਆਕਾਂਡ ਦਾ ਖੁਲਾਸਾ ਕਰਨ ਦੇ ਲਈ ਐਸ. ਪੀ. ਸਿਟੀ ਦੇ ਨਿਰਦੇਸ਼ ਤੇ ਇਕ ਟੀਮ ਗਠਿਤ ਕੀਤੀ ਗਈ। ਪੁਲਿਸ ਨੇ ਮਾਲ ਦੇ ਬਾਹਰ ਲੱਗੇ ਕੈਮਰੇ ਦੀ ਰਿਕਾਰਡਿੰਗ ਚੈਕ ਕੀਤੀ ਤਾਂ ਉਸ ਵਿਚ ਘਟਨਾ ਕੈਦ ਸੀ। ਹਮਲਾਵਰ ਇਕ ਸਕੂਟੀ ਤੇ ਆਇਅ ਸੀ, ਜਿਸ ਵਿਚ ਪਿੱਛੇ ਬੈਠੇ ਵਿਅਕਤੀ ਨੇ ਗੋਲੀ ਮਾਰੀ ਸੀ ਪਰ ਉਹਨਾਂ ਦੇ ਚਿਹਰੇ ਸਪਸ਼ਟ ਨਹੀਂ ਸਨ। ਗੋਲੀ ਚੱਲਣ ਤੋਂ ਬਾਅਦ ਜਿਸ ਤਰ੍ਹਾਂ ਸ਼ਿਵਾਨੀ ਨੇ ਮੁੜ ਕੇ ਦੇਖਿਆ ਅਤੇ ਆਸਿਫ ਨੂੰ ਬਚਾਉਣ ਲਈ ਦੌੜੀ, ਉਸ ਤੋਂ ਲੱਗਦਾ ਨਹੀਂ ਸੀ ਕਿ ਉਸਦੀ ਕੋਈ ਮਿਲੀ-ਭੁਗਤ ਸੀ। ਪੁਲਿਸ ਨੇ ਸ਼ਿਵਾਨੀ ਨੂੰ ਉਹ ਰਿਕਾਰਡਿੰਗ ਦਿਖਾਈ ਤਾਂ ਉਸ ਨੇ ਹਮਲਾਵਰ ਦੀ ਸਰੀਰਕ ਕੱਦ ਕਾਠੀ ਦੇਖ ਕੇ ਉਸਨੂੰ ਆਪਣਾ ਬੌਸ ਦੱਸਿਆ।

ਅਗਲੇ ਦਿਨ ਪੁਲਿਸ ਨੇ ਸ਼ਿਵਾਨੀ ਤੋਂ ਕਾਫੀ ਘੁੰਮ-ਫਿਰ ਕੇ ਜਾਂਚ ਕੀਤੀ। ਉਸ ਦੇ ਅਤੇ ਆਸਿਫ ਦੇ ਮੋਬਾਇਲ ਦੀ ਕਾਲ ਡਿਟੇਲ ਕਰਵਾਈ ਪਰ ਕੋਈ ਸੁਰਾਗ ਨਾ ਮਿਲਿਆ। ਸ਼ਿਵਾਨੀ ਦਾ ਕਹਿਣਾ ਸੀ ਕਿ ਹੱਤਿਆ ਉਸ ਦੇ ਬੌਸ ਨੇ ਹੀ ਕੀਤੀ ਹੈ ਕਿਉਂਕਿ ਉਹ ਉਸ ਤੋਂ ਬੇਹੱਦ ਨਰਾਜ਼ ਸੀ। ਉਸ ਨੇ ਇਹ ਵੀ ਦੱਸਿਆ ਕਿ ਘਟਨਾ ਤੋਂ ਬਾਅਦ ਉਸ ਨੇ ਬੌਸ ਨੂੰ 2 ਵਾਰ ਫੋਨ ਮਿਲਾਇਆ ਸੀ ਪਰ ਉਸ ਨੇ ਕਾਲ ਰਿਸੀਵ ਨਹੀਂ ਕੀਤੀ ਸੀ, ਅਜਿਹਾ ਪਹਿਲੀ ਵਾਰ ਹੋਇਆ ਸੀ।

ਸ਼ਿਵਾਨੀ ਦੇ ਬੌਸ ਦਾ ਨਾਂ ਦਿਨੇਸ਼ ਸੀ ਅਤੇ ਉਹ ਸ਼ਹਿਰ ਨਾਲ ਲੱਗਦੇ ਚਿਪਿਆਨਾ ਦਾ ਰਹਿਣ ਵਾਲਾ ਸੀ। ਉਸ ਦਾ ਪ੍ਰਾਪਰਟੀ ਦਾ ਕਾਰੋਬਾਰ ਸੀ। ਉਸ ਦਾ ਆਫਿਸ ਇਕ ਇੰਸਟੀਚਿਊਟ ਦੇ ਕੋਲ ਸੀ। ਸ਼ਿਵਾਨੀ ਉਥੇ ਹੀ ਕੰਮ ਕਰਦੀ ਸੀ। ਪੁਲਿਸ ਨੇ ਦਿਨੇਸ਼ ਦੇ ਘਰ ਅਤੇ ਆਫਿਸ ਤੇ ਛਾਪਾ ਮਾਰਿਆ ਤਾਂ ਉਹ ਉਥੇ ਨਾ ਮਿਲਿਆ। ਉਹ ਪਰਿਵਾਰ ਸਮੇਤ ਫਰਾਰ ਹੋਗਿਆ ਸੀ। ਇਸ ਤੋਂ ਪੁਲਿਸ ਦਾ ਸ਼ੱਕ ਮਜ਼ਬੂਤ ਹੋ ਗਿਆ।

ਪੁਲਿਸ ਨੇ ਉਸ ਦੇ ਨੰਬਰ ਦੀ ਕਾਲ ਡਿਟੇਲਸ ਅਤੇ ਲੁਕੇਸ਼ਨ ਕ+ਵਾਈ ਤਾਂ ਪਤਾ ਲੱਗਿਆ ਕਿ ਵਾਰਦਾਤ ਦੇ ਵਕਤ ਉਸ ਦੇ ਫੋਨ ਦੀ ਲੁਕੇਸ਼ਨ ਆਫਿਸ ਦੀ ਹੀ ਸੀ। ਇਸ ਦਾ ਮਤਲਬ ਉਸ ਨੇ ਇਹ ਵਾਰਦਾਤ ਬਦਮਾਸ਼ਾਂ ਤੋਂ ਕਰਵਾਈ ਸੀ ਜਾਂ ਫਿਰ ਜਾਣ ਬੁੱਝ ਕੇ ਆਪਣਾ ਮੋਬਾਇਲ ਫੋਨ ਆਫਿਸ ਵਿਚ ਛੱਡ ਦਿੱਤਾ ਸੀ, ਕਿਉਂਕਿ ਸ਼ਿਵਾਨੀ ਉਸੇ ’ਤੇ ਹੱਤਿਆ ਦਾ ਦੋਸ਼ ਲਗਾ ਰਹੀ ਸੀ। ਸ਼ਾਇਦ ਇਯ ਕਰਕੇ ਉਸ ਨੇ ਸ਼ਿਵਾਨੀ ਦਾ ਫੋਨ ਰਿਸੀਵ ਨਹੀਂ ਕੀਤਾ ਸੀ।

ਦਿਨੇਸ਼ ਦੇ ਕੋਲ ਕੰਮ ਕਰਨ ਵਾਲੇ ਦੋਵੇਂ ਲੜਕਿਆਂ ਲੱਕੀ ਅਤੇ ਰਾਜੀਵ ਦੇ ਮੋਬਾਇਲ ਫੋਨ ਦੀ ਲੁਕੇਸ਼ਨ ਤੋਂ ਪਤਾ ਲੱਗਿਆ ਕਿ ਉਹ ਗੌੜ ਮੌਲ ਦੇ ਨੇੜੇ ਸਨ। ਇਸ ਤੋਂ ਸਪਸ਼ਟ ਹੋ ਗਿਆ ਕਿ ਆਸਿਫ ਦੀ ਹੱਤਿਆ ਵਿਚ ਦਿਨੇਸ਼ ਦਾ ਹੀ ਹੱਥ ਹੈ। ਇਸ ਜਾਣਕਾਰੀ ਤੋਂ ਬਾਅਦ ਪੁਲਿਸ ਨੇ ਸ਼ਿਵਾਨੀ ਨੂੰ ਘਰ ਜਾਣ ਦਿੱਤਾ ਪਰ ਉਸਨੂੰ ਸ਼ਹਿਰ ਛੱਡ ਕੇ ਜਾਣ ਤੋਂ ਇਨਕਾਰ ਕੀਤਾ। ਪੁਲਿਸ ਨੇਉਸ ਦੇ ਨੰਬਰ ਨੂੰ ਵੀ ਸਰਵਿਲਾਂਯ ਤੇ ਲਗਾ ਦਿੱਤਾ ਸੀ।

ਪੁਲਿਸ ਨੇ ਮੁਖਬਰ ਸਰਗਰਮ ਕਰ ਦਿੱਤੇ ਤਾਂ 8 ਅਗਸਤ ਦੀ ਰਾਤ ਪੁਲਿਸ ਨੇ ਦਿਨੇਸ਼ ਨੂੰ ਇਕ ਸਾਥੀ ਸਮੇਤ ਗਾਜੀਆਬਾਦ ਦੇ ਲਾਲਕੂਆ ਤੋਂ ਰਾਤੀ ਸਾਢੇ 12 ਵਜੇ ਗ੍ਰਿਫਤਾਰ ਕਰ ਲਿਆ। ਬਾਅਦ ਵਿਚ ਪਤਾ ਲੱਗਿਆ ਕਿ ਉਸ ਦੇ ਨਾਲ ਪਕੜਿਆ ਗਿਆ ਲੜਕਾ ਲੱਕੀ ਸੀ। ਤਲਾਸ਼ੀ ਵਿਚ ਉਹਨਾਂ ਕੋਲੋਂ ਇਕ ਪਿਸਟਲ ਅਤੇ ਕਾਰਤੂਸ ਬਰਾਮਦ ਹੋਏ।

ਪੁਲਿਸ ਨੇ ਉਹਨਾਂ ਨੂੰ ਗ੍ਰਿਫਤਾਰ ਕੀਤਾ ਤਾਂ ਆਸਿਫ ਦੀ ਹੱਤਿਆ ਦੀ ਕਹਾਣੀ ਸਾਹਮਣੇ ਆ ਗਈ।

ਦਰਅਸਲ ਆਸਿਫ ਅਤੇ ਸ਼ਿਵਾਨੀ ਦੀ ਦੋਸਤੀ ਬਹੁਤ ਗਹਿਰੀ ਸੀ। ਉਹ ਸ਼ਿਵਾਨੀ ਦੇ ਘਰ ਆਉਂਦਾ-ਜਾਂਦਾ ਸੀ। ਦੋਵਾਂ ਦੀ ਜਾਣ-ਪਛਾਣ ਅਤੇ ਆਪਣੇਪਣ ਦਾ ਇਹ ਰਿਸ਼ਤਾ ਉਹਨਾਂ ਦੇ ਘਰ ਵਾਲਿਆਂ ਤੋਂ ਨਹੀਂ ਲੁਕਿਆ ਸੀ। ਆਸਿਫ ਇਕ ਤਰ੍ਹਾਂ ਨਾਲ ਸ਼ਿਵਾਨੀ ਦੇ ਘਰ ਦੇ ਮੈਂਬਰ ਵਰਗਾ ਸੀ। ਇਸ ਕਰਕੇ ਉਹਨਾਂ ਦੇ ਰਿਸ਼ਤੇ ਨੂੰ ਕੋਈ ਸ਼ੱਕ ਦੀ ਨਜ਼ਰ ਨਾਲ ਨਹੀਂ ਦੇਖਦਾ ਸੀ। ਕਰੀਬ 2 ਸਾਲ ਪਹਿਲਾਂ ਸ਼ਿਵਾਨੀ ਨੇ ਦਿਨੇਸ਼ ਦੇ ਆਫਿਸ ਵਿਚ ਨੌਕਰੀ ਕਰ ਲਈ।

ਸ਼ਿਵਾਨੀ ਖੂਬਸੂਰਤ ਅਤੇ ਸਮਝਦਾਰ ਲੜਕੀ ਸੀ। ਉਸ ਨੇ ਬਹੁਤ ਜਲਦੀ ਦਿਨੇਸ਼ ਦੇ ਆਫਿਸ ਦਾ ਸਾਰਾ ਕੰਮ ਸੰਭਾਲ ਲਿਆ। ਭਰੋਸਾ ਹੋਇਆ ਤਾਂ ਉਹ ਅਕਾਊਂਟ ਦਾ ਕੰਮ ਵੀ ਦੇਖਣ ਲੱਗੀ। ਵਕਤ ਦੇ ਨਾਲ ਦਿਨੇਸ਼ ਉਸ ਵੱਲ ਆਕਰਸ਼ਿਤ ਹੋਣ ਲੱਗਿਆ। ਉਹ ਮਨ ਹੀ ਮਨ ਵਿਚ ਸ਼ਿਵਾਨੀ ਨੂੰ ਪਿਆਰ ਕਰਨ ਲੱਗਿਆ ਪਰ ਉਸ ਅਤੇ ਸ਼ਿਵਾਨੀ ਦੀ ਉਮਰ ਵਿਚ ਕਾਫੀ ਫਾਸਲਾ ਸੀ।

ਦਿਨੇਸ਼ ਵਿਆਹਿਆ ਸੀ, ਇਸ ਦੇ ਬਾਵਜੂਦ ਉਸ ਦਿਲ ਤੋਂ ਹਾਰ ਗਿਆ। ਇਹ ਗੱਲ ਅਲੱਗ ਸੀ ਕਿ ਸ਼ਿਵਾਨੀ ਉਸ ਦੀ ਚਾਹਤ ਤੋਂ ਬੇਖਬਰ ਸੀ, ਕਿਉਂਕਿ ਦਿਨੇਸ਼ ਸ਼ਿਵਾਨੀ ਨੂੰ ਚਾਹੁਣ ਲੱਗਾ ਸੀ। ਇਸ ਕਰਕੇ ਉਸ ਦਾ ਖਾਸ ਖਿਆਲ ਰੱਖਦਾ। ਸ਼ਿਵਾਨੀ ਸਭ ਸਮਝਦੀ ਸੀ।

ਦਿਨੇਸ਼ ਨੂੰ ਪਤਾ ਨਹੀਂ ਸੀਕਿ ਸ਼ਿਵਾਨ ਦੀ ਆਸਿਫ ਨਾਲ ਦੋਸਤੀ ਹੈ। ਇਹ ਰਾਜ਼ ਉਸ ਵਕਤ ਖੁੱਲ੍ਹਿਆ, ਜਦੋਂ ਉਹ ਸ਼ਿਵਾਨੀ ਦੇ ਆਫਿਸ ਵੀ ਆਉਣ ਲੱਗਿਆ। ਉਸ ਦਾ ਆਉਣਾ-ਜਾਣਾ ਵਧਿਆ ਤਾਂ ਦਿਨੇਸ਼ ਦਾ ਧਿਆਨ ਉਸ ਵੱਲ ਗਿਆ। ਉਸਨੂੰ ਚੰਗਾਨਾ ਲੱਗਾ। ਵਕਤ ਦੇ ਨਾਲ ਆਸਿਫ ਦਾ ਆਉਣਾ-ਜਾਣਾ ਵਧਿਆ ਤਾਂ ਦਿਨੇਸ਼ ਨੂੰ ਸ਼ੱਕ ਹੋਇਆ, ਤਾਂ ਉਸ ਨੇ ਇਕ ਦਿਨ ਸ਼ਿਵਾਨੀ ਨੂੰ ਪੁੱਛਿਆ ਕਿ ਇਹ ਲੜਕਾ ਕੌਣ ਹੈ। ਸ਼ਿਵਾਨੀ ਨੇ ਦੱਸ ਦਿੱਤਾ ਕਿ ਇਹ ਮੇਰਾ ਬਹੁਤ ਚੰਗਾ ਦੋਸਤ ਹੈ। ਉਹ ਖਾਮੋਸ਼ ਹੋ ਗਿਆ। ਸ਼ਿਵਾਨੀ ਨੇ ਦਿਨੇਸ਼ ਦੀ ਇਯ ਗੱਲ ਨੂੰ ਆਮ ਤਰੀਕੇ ਨਾਲ ਲਿਆ, ਜਦਕਿ ਉਸ ਦੇ ਦਿਮਾਗ ਵਿਚ ਸ਼ਿਵਾਨੀ ਅਤੇ ਆਸਿਫ ਦੇ ਰਿਸ਼ਤਿਆਂ ਨੂੰ ਲੈ ਕੇ ਉਥਲ-ਪੁਥਲ ਮੱਚੀ ਸੀ। ਸ਼ਿਵਾਨੀ ਨੂੰ ਲੈ ਕੇ ਉਸ ਨੇ ਜੋ ਸੁਪਨਾ ਦੇਖਿਆ ਸੀ, ਉਸਨੂੰ ਬਿਖਰਦੇ ਨਜ਼ਰ ਆ ਰਹੇ ਸਨ।

ਦਿਨੇਸ਼ ਦੇ ਆਫਿਸ ਵਿਚ ਰਾਜੀਵ ਅਤੇ ਲੱਕੀ ਵੀ ਕੰਮ ਕਰਦੇ ਸਨ। ਲੱਕੀ ਗਾਜੀਆਬਾਦ ਦੇ ਹੀ ਦੁਹਾਈ ਪਿੰਡ ਦਾ ਰਹਿਣ ਵਾਲਾ ਸੀ, ਜਦਕਿ ਰਾਜੀਵ ਦਿੱਲੀ ਦੇ ਵਜੀਰਾਬਾਦ ਦਾ ਰਹਿਣ ਵਾਲਾ ਸੀ। ਇਹ ਦੋਵੇਂ ਹੀ ਦਿਨੇਸ਼ ਦੇ ਵਿਸ਼ਵਾਸਪਾਤਰ ਸਨ। ਦਿਨੇਸ਼ ਨੇ ਦੋਵਾਂ ਨੂੰ ਸ਼ਿਵਾਨੀ ਦੀ ਨਿਗਰਾਨੀ ਤੇ ਲਗਾ ਦਿੱਤਾ। ਉਹਨਾਂ ਨੇ ਦਿਨੇਸ਼ ਨੂੰ ਦੱਸਿਆ ਕਿ ਸ਼ਿਵਾਨੀ ਆਸਿਫ ਦੇ ਨਾਲ ਅਕਸਰ ਘੁੰਮਦੀ ਹੈ।

ਇਕ ਸਾਲ ਪਹਿਲਾਂ ਦੀ ਗੱਲ ਹੈ। ਸ਼ਿਵਾਨੀ ਦੇ ਪਿਤਾ ਦੀ ਮੌਤ ਹੋ ਗਈ ਸੀ। ਉਸਦੀ ਤੇਰਵੀਂ ਤੇ ਦਿਨੇਸ਼ ਉਸ ਦੇ ਘਰ ਗਿਆ ਤਾਂ ਉਸ ਨੇ ਆਸਿਫ ਨੂੰ ਉਥੇ ਦੇਖਿਆ। ਉਹ ਉਥੇ ਸ਼ਿਵਾਨੀ ਦੇ ਘਰ ਦੇ ਮੈਂਬਰ ਵਾਂਗ ਕੰਮ ਕਰ ਰਿਹਾ ਸੀ। ਹੁਣ ਉਸ ਦਾ ਸਬਰ ਜਵਾਬ ਦੇ ਗਿਆ। ਇਕ ਦਿਨ ਉਸ ਨੇ ਸ਼ਿਵਾਨੀ ਨੂੰ ਕਿਹਾ, ਮੈਂ ਤੁਹਾਡੇ ਨਾਲ ਇਕ ਗੱਲ ਕਰਨੀ ਹੈ।

ਮੈਂ ਚਾਹੁੰਦਾ ਹਾਂ ਕਿ ਤੁਸੀਂ ਆਸਿਫ ਦਾ ਸਾਥ ਛੱਡ ਦਿਓ। ਪਰ ਦੋਸਤੀ ਵਿਚ ਕੀ ਬੁਰਾਈ ਹੈ ? ਦਿਨੇਸ਼ ਨੇ ਸਮਝਾਇਆ ਕਿ ਸ਼ਿਵਾਨੀ ਮੈਂ ਤੁਹਾਡਾ ਬਿਹਤਰ ਭਵਿੱਖ ਚਾਹੁੰਦਾ ਹਾਂ। ਮੈਂ ਉਸ ਬਾਰੇ ਪਤਾ ਕੀਤਾ ਹੈ, ਉਹ ਚੰਗਾ ਲੜਕਾ ਨਹੀਂ ਹੈ। ਉਸ ਦੇ ਚੱਕਰ ਵਿਚ ਤੁਸੀਂ ਕਿਸੇ ਮੁਸੀਬਤ ਵਿਚ ਫਸ ਜਾਓਗੇ ਅਤੇ ਉਹ ਦੂਜੇ ਮਜ਼ਹਬ ਦਾ ਵੀ ਹੈ।

ਸ਼ਿਵਾਨੀ ਨਾ ਮੰਨੀਤਾਂ ਦਿਨੇਸ਼ ਨੂੰ ਬਹੁਤ ਬੁਰਾ ਲੱਗਿਆ। ਦਿਨੇਸ਼ ਖਾਮੋਸ਼ ਹੋ ਗਿਆ। ਇਹ ਗੱਲ ਵੱਗੀ ਸੀ ਕਿ ਸ਼ਿਵਾਨੀ ਦੀਆਂ ਗੱਲਾਂ ਉਸ ਦੇ ਦਿਲ ਨੂੰ ਲੱਗ ਗਈਆਂ ਸਨ। ਸ਼ਿਵਾਨੀ ਤਾਂ ਇਹ ਗੱਲਾਂ ਭੁੱਲ ਗਈ ਪਰ ਦਿਨੇਸ਼ ਨਾ ਭੁੱਲਿਆ। ਉਸ ਨੇ ਸ਼ਿਵਾਨੀ ਨੂੰ ਕਹਿ ਵੀ ਦਿੱਤਾ ਕਿ ਆਸਿਫ ਹੁਣ ਉਸ ਨੂੰ ਮਿਲਣ ਲਈ ਆਫਿਸ ਨਹੀਂ ਆਵੇਗਾ।

ਆਸਿਫ ਦਿਨੇਸ਼ ਦੇ ਦਫਤਰ ਤਾਂ ਨਾ ਆਉਂਦਾ ਪਰ ਬਾਹਰ ਮਿਲਦਾ ਰਹਿੰਦਾ। ਇਸ ਤੋਂ ਦਿਨੇਸ਼ ਚਿੜ ਗਿਆ। ਇਕ ਦਿਨ ਉਸ ਨੇ ਸ਼ਿਵਾਨੀ ਨੂੰ ਚਿਤਾਵਨੀ ਦਿੰਦੇ ਹੋਏ ਕਿਹਾ, ਸ਼ਿਵਾਨੀ ਆਸਿਫ ਤੋਂ ਦੂਰ ਹੋ ਜਾਓ, ਵਰਨਾ ਮੇਰੇ ਹੱਥੋਂ ਉਸ ਦਾ ਬੁਰਾ ਹੋ ਜਾਵੇਗਾ।

ਦਿਨੇਸ਼ ਬਦਮਾਸ਼ ਕਿਸਮ ਦਾ ਵਿਅਕਤੀ ਸੀ। ਸ਼ਿਵਾਨੀ ਜਾਣਦੀ ਸੀ ਕਿ ਉਹ ਕੁਝ ਵੀ ਕਰ ਸਕਦਾ ਹੈ। ਉਸ ਦੀ ਚਿਤਾਵਨੀ ਤੋਂਡਰ ਕੇ ਸ਼ਿਵਾਨੀ ਨੇ ਵਾਅਦਾ ਕੀਤਾ ਕਿ ਠੀਕ ਹੈ, ਮੈਂ ਉਸ ਤੋਂ ਦੂਰ ਰਹਾਂਗੀ।

ਕੁਝ ਦਿਨ ਤਾਂ ਮਿਲਣਾ-ਜੁਲਣਾ ਬੰਦ ਰਿਹਾ ਫਿਰ ਸਿਲਸਿਲਾ ਆਰੰਭ ਹੋ ਗਿਆ। ਦਿਨੇਸ਼ ਕਿਸੇ ਵੀ ਕੀਮਤ ਤੇ ਸ਼ਿਵਾਨੀ ਨੂੰ ਗੁਆਉਣਾ ਨਹੀਂ ਚਾਹੁੰਦਾ ਸੀ। ਇਸ ਕਾਰਨ ਆਸਿਫ ਉਸ ਲਈ ਰੋੜਾ ਸੀ। ਕਈ ਦਿਨਾਂ ਦੀ ਦਿਮਾਗੀ ਉਥਲ-ਪੁਥਲ ਤੋਂ ਬਾਅਦ ਦਿਨੇਸ਼ ਨੇ ਸਤੰਬਰ ਮਹੀਨੇ ਆਸਿਫ ਨੂੰ ਹੀ ਰਸਤੇ ਤੋਂ ਹਟਾਉਣ ਦਾ ਫੈਸਲਾ ਕੀਤਾ। ਇਸ ਲਈ ਉਸ ਨੇ ਰਾਜੀਵ ਅਤੇ ਲੱਕੀ ਨੂੰ ਵੀ ਸ਼ਾਮਲ ਕਰ ਲਿਆ। ਇਸ ਤੋਂ ਬਾਅਦ ਹੱਤਿਆ ਦੇ ਲਈ ਉਸ ਨੇ ਇਕ ਨਜਾਇਜ਼ ਪਿਸਟਲ ਖਰੀਦੀ।

4 ਅਗਸਤ ਦੀ ਸ਼ਾਮ ਸ਼ਿਵਾਨੀ ਆਫਿਸ ਤੋਂ ਵਕਤ ਤੋਂ ਪਹਿਲਾਂ ਨਿਕਲ ਗਈ। ਇਸ ਤੋਂ ਦਿਨੇਸ਼ ਨੂੰ ਲੱਗਿਆ ਕਿ ਅੱਜ ਉਹ ਆਸਿਫ ਨੂੰ ਮਿਲਣ ਜਾ ਰਹੀ ਹੈ। ਉਸ ਨੇ ਰਾਜੀਵ ਨੂੰ ਉਸ ਦੇ ਪਿੱਛੇ ਭੇਜ ਦਿੱਤਾ। ਸ਼ਿਵਾਨੀ ਗੌੜ ਮੌਲ ਵਿਚ ਆਸਿਫ ਨੂੰ ਮਿਲਣ ਗਈ। ਇਹ ਗੱਲ ਰਾਜੀਵ ਨੇ ਦਿਨੇਸ਼ ਨੂੰ ਦੱਸ ਦਿੱਤੀ।

ਦਿਨੇਸ਼ ਨੇ ਲੱਕੀ ਨੂੰ ਨਾਲ ਚੱਲਣ ਲਈ ਕਿਹਾ। ਪੁਲਿਸ ਨੂੰ ਸ਼ੱਕ ਨਾ ਹੋਵੇ, ਇਯ ਕਰਕੇ ਉਸ ਨੇ ਸਬੂਤ ਦੇ ਤੌਰ ਤੇ ਆਪਣਾ ਮੋਬਾਇਲ ਫੋਨ ਆਫਿਸ ਵਿਚ ਹੀ ਛੱਡ ਦਿੱਤਾ। ਉਹ ਲੱਕੀ ਨਾਲ ਸਕੂਟੀ ਤੇ ਗੌੜ ਮੌਲ ਪਹੁੰਚਿਆ। ਥੋੜ੍ਹੀ ਦੂਰ ਖੜ੍ਹੇ ਹੋ ਕੇ ਦੋਵੇਂ ਆਸਿਫ ਦੇ ਬਾਹਰ ਆਉਣ ਦਾ ਇੰਤਜ਼ਾਰ ਕਰਨ ਲੱਗੇ।

ਆਸਿਫ ਬਾਹਰ ਨਿਕਲਿਆ ਤਾਂ ਰਾਜੀਵ ਨੇ ਫੋਨ ਕਰਕੇ ਦੱਸ ਦਿੱਤਾ। ਇਸ ਤੋਂ ਬਾਅਦ ਦਿਨੇਸ਼ ਨੇ ਸਕੂਟੀ ਤੇ ਜਾ ਕੇ ਆਸਿਫ ਨੂੰ ਗੋਲੀ ਮਾਰ ਦਿੱਤੀ ਅਤੇ ਉਥੋਂ ਦੌੜ ਗਿਆ। ਅਗਲੇ ਦਿਨ ਅਖਬਾਰਾਂ ਵਿਚ ਦਿਨੇਸ਼ ਨੇ ਪੜ੍ਹਿਆ ਕਿ ਸ਼ਿਵਾਨੀ ਨੇ ਉਸ ਦੇ ਖਿਲਾਫ ਬਿਆਨ ਦਿੱਤਾ ਹੈ ਤਾਂ ਉਹ ਜੈਪੁਰ ਦੌੜ ਗਿਆ। ਮਾਮਲਾ ਥੋੜ੍ਹਾ ਸ਼ਾਂਤ ਹੋਇਆ ਤਾਂ ਉਹ ਵਾਪਸ ਆ ਕੇ ਲੱਕੀ ਨੂੰ ਮਿਲਿਆ। ਇਸ ਤੋਂ ਬਾਅਦ ਪੁਲਿਸ ਨੇ ਦੋਵਾਂ ਨੂੰ ਪਕੜ ਲਿਆ।

# ਇਹ ਹਨ ਦੁਨੀਆਂ ਦੇ 10 ਬਿਹਤਰੀਨ ਏਅਰਪੋਰਟ

ਦੁਨੀਆਂ ਦੀ ਸਭ ਤੋਂਉਚੀ ਏਅਰਪੋਰਟ ਸਲਾਈਡ, 24 ਘੰਟੇ ਮੁਫਤ ਸਿਨੇਮਾ, ਛੱਤ ’ਤੇ ਮੌਜੂਦ ਸਵੀਮਿੰਗ ਪੂਲ ਅਤੇ ਖੂਬਸੂਰਤ ਪਾਰਕ ਨੇ ਸਿੰਗਾਪੁਰ ਦੇ ਚਾਂਗੀ ਏਅਰਪੋਰਟ ਨੂੰ ਇਕ ਵਾਰ ਵੀ ਦੁਨੀਆਂ ਦਾ ਬੈਸਟ ਏਅਰਪੋਰਟ ਬਣਾ ਦਿੱਤਾ ਹੈ। ਪਿਛਲੇ ਲਗਾਤਰ 6 ਸਾਲ ਤੋਂ ਸਿੰਗਾਪੁਰ ਏਅਰਪੋਰਟ ਇਹ ਟਾਈਟਲ ਜਿੱਤਰਿਹਾ ਹੈ। ਇਹ 9 ਵਾਰ ਸਕਾਈਟ੍ਰੈਕਸ ਵਰਲਡ ਏਅਰਪੋਰਟ ਅਵਾਰਡ ਵੀ ਜਿੱਤ ਚੁੱਕਾ ਹੈ।

ਸਕਾਈਟ੍ਰੈਕਸ ਨੇ ਦੋ ਦਿਨ ਪਹਿਲਾਂ ਸਟਾਕਹੋਮ ਸ਼ਹਿ ਵਿਚ ਵਰਲਡ ਏਅਰਪੋਰਟ ਐਵਾਰਡ ਦੇ ਟੌਪ 100 ਅਤੇ ਸਿੰਗਲ ਅਵਾਰਡ ਦੇ ਨਾਵਾਂ ਦਾ ਐਲਾਨ ਕੀਤਾ ਹੈ।

2018 ਦੇ ਐਵਾਰਡ 13.73 ਮਿਲੀਅਨ ਏਅਰਪੋਰਟ ਸਰਵੇ ਦੇ ਸਵਾਲਾਂ ’ਤੇ ਬੇਸਡ ਸਨ, ਜੋ ਅਗਸਤ 2017 ਤੋਂ ਫਰਵਰੀ 2016 ਵਿਚਕਾਰ ਕਸਟਮਰਾਂ ਤੋਂ ਪੁੱਛੇ ਗਏ ਸਨ। ਇਸ ਸਰਵੇ ਵਿਚ ਦੁਨੀਆਂ ਭਰ ਦੇ 550 ਏਅਰ ਪੋਰਟਾਂ ਨੂੰ ਕਵਰ ਕੀਤਾ ਗਿਆ। ਇਸ ਵਿਚ ਯਾਤਰੀਆਂ ਦੇ ਤਜਰਬੇ, ਚੈਕਅਪ, ਟ੍ਰਾਂਫਰ, ਸ਼ਾਪਿੰਗ, ਸਕਿਊਰਟੀ ਅਤੇ ਇੰਮੀਗ੍ਰੇਸ਼ਨ ਨੂੰ ਲੈ ਕੇ ਰੈਕਿੰਗ ਨੂੰ ਵੀ ਸ਼ਾਮਲ ਕੀਤਾ ਗਿਆ।



**ਸਿੰਗਾਪੁਰ**

ਸਿੰਗਾਪੁਰ ਦਾ ਚਾਂਗੀ ਇੰਟਰਨੈਸ਼ਨਲ ਏਅਰਪੋਰਟ ਸਿਰ ਨੂੰ ਦਸੰਬਰ 1961 ਵਿਚ ਖੋਲ੍ਹਿਆ ਗਿਆ ਸੀ। ਇਸ ਏਅਰਪੋਰਟ ਤੇ 54,093,070 ਹੈ। ਇੱਥੇ ਹਰ ਸਾਲ 321,386 ਜਹਾਜ਼ ਉਤਰਦੇ ਅਤੇ ਜਾਂਦੇ ਹਨ।




**ਇੰਚੀਯਾਨ ਇੰਟਰਨੈਸ਼ਲ ਏਅਰਪੋਰਟ**

ਇਹ ਏਅਰਪੋਰਟ ਸਾਊਥ ਕੋਰੀਆ ਵਿਚ ਸਥਿਤ ਹੈ, ਜਿਸ ਨੂੰ 2001 ਵਿਚ ਖੋਲ੍ਹਿਆ ਗਿਆ ਸੀ। ਇੱਥੇ ਹਰ ਸਾਲ 62,062,032 ਯਾਤਰੀ ਆਉਂਦੇ ਜਾਂਦੇਹਨ। ਇੱਥੇ ਹਰ ਸਾਲ 360,206 ਜਹਾਜ਼ ਉਤਰਦੇ ਅਤੇ ਜਾਂਦੇ ਹਨ।



**ਹਾਨੇਦਾ ਇੰਟਰਨੈਸ਼ਨਲ ਏਅਰਪੋਰਟ**

ਇਹ ਏਅਰਪੋਰਟ ਜਾਪਾਨ ਵਿਚ ਸਥਿਤ ਹੈ, ਜੋ ਕਿ 1978 ਵਿਚ ਆਰੰਭ ਕੀਤਾ ਗਿਆ ਸੀ। ਇੱਥੇ ਹਰ ਸਾਲ 84,956,964 ਯਾਤਰੀ ਆਉਂਦੇ ਅਤੇ ਜਾਂਦੇ ਹਨ। ਇੱਥੇ ਹਰ ਸਾਲ 200,000 ਜਹਾਜ਼ ਉਤਰਦੇ ਅਤੇ ਚੜ੍ਹਦੇ ਹਨ।



**ਹਾਂਗਕਾਂਗ ਇੰਟਰਨੈਸ਼ਨਲ ਏਅਰਪੋਰਟ**

ਹਾਂਗਕਾਂਗ ਦਾ ਇਹ ਇੰਟਰਨੈਸ਼ਨਲ ਏਅਰਪੋਰਟ ਜੁਲਾਈ 1998 ਵਿਚ ਆਰੰਭ ਕੀਤਾ ਗਿਆ ਸੀ। ਇੱਥੇ ਹਰ ਸਾਲ 70,502,000 ਯਾਤਰੀ ਆਉਂਦੇ ਅਤੇ ਜਾਂਦੇ ਹਨ। ਇੱਥੇ ਹਰ ਸਾਲ 411,430 ਜਹਾਜ਼ ਆਉਂਦੇ ਅਤੇ ਜਾਂਦੇ ਹਨ।



**ਹਮਦ ਇੰਟਰਨੈਸ਼ਨਲ ਏਅਰਪੋਰਟ**

ਹਮਦ ਇੰਟਰਨੈਸ਼ਨਲ ਏਅਰਪੋਰਟ ਦੋਹਾ, ਕਤਰ ਵਿਚ ਸਥਿਤ ਹੈ। ਇਸ ਏਅਰਪੋਰਟ ਨੂੰ 30 ਅਪ੍ਰੈਲ 2014 ਵਿਚ ਆਰੰਭ ਕੀਤਾ ਗਿਆ ਸੀ। ਇੱਥੇ ਹਰ ਸਾਲ 37,322,842 ਯਾਤਰੀ ਆਉਂਦੇ ਅਤੇ ਜਾਂਦੇ ਹਨ। ਇੱਥੇ ਹਰ ਸਾਲ 265,763 ਜਹਾਜ਼ ਉਤਰਦੇ ਅਤੇ ਚੜ੍ਹਦੇ ਹਨ।



**ਮਿਊਨਿਖ ਇੰਟਰਨੈਸ਼ਨਲ ਏਅਰਪੋਰਟ**

ਮਿਊਨਿਖ ਏਅਰਪੋਰਟ ਜਰਮਨੀ ਵਿਚ ਸਥਿਤ ਹੈ। ਇਹ ਏਅਰਪੋਰਟ 1992 ਵਿਚ ਆਰੰਭ ਕੀਤਾ ਗਿਆ ਸੀ। ਇੱਥੇ ਹਰ ਸਾਲ 44,577241 ਯਾਤਰੀ ਆਉਂਦੇ ਅਤੇ ਜਾਂਦੇ ਹਨ। ਇੱਥੇ ਹਰ ਸਾਲ 404,505 ਜਹਾਜ਼ ਉਤਰਦੇ ਅਤੇ ਚੜ੍ਹਦੇ ਹਨ।



**ਛੁਬੂ ਸੈਂਟਰੇਅਰ ਇੰਟਰਨੈਸ਼ਨਲ ਏਅਰਪੋਰਟ**

ਛੁਬੂ ਸੈਂਟਰੇਅਰ ਇੰਟਰਨੈਸ਼ਨਲ ਏਅਰਪੋਰਟ ਟੋਕਨੇਮ (ਜਾਪਾਨ) ਵਿਚ ਸਥਿਤ ਹੈ। ਇਹ ਏਅਰਪੋਰਟ 17 ਫਰਵਰੀ 2005 ਵਿਚ ਆਰੰਭ ਹੋਇਆਸੀ। ਇੱਥੇ ਹਰ ਸਾਲ 10,188,713 ਯਾਤਰੀ ਆਉਂਦੇ ਅਤੇ ਜਾਂਦੇ ਹਨ। ਇੱਥੇ ਹਰ ਸਾਲ 96,591 ਜਹਾਜ਼ ਉਤਰਦੇ ਅਤੇ ਜਾਂਦੇ ਹਨ।



**ਲੰਡਨ ਹੀਥਰੋ ਏਅਰਪੋਰਟ**

ਲੰਡਨ ਦਾ ਹੀਥਰੋ ਏਅਰਪੋਰਟ ਬਹੁਤ ਸਮੇਂ ਤੋਂ ਚਰਚਾ ਵਿਚ ਰਿਹਾ ਹੈ। ਇਹ ਏਅਰਪੋਰਟ 1946 ਵਿਚ ਕੰਮ ਕਰਨਾ ਆਰੰਭ ਹੋ ਗਿਆ ਸੀ। ਇੱਥੇ ਇਸ ਵਕਤ 78,047,278 ਯਾਤਰੀ ਆਉਂਦੇ ਅਤੇ ਜਾਂਦੇ ਹਨ। ਇੱਥੇ ਹਰ ਸਾਲ 475,783 ਜਹਾਜ਼ ਲੈਂਡ ਕਰਦੇ ਹਨ।



**ਫਰੈਂਕਫਰਟ ਏਅਰਪੋਰਟ**

ਜਰਮਨੀ ਦਾ ਫਰੈਂਕਫਰਟ ਏਅਰਪੋਰਟ 1936 ਵਿਚ ਆਰੰਭ ਕੀਤਾ ਗਿਆ ਸੀ। ਇੱਥੇ ਹਰ ਸਾਲ 63,500,386 ਯਾਤਰੀ ਆਉਂਦੇ ਅਤੇ ਜਾਂਦੇ ਹਨ। ਇੱਥੇ ਹਰ ਸਾਲ 475,537 ਜਹਾਜ਼ ਲੈਂਡ ਕਰਦੇ ਹਨ।



**ਕਲੋਟਨ ਇੰਟਰਨੈਸ਼ਨਲ ਏਅਰਪੋਰਟ**

ਸਵਿਟਜ਼ਰਲੈਂਡ ਦੀ ਰਾਜਧਾਨੀ ਜਿਊਰਿਖ ਵਿਚ ਸਥਿਤ ਕਲੋਟਨ ਇੰਟਰਨੈਸ਼ਨਲ ਏਅਰਪੋਰਟ ਜੁਲਾਈ 1921 ਵਿਚ ਆਰੰਭ ਕੀਤਾ ਗਿਆ ਸੀ। ਇੱਥੇ ਹਰ ਸਾਲ 27666,428 ਯਾਤਰੀ ਆਉਂਦੇ ਅਤੇ ਜਾਂਦੇ ਹਨ। ਇੱਥੇ ਹਰ ਸਾਲ 269160 ਯਾਤਰੀ ਜਹਾਜ਼ ਲੈਂਡ ਕਰਦੇ ਹਨ।

# ਸਰਕਾਰੀ ਬਹੁਤਕਨੀਕੀ ਕਾਲਜ ਵਿਖੇ ਕਰਵਾਇਆ ਸਲਾਨਾ ਇਨਾਮ ਵੰਡ ਸਮਾਰੋਹ

ਪਟਿਆਲਾ, 8 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-



ਸਰਕਾਰੀ ਬਹੁਤਕਨੀਕੀ ਕਾਲਜ ਪਟਿਆਲਾ ਵਿਖੇ ਅੱਜ ਸਲਾਨਾ ਇਨਾਮ ਵੰਡ ਸਮਾਰੋਹ ਕਰਵਾਇਆ ਗਿਆ। ਇਸ ਮੌਕੇ ਤੇ ਮੁੱਖ ਮਹਿਮਾਨ ਵੱਜੋ ਸ੍ਰੀ ਤੇਜਿੰਦਰਪਾਲ ਸਿੰਘ ਵਾਲੀਆ, ਸੀਨੀਅਰ ਵਾਈਸ ਪ੍ਰੈਜ਼ੀਡੈਂਟ ਅਤੇ ਸੀ.ਈ.ਓ. ਪੰਜਾਬ ਰਿਲਾਇੰਸ ਜੀਓ ਇੰਡੀਕੋਮ ਲਿਮਟਿਡ ਪਹੁੰਚੇ।

ਸਮਾਰੋਹ ਦੇ ਸ਼ੁਰੂ ਵਿੱਚ ਕਾਲਜ ਦੇ ਪ੍ਰਿੰਸੀਪਲ ਸ੍ਰ. ਜਗਦੇਵ ਸਿੰਘ ਕਾਲੇਕਾ ਨੇ ਮੁੱਖ ਮਹਿਮਾਨ ਨੂੰ ਕਾਲਜ ਦੀਆਂ ਪ੍ਰਾਪਤੀਆਂ ਬਾਰੇ ਦੱਸਿਆ, ਜਿਸ ਵਿੱਚ ਪੰਜਾਬ ਸਟੇਟ ਬੋਰਡ ਆਫ਼ ਤਕਨੀਕੀ ਸਿੱਖਿਆ ਪੰਜਾਬ ਚੰਡੀਗੜ੍ਹ ਦੀ ਮੈਰਿਟ ਸੂਚੀ ਵਿੱਚ ਕਾਲਜ ਦੇ ਕਈ ਵਿਦਿਆਰਥੀਆਂ ਨੇ ਪੰਜਾਬ ਪੱਧਰ ਤੇ ਮਲ੍ਹਾ ਮਾਰੀਆਂ। ਵਿੱਦਿਅਕ ਪ੍ਰਾਪਤੀ ਦੇ ਨਾਲ ਨਾਲ ਉਹਨਾਂ ਦੱਸਿਆ ਕਿ ਫਰਵਰੀ 2025 ਵਿੱਚ ਪੰਜਾਬ ਪੱਧਰ ਤੇ ਹੋਏ ਐਥਲੈਟਿਕਸ ਮੁਕਾਬਲਿਆਂ ਵਿੱਚ ਕਾਲਜ ਪਹਿਲੇ ਨੰਬਰ ਤੇ ਰਿਹਾ ਅਤੇ ਮਾਰਚ 2025 ਵਿੱਚ ਯੁਵਕ ਮੇਲੇ ਵਿੱਚ ਵੀ ਕਾਲਜ ਪੰਜਾਬ ਵਿੱਚ ਪਹਿਲੇ ਨੰਬਰ ਤੇ ਰਿਹਾ। ਉਹਨਾਂ ਇਸ ਮੌਕੇ ਤੇ ਸਾਰੇ ਸਟਾਫ਼ ਅਤੇ ਵਿਦਿਆਰਥੀਆਂ ਦੀ ਮਿਹਨਤ ਸਦਕੇ ਹੀ ਸੰਭਵ ਹੋਇਆ।

ਕਾਲਜ ਦੇ ਪ੍ਰੈੱਸ ਇੰਚਾਰਜ ਨਰਿੰਦਰ ਸਿੰਘ ਢੀਂਡਸਾ ਨੇ ਦੱਸਿਆ ਕਿ ਕਾਲਜ ਵਿੱਚ ਐਨ.ਸੀ.ਸੀ. ਯੂਨਿਟ ਵੀ ਚੱਲ ਰਿਹਾ ਹੈ ਅਤੇ ਵਿਦਿਆਰਥੀਆਂ ਨੂੰ ਨਸ਼ੇ ਤੋਂ ਦੂਰ ਰੱਖਣ ਲਈ ਵਿਦਿਆਰਥੀਆਂ ਨੂੰ ਵੱਖ ਵੱਖ ਖੇਡਾਂ ਵਿੱਚ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ ਜਾਂਦਾ ਹੈ।

ਉਹਨਾਂ ਦੱਸਿਆ ਕਿ ਇਸ ਵਿੱਦਿਅਕ ਸਾਲ ਵਿੱਚ ਕਾਲਜ ਦੇ ਵਿਦਿਆਰਥੀ ਵੱਖ ਵੱਖ ਖੇਡਾਂ ਵਿੱਚ ਪੰਜਾਬ ਪੱਧਰ ਤੇ ਜੇਤੂ ਰਹੇ ਹਨ।

ਕਾਲਜ ਦੇ ਪ੍ਰਿੰਸੀਪਲ ਸ. ਜਗਦੇਵ ਸਿੰਘ ਕਾਲੇਕਾ ਨੇ ਦੱਸਿਆ ਕਿ ਇਸ ਸਾਲ 100 ਦੇ ਕਰੀਬ ਵਿਦਿਆਰਥੀਆਂ ਦੀ ਪਲੇਸਮੈਂਟ ਕਰਵਾਈ ਗਈ ਜੋ ਕਿ ਤੀਸਰੇ ਸਾਲ ਡਿਪਲੋਮਾ ਦੇ ਵਿਦਿਆਰਥੀ ਹਨ। ਉਹਨਾਂ ਦੱਸਿਆ ਕਿ ਯੋਕੋਹਾਮਾ ਰਿਲਾਇੰਸ, ਫੈਡਰਲ ਮੁਗਲ, ਆਦਿ ਕੰਪਨੀਆਂ ਵਿੱਚ ਵਿਦਿਆਰਥੀਆਂ ਦੀ ਪਲੇਸਮੈਂਟ ਹੋਈ ਹੈ।

ਕਾਲਜ ਦੀਆਂ ਪ੍ਰਾਪਤੀਆਂ ਤੋਂ ਪ੍ਰਭਾਵਿਤ, ਸਮਾਰੋਹ ਵਿੱਚ ਮੁੱਖ ਮਹਿਮਾਨ, ਸ੍ਰੀ ਤੇਜਿੰਦਰਪਾਲ ਸਿੰਘ ਵਾਲੀਆ ਨੇ ਪਿਛਲੇ ਸਾਲ ਦੇ ਮੈਰਿਟ ਵਿੱਚ ਆਏ ਵਿਦਿਆਰਥੀਆਂ ਨੂੰ ਇਨਾਮ ਵੰਡੇ ਅਤੇ ਕਾਲਜ ਦੇ ਪ੍ਰਿੰਸੀਪਲ, ਸਟਾਫ਼ ਅਤੇ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਆਉਣ ਵਾਲਾ ਸਮਾਂ ਟੈਕਨੌਲੋਜੀ ਦਾ ਹੈ ਅਤੇ ਜੋ ਵਿਦਿਆਰਥੀ ਇਸ ਕਾਲਜ ਤੋਂ ਕੰਪਿਊਟਰ ਸਾਇੰਸ, ਆਈ.ਟੀ., ਇਲੈਕਟ੍ਰਾਨਿਕਸ, ਆਰਕੀਟੈਕਚਰ ਆਦਿ ਦਾ ਡਿਪਲੋਮਾ ਕਰ ਰਹੇ ਹਨ ਉਹਨਾਂ ਨੇ ਆਪਣੇ ਭਵਿੱਖ ਨੂੰ ਲੈ ਕੇ ਸਹੀ ਸ਼ੁਰੂਆਤ ਕੀਤੀ ਹੈ।

ਇਸ ਮੌਕੇ ਤੇ ਆਈ.ਟੀ. ਵਿਭਾਗ ਦੀ ਪਾਸ ਆਊਟ ਵਿਦਿਆਰਥਣ ਮਿਸ ਹਰਪ੍ਰੀਤ ਕੌਰ ਨੂੰ ਪੰਜਾਬ ਤਕਨੀਕੀ ਸਿੱਖਿਆ ਬੋਰਡ ਵੱਲੋਂ ਪੰਜਾਬ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਨ ਲਈ 7500/- ਰੁਪਏ ਦੀ ਰਾਸ਼ੀ ਇਨਾਮ ਵਜੋਂ ਦਿੱਤੀ ਗਈ। ਆਰਕੀਟੈਕਚਰ ਵਿਭਾਗ ਦੀ ਮਿਸ ਕਰਮਜੀਤ ਕੌਰ, ਕੰਪਿਊਟਰ ਸਾਇੰਸ ਅਤੇ ਇੰਜ: ਵਿਭਾਗ ਦੀ ਮਿਸ ਹਰਨੂਰ ਕੌਰ, ਇਲੈਕਟ੍ਰਾਨਿਕਸ ਵਿਭਾਗ ਦੀ ਮਿਸ ਸਵਿਤ੍ਰੀ, ਆਈ.ਟੀ. ਵਿਭਾਗ ਦੀ ਮਿਸ ਹਰਪ੍ਰੀਤ ਕੌਰ ਮੈਡੀਕਲ ਲੈਬ ਟੈਕਨਾਲੋਜੀ ਵਿਭਾਗ ਦੀ ਮਿਸ ਕੁਲਬੀਰ ਕੌਰ, ਐਮ.ਓ.ਪੀ. ਵਿਭਾਗ ਦੀ ਮਿਸ ਮੀਨਾ, ਡੀ.ਫ਼ਾਰਮੇਸੀ ਵਿਭਾਗ ਦੀ ਮਿਸ ਮਨੀਸ਼ਾ ਅਤੇ ਡਿਗਰੀ ਫਾਰਮੇਸੀ ਦੀ ਮਿਸ ਪਰਨੀਤ ਕੌਰ ਨੂੰ ਆਪਣੇ ਆਪਣੇ ਵਿਭਾਗ ਵਿੱਚ ਪਹਿਲੇ ਸਥਾਨ ਤੇ ਆਉਣ ਲਈ ਇਨਾਮ ਮਿਲੇ।

ਇਸ ਮੌਕੇ ਤੇ ਸ਼ਬਦ ਗਾਇਨ, ਗੀਤ ਗਿੱਧਾ ਅਤੇ ਹੋਰ ਸਭਿਆਚਾਰਕ ਪ੍ਰੋਗਰਾਮ ਵਿਦਿਆਰਥੀਆਂ ਵੱਲੋਂ ਪੇਸ਼ ਕੀਤੇ ਗਏ।

ਸਮਾਰੋਹ ਦੇ ਅੰਤ ਵਿੱਚ ਨਰਿੰਦਰ ਸਿੰਘ ਢੀਂਡਸਾ ਨੇ ਮੁੱਖ ਮਹਿਮਾਨ ਤੇਜਿੰਦਰਪਾਲ ਸਿੰਘ ਵਾਲੀਆ, ਪਾਸ ਆਊਟ ਵਿਦਿਆਰਥੀ ਅਤੇ ਉਹਨਾਂ ਦੇ ਪਰਿਵਾਰ ਦੇ ਮੈਂਬਰਾਂ ਦਾ ਸਮਾਰੋਹ ਵਿੱਚ ਪਹੁੰਚਣ ਦਾ ਧੰਨਵਾਦ ਕੀਤਾ।

# ਸਕੂਲਾ ਦੇ ਵਿਦਿਆਰਥੀਆ ਦਾ ਸਪੈਸ਼ਲ ਹੈਲਥ ਚੈਕਅੱਪ ਸਕਰੀਨਿੰਗ ਕੰਪੇਨ 15 ਅਪ੍ਰੈਲ ਤੋਂ ਸ਼ੁਰੂ : ਸਿਵਲ ਸਰਜਨ

ਪਟਿਆਲਾ, 8 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-



ਰਾਸ਼ਟਰੀ ਨੇਤਰ ਜਯੋਤੀ ਅਭਿਆਨ ਤਹਿਤ ਜਿਲ੍ਹਾ ਪਟਿਆਲਾ ਨੂੰ ਮੋਤੀਆ ਮੁਕਤ ਕਰਨ ਲਈ ਸਿਵਲ ਸਰਜਨ ਡਾ. ਜਗਪਾਲਇੰਦਰ ਸਿੰਘ ਅਤੇ ਜਿਲ੍ਹਾ ਸਹਾਇਕ ਸਿਹਤ ਅਫਸਰ ਅਤੇ ਨੋਡਲ ਅਫਸ਼ਰ ਰਾਸ਼ਟਰੀ ਪ੍ਰੋਗਰਾਮ ਫਾਰ ਕੰਟਰੋਲ ਆਫ ਬਲਾਈਂਡਨੈਸ ਡਾ. ਐਸ.ਜੇ. ਸਿੰਘ ਵੱਲੋਂ ਜਿਲ੍ਹੇ ਦੇ ਅਪਥਾਲਮਿਕ ਅਫਸਰਾਂ ਦੀ ਮਹੀਨਾਵਾਰ ਮੀਟਿੰਗ ਕੀਤੀ ਗਈ। ਜਿਸ ਵਿੱਚ ਵੱਖ ਵੱਖ ਸਿਹਤ ਸੰਸਥਾਂਵਾ ਤੋਂ ਆਏ ਅਪਥਾਲਮਿਕ ਅਫਸਰਾਂ ਵੱਲੋਂ ਸ਼ਮੂਲੀਅਤ ਕੀਤੀ ਗਈ। ਮੀਟਿੰਗ ਕਰਦੇ ਹੋਏ ਸਿਵਲ ਸਰਜਨ ਡਾ. ਜਗਪਾਲਇੰਦਰ ਸਿੰਘ ਨੇ ਕਿਹਾ ਕਿ ਸਿਹਤ ਮੰਤਰੀ ਡਾ.ਬਲਬੀਰ ਸਿੰਘ ਅਤੇ ਸਿਹਤ ਵਿਭਾਗ ਦੇ ਉੱਚ ਅਧਿਕਾਰੀਆਂ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਪਾਇਲਟ ਪ੍ਰੋਜੈਕਟ ਕੰਪੇਨ 15 ਅਪ੍ਰੈਲ ਤੋਂ ਸ਼ੁਰੂ ਹੋਣ ਜਾ ਰਹੀ ਹੈ ਜਿਸ ਵਿੱਚ ਆਰ.ਬੀ.ਐਸ.ਕੇ ਦੀਆ ਟੀਮਾਂ ਅਤੇ ਨਰਸਿੰਗ ਸਕੂਲ ਦੇ ਵਿਦਿਆਰਥੀਆਂ ਦੇ ਸਹਿਯੋਗ ਨਾਲ ਸਕੂਲਾ ਵਿੱਚ ਅਨੀਮੀਆ ਅਤੇ ਘੱਟ ਨਿਗਾ ਵਾਲੇ ਬੱਚਿਆਂ ਦੀ ਸਕਰੀਨਿੰਗ ਕੀਤੀ ਜਾਵੇਗੀ, ਇਸ ਸਬੰਧੀ ਨਰਸਿੰਗ ਵਿਦਿਆਰਥੀਆਂ ਨੂੰ ਟ੍ਰੇਨਿੰਗ ਵੀ ਦਿੱਤੀ ਜਾਵੇਗੀ। ਰਾਸ਼ਟਰੀ ਨੇਤਰ ਜਯੋਤੀ ਅਭਿਆਨ ਤਹਿਤ ਜਿਲ੍ਹਾ ਪਟਿਆਲਾ ਨੂੰ ਮੋਤੀਆ ਮੁਕਤ ਕਰਨ ਦਾ ਜੋ ਅਭਿਆਨ ਚਲ ਰਿਹਾ ਹੈ, ਉਸ ਤਹਿਤ 50 ਸਾਲ ਤੋਂ ਵੱਧ ਉਮਰ ਵਾਲੇ ਸਾਰੇ ਵਿਅਕਤੀਆਂ ਦੀ ਮੋਤੀਆਬਿੰਦ ਸਬੰਧੀ ਸਕਰੀਨਿੰਗ ਕੀਤੀ ਜਾ ਰਹੀ ਹੈ ਅਤੇ ਮੋਤੀਆਬਿੰਦ ਦੇ ਅਪਰੇਸ਼ਨ ਕੇ ਮੁੱਫਤ ਕਰਵਾਏ ਜਾ ਰਹੇ ਹਨ। ਉਹਨਾਂ ਕਿਹਾ ਕਿ ਜਿਲ੍ਹੇ ਦੇ ਸਾਰੇ ਬਲਾਕਾਂ ਨੂੰ ਮੋਤੀਆ ਮੁਕਤ ਕੀਤੇ ਜਾਣ ਦੇ ਉਪਰਾਲੇ ਕੀਤੇ ਜਾ ਰਹੇ ਹਨ।ਇਸ ਮੌਕੇ ਡਾ.ਜਗਪਾਲਇੰਦਰ ਸਿੰਘ ਵੱਲੋਂ ਅਪਥਾਲਮਿਕ ਅਫਸਰਾਂ ਨੂੰ ਅਪੀਲ ਕੀਤੀ ਗਈ ਕਿ ਵੱਧ ਤੋਂ ਵੱਧ ਲੋਕਾਂ ਨੂੰ ਅੱਖਾਂ ਦਾਨ ਕਰਨ ਲਈ ਪ੍ਰੇਰਿਤ ਕੀਤਾ ਜਾਵੇ। ਐਨ.ਜੀ.ਓ. ਸੰਸਥਾਵਾਂ ਦੀ ਮੱਦਦ ਨਾਲ ਮਰੀਜ ਦੇ ਰਿਸ਼ਤੇਦਾਰਾਂ ਨਾਲ ਕੌਂਸਲਿੰਗ ਕਰਵਾ ਕੇ ਅੱਖ ਦਾਨ ਕਰਵਾਈ ਜਾਵੇ।

# ਮਿੱਟੀ ਨਾ ਫਰੋਲ ਯੋਗੀਆਂ ਪਹਿਲਾ ਨਾਟਕ ਮੇਲਾ 6 ਅਪ੍ਰੈਲ ਨੂੰ ਹਰੀਦਾਸ ਕਾਲੋਨੀ ਨਾਭਾ ਵਿਖੇ ਕਰਵਾਈਆਂ ਜਾ ਰਿਹਾ : ਬਲਕਾਰ ਸਿੰਘ ਰੈਸਲ

ਭਾਦਸੋਂ, 8 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਨਿਊ ਆਜਾਦ ਨੌਜਵਾਨ ਵੈਲਫੇਅਰ ਐਂਡ ਸਪੋਰਟਸ ਕਲੱਬ ਰਜਿ ਵੱਲੋਂ ਬਹੁਤ ਵੱਡੇ ਪੱਧਰ ਤੇ ਹਰੀਦਾਸ ਕਲੋਨੀ ਨਾਭਾ ਵਿਖੇ ਪ੍ਰਧਾਨ ਬਲਕਾਰ ਸਿੰਘ ਰੈਸਲ ਦੀ ਅਗਵਾਈ ਦੇ ਵਿੱਚ ਪਹਿਲਾ ਨਾਟਕ ਮੇਲਾ ਮਿਤੀ 6 ਅਪ੍ਰੈਲ ਦਿਨ ਐਤਵਾਰ ਨੂੰ ਕਰਵਾਇਆ ਜਾ ਰਿਹਾ ਹੈ। ਨਾਟਕ ÷ਮਿੱਟੀ ਨਾ ਫਰੋਲ ਯੋਗੀਆਂ÷ ਜਿਸ ਦੇ ਨਿਰਮਾਤਾ ਨਿਰਦੇਸ਼ਕ ਆਨਾਈਤ ਅਲੀ ਤੇ ਪੂਰੀ ਟੀਮ ਦੇ ਨਾਲ - ਨਾਲ ਕਵਿਸ਼ਰੀ ਵਾਰਾ ਲੋਕ ਗੀਤ, ਪੇਂਟਿੰਗ ਚਿੱਤਰਕਾਰੀ, ਕਵਿਤਾ, ਸੁੰਦਰ ਲਿਖਾਈ, ਧਾਰਮਿਕ ਸਬਦ ਹੋਣ ਜਾ ਰਹੇ ਹਨ।ਇਸ ਪ੍ਰੋਗਰਾਮ ਵਿੱਚ ਵੱਖ ਵੱਖ ਅਕੈਡਮੀਆ ਅਤੇ ਵੱਖ ਵੱਖ ਪਿੰਡਾਂ ਦੇ ਵਿਦਿਆਰਥੀ ਭਾਗ ਲੈ ਰਹੇ ਹਨ ਜਿਹੜੇ ਵਿਦਿਆਰਥੀ ਜੈਤੂ ਰਹਿਣ ਗੇ ਉਨ੍ਹਾਂ ਵਿਦਿਆਰਥੀਆਂ ਨੂੰ ਮੈਡਲ ਸਰਟੀਫਿਕੇਟ ਨਾਲ ਸਨਮਾਨਿਤ ਕੀਤਾ ਜਾਵੇਗਾ ਜੀ। ਇਸ ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਡਾ ਭੀਮ ਇੰਦਰ ਸਿੰਘ ਵਰਲਡ ਪੰਜਾਬੀ ਸੈਂਟਰ ਪੰਜਾਬੀ ਯੂਨੀਵਰਸਿਟੀ ਅਤੇ ਆਮ ਆਦਮੀ ਪਾਰਟੀ ਜਸਵੀਰ ਸਿੰਘ ਜੱਸੀ ਸੋਹੀਆ ਵਾਲਾ ਚੇਅਰਮੈਨ ਜਿਲਾ ਯੋਜਨਾ ਬੋਰਡ ਤੇ ਅਵਤਾਰ ਸਿੰਘ ਨੰਨੜੇ ਪਹੁੰਚ ਰਹੇ ਹਨ। ਜਿਹੜੇ ਕਿ ਵਿਦਿਆਰਥੀਆਂ ਦੀ ਹੌਂਸਲਾ ਅਫਜ਼ਾਈ ਕਰਨ ਗੇ।ਇਸ ਦੇ ਨਾਲ ਹੀ ਸੀ ? ਗੁਰੂ ਰਵਿਦਾਸ ਵੈਲਫੇਅਰ ਸੁਸਾਇਟੀ ਰਜਿ ਪ੍ਰਧਾਨ ਸੰਦੀਪ ਕੋਟੀ ਦੀ ਪੂਰੀ ਟੀਮ ਵੀ ਆਪਣੀ ਹਾਜ਼ਰੀ ਲਗਵਾਏ ਗੀ। ਇਸ ਮੌਕੇ ਬਲਕਾਰ ਸਿੰਘ ਰੈਸਲ ਪ੍ਰਧਾਨ ਨੇ ਦੱਸਿਆ ਕਿ ਸਾਡਾ ਪ੍ਰੋਗਰਾਮ ਕਰਵਾਉਣ ਦਾ ਮਕਸਦ ਇਹ ਹੈ ਕਿ ਸਾਡੇ ਪੰਜਾਬੀ ਸੱਭਿਆਚਾਰ ਵਿਰਸੇ ਨਾਲ ਜੁੜੇ ਰਹੀਏ ਅਤੇ ਇਸ ਤਰ੍ਹਾਂ ਦੇ ਉਪਰਾਲੇ ਸਾਨੂੰ ਕਲੱਬ ਅਤੇ ਗ੍ਰਾਮ ਪੰਚਾਇਤ ਨਾਲ ਮਿਲ ਕੇ ਕਰਨੇ ਚਾਹੀਦੇ ਹਨ ਤਾ ਜੋ ਕਿ ਸਾਮਾਜ ਵਿਚ ਜਾਗਰੂਕਤਾ ਪੈਦਾ ਹੋ ਸਕੇ।ਇਸ ਪ੍ਰੋਗਰਾਮ ਵਿੱਚ ਪੰਜ ਸੋ ਦੇ ਤਕਰੀਬਨ ਵਿਦਿਆਰਥੀ ਪਹੁੰਚ ਰਹੇ ਹਨ।ਇਸ ਮੌਕੇ ਸਾਡੇ ਨਾਲ ਸਾਮਾਜ ਸੇਵਿਕ ਜਸਵਿੰਦਰ ਕੌਰ ਭੁੱਲਰ,ਰਛਪਾਲ ਸਿੰਘ ਰੈਸਲ, ਮਾਸਟਰ ਲਖਵੀਰ ਸਿੰਘ, ਮਾਸਟਰ ਓਕਾਰ ਸਿੰਘ ਤੇਜੇ,ਵਕੀਲ ਸਾਹਿਬ ਮਨਪ੍ਰੀਤ ਕੌਰ, ਸਤਨਾਮ ਸਿੰਘ, ਨੀਟੂ ਸ਼ਰਮਾ ਜੱਸੋਮਜਾਰਾ, ਦਿਲਜੀਤ ਸਿੰਘ ਵਿਰਕ, ਸੰਦੀਪ ਕੋਟੀ ਦੀਪੂ ਹਾਜ਼ਰੀ ਲਗਵਾਉਣ ਲਈ ਸ਼ਾਮਲ ਹੋਣਗੇ।

# ਹਰਭਜਨ ਸਿੰਘ ਈ.ਟੀ.ਓ. ਵਲੋਂ ਸੂਬੇ ਦੇ ਸੜਕੀ ਨੈਟਵਰਕ ਨੂੰ ਬਿਹਤਰ ਬਣਾਉਣ ਦੇ ਹੁਕਮ

## ਸੜਕਾਂ ਦੇ ਨਿਰਮਾਣ ਦੌਰਾਨ ਗੁਣਵੱਤਾ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ: ਲੋਕ ਨਿਰਮਾਣ ਮੰਤਰੀ



ਚੰਡੀਗੜ੍ਹ, 8 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਸੂਬੇ ਦੇ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈ.ਟੀ.ਓ. ਨੇ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸੂਬੇ ਦੇ ਸੜਕੀ ਨੈਟਵਰਕ ਨੂੰ ਹੋਰ ਬਿਹਤਰ ਬਣਾਇਆ ਜਾਵੇ।

ਅੱਜ ਇੱਥੇ ਲੋਕ ਨਿਰਮਾਣ ਵਿਭਾਗ ਦੇ ਅਧਿਕਾਰੀਆਂ ਨਾਲ ਵਿੱਤੀ ਵਰ੍ਹੇ 2025-26 ਲਈ ਪੰਜਾਬ ਸਰਕਾਰ ਵੱਲੋਂ ਦਿੱਤੇ ਗਏ ਬਜਟ ਸਬੰਧੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਸ. ਹਰਭਜਨ ਸਿੰਘ ਈ.ਟੀ.ਓ. ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਨੂੰ ਤਰੱਕੀ ਦੇ ਰਾਹ 'ਤੇ ਪਾਉਣ ਲਈ ਚਹੁੰਮੁਖੀ ਵਿਕਾਸ ਕਰਨ ਲਈ ਲਗਾਤਾਰ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸੂਬੇ ਵਿਚ ਵਿਕਾਸ ਕਾਰਜਾਂ ਨੂੰ ਤੇਜ਼ ਕਰਨ ਲਈ ਬਿਹਤਰ ਸੜਕੀ ਨੈਟਵਰਕ ਜ਼ਰੂਰੀ ਹੈ।

ਉਨ੍ਹਾਂ ਕਿਹਾ ਕਿ ਸੂਬੇ ਵਿੱਚ ਬਣਨ ਵਾਲੀਆਂ ਸਾਰੀਆਂ ਸੜਕਾਂ ਦੀ ਗੁਣਵੱਤਾ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ ਤਾਂ ਜੋ ਲੰਮੇ ਸਮੇਂ ਤੱਕ ਇਹ ਸੜਕਾਂ ਨੂੰ ਮੁਰੰਮਤ ਦੀ ਲੋੜ ਨਾ ਪਵੇ। ਮੀਟਿੰਗ ਦੌਰਾਨ ਲੋਕ ਨਿਰਮਾਣ ਮੰਤਰੀ ਨੇ ਅੰਮ੍ਰਿਤਸਰ ਤੋਂ ਤਰਨ ਤਾਰਨ ਮਾਰਗ, ਡੇਰਾਬੱਸੀ ਦੇ ਮੁਬਾਰਕਪੁਰ ਤੋਂ ਢਕੋਲੀ ਸੜਕ ਉੱਤੇ ਪੁੱਲ਼ ਬਣਾਉਣ, ਗੜ੍ਹਸ਼ੰਕਰ ਤੋਂ ਆਨੰਦਪੁਰ ਮਾਰਗ ਸਬੰਧੀ ਲੋੜੀਂਦੀਆਂ ਕਾਰਵਾਈਆਂ ਮੁਕੰਮਲ ਕਰਨ ਤੋਂ ਇਲਾਵਾ ਪਿੰਡ ਮੀਰਥਲ ਦੇ ਮਾਰਗ ਨੂੰ ਜਲਦ ਮੁਕੰਮਲ ਕਰਨ ਦੇ ਹੁਕਮ ਦਿੱਤੇ।

ਉਨ੍ਹਾਂ ਚਿੱਟੀਵਿੰਡ ਪੁੱਲ਼ ਦੀ ਉਸਾਰੀ ਸਬੰਧੀ ਕਾਰਜ ਦੋ ਮਹੀਨੇ ਵਿੱਚ ਮੁਕੰਮਲ ਕਰਨ ਦੇ ਹੁਕਮ ਦਿੱਤੇ ਤਾਂ ਜੋ ਇਸ ਪੁੱਲ਼ ਦਾ ਕੰਮ ਜਲਦ ਤੋਂ ਜਲਦ ਸ਼ੁਰੂ ਹੋ ਸਕੇ।

ਇਸ ਦੇ ਨਾਲ ਹੀ ਉਨ੍ਹਾਂ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸੜਕੀ ਪ੍ਰੋਜੈਕਟਾਂ ਸਬੰਧੀ ਜੰਗਲਾਤ ਵਿਭਾਗ ਤੋਂ ਹਾਸਲ ਕੀਤੀਆਂ ਜਾਣ ਵਾਲੀਆਂ ਪ੍ਰਵਾਨਗੀਆਂ ਸਬੰਧੀ ਅੜਚਣਾਂ ਨੂੰ ਦੂਰ ਕਰਨ ਲਈ ਜੰਗਲਾਤ ਵਿਭਾਗ ਦੇ ਅਧਿਕਾਰੀਆਂ ਨਾਲ ਇਕ ਉੱਚ ਪੱਧਰੀ ਮੀਟਿੰਗ ਜਲਦ ਤੋਂ ਜਲਦ ਕੀਤੀ ਜਾਵੇ। ਉਨ੍ਹਾਂ ਅਧਿਕਾਰੀਆਂ ਨੂੰ ਸੂਬੇ ਦੀਆਂ ਪਲਾਨ ਰੋਡਜ਼ ਸਬੰਧੀ ਕਾਰਜ ਨੂੰ ਵੀ ਤੇਜ਼ੀ ਨਾਲ ਮੁਕੰਮਲ ਕਰਨ ਦੇ ਹੁਕਮ ਦਿੱਤੇ। ਇਸ ਮੀਟਿੰਗ ਵਿੱਚ ਸਕੱਤਰ ਲੋਕ ਨਿਰਮਾਣ ਵਿਭਾਗ ਡਾ. ਰਵੀ ਭਗਤ ਸਮੇਤ ਵੱਖ-ਵੱਖ ਅਧਿਕਾਰੀ ਹਾਜ਼ਰ ਸਨ।

# ਮੁਸਲਿਮ ਭਾਈਚਾਰੇ ਦੇ ਵ.ਫਦ ਵੱਲੋਂ ਜਥੇਦਾਰ ਸ੍ਰੀ ਅਕਾਲ ਤਖ਼ਤ ਨਾਲ ਮੁਲਾਕਾਤ

ਅੰਮ੍ਰਿਤਸਰ, 8 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-



ਮੁਸਲਿਮ ਭਾਈਚਾਰੇ ਦੀ ਜਮੀਅਤ ਉਲੇਮਾ-ਏ-ਹਿੰਦ ਸੰਸਥਾ ਦੇ ਇੱਕ ਵਫ਼ਦ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨਾਲ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਮੁਲਾਕਾਤ ਕੀਤੀ। ਮੁਲਾਕਾਤ ਦੌਰਾਨ ਵਕਫ਼ ਸੋਧ ਬਿੱਲ ਬਾਰੇ ਵੀ ਚਰਚਾ ਕੀਤੀ ਗਈ। ਜਥੇਦਾਰ ਨੇ ਆਖਿਆ ਕਿ ਸਰਕਾਰਾਂ ਨੂੰ ਕੋਈ ਵੀ ਅਜਿਹਾ ਕੰਮ ਨਹੀਂ ਕਰਨਾ ਚਾਹੀਦਾ ਜਿਸ ਨਾਲ ਕਿਸੇ ਭਾਈਚਾਰੇ ਨੂੰ ਇਹ ਲੱਗੇ ਕਿ ਉਹਨਾਂ ਦਾ ਹੱਕ ਖੋਹਿਆ ਜਾ ਰਿਹਾ।

ਇਸ ਦੌਰਾਨ ਮੁਸਲਿਮ ਵਫ਼ਦ ਅਤੇ ਜਥੇਦਾਰ ਗੜਗੱਜ ਵਿਚਕਾਰ ਸਿੱਖ-ਮੁਸਲਿਮ ਆਪਸੀ ਸਾਂਝ, ਸਦਭਾਵਨਾ ਅਤੇ ਦੋਵੇਂ ਧਰਮਾਂ ਦੇ ਸਨਮੁਖ ਚੁਣੌਤੀਆਂ ਸਬੰਧੀ ਵੀ ਵਿਚਾਰਾਂ ਹੋਈਆਂ।

ਮੁਸਲਿਮ ਵਫ਼ਦ ਨੇ ਕਿਹਾ ਗਿਆ ਕਿ ਉਨ੍ਹਾਂ ਦੀ ਸੰਸਥਾ ਨੇ ਸਿੱਖਾਂ ਦੇ ਸਰਬਉੱਚ ਅਸਥਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਾਲ ਲੰਮੇ ਸਮੇਂ ਤੋਂ ਸਾਂਝ ਬਣਾ ਕੇ ਰੱਖੀ ਹੋਈ ਹੈ ਤਾਂ ਜੋ ਦੋਵੇਂ ਭਾਈਚਾਰਿਆਂ ਵਿੱਚ ਆਪਸੀ ਸਾਂਝ ਕਾਇਮ ਰਹੇ ਅਤੇ ਕੋਈ ਮਤਭੇਦ ਜਾਂ ਮਸਲਾ ਸਾਹਮਣੇ ਆਉਣ ਉੱਤੇ ਮਿਲ ਬੈਠ ਕੇ ਸੁਖਾਵੇਂ ਮਾਹੌਲ ਵਿੱਚ ਹੱਲ ਕਰ ਲਿਆ ਜਾਵੇ।

ਮੁਸਲਿਮ ਵਫ਼ਦ ਵੱਲੋਂ ਜਥੇਦਾਰ ਨੂੰ ਭਰੋਸਾ ਦਿੱਤਾ ਗਿਆ ਕਿ ਜੇ ਸਿੱਖ ਸੰਸਥਾਵਾਂ ਵੱਲੋਂ ਉਨ੍ਹਾਂ ਦੇ ਧਿਆਨ ਵਿੱਚ ਕੋਈ ਮਸਲਾ ਲਿਆਂਦਾ ਜਾਵੇਗਾ ਤਾਂ ਉਨ੍ਹਾਂ ਦੇ ਆਗੂਆਂ ਵੱਲੋਂ ਇਸ ਨੂੰ ਹੱਲ ਕਰਨ ਲਈ ਸਿੱਖਾਂ ਨਾਲ ਤਾਲਮੇਲ ਕਰ ਕੇ ਤੁਰੰਤ ਲੋੜੀਂਦੀ ਕਾਰਵਾਈ ਕੀਤੀ ਜਾਵੇਗੀ ਤਾਂ ਜੋ ਆਪਸੀ ਸਾਂਝ ਕਾਇਮ ਰਹੇ। ਇਸ ਦੌਰਾਨ ਜਥੇਦਾਰ ਨੇ ਵੀ ਮੁਸਲਿਮ ਵਫ਼ਦ ਨੂੰ ਸਿੱਖਾਂ ਦੀ ਤਰਫ਼ੋਂ ਅਜਿਹਾ ਹੀ ਭਰੋਸਾ ਦਿੱਤਾ।

ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਇਸ ਮੁਲਕ ਦੀ ਖੂਬਸੂਰਤੀ ਹੀ ਇਸ ਗੱਲ ਵਿੱਚ ਹੈ ਕਿ ਇੱਥੇ ਆਪਸੀ ਭਾਈਚਾਰਾ ਅਤੇ ਸਾਂਝ ਕਾਇਮ ਹੈ, ਜਿਸ ਕਰਕੇ ਫਿਰਕੂ ਸ਼ਕਤੀਆਂ ਸਫ਼ਲ ਨਹੀਂ ਹੁੰਦੀਆਂ। ਇਸ ਦੌਰਾਨ ਮੁਸਲਿਮ ਵਫ਼ਦ ਨੇ ਜਥੇਦਾਰ ਗੜਗੱਜ ਨਾਲ ਵਕਫ਼ ਬੋਰਡ ਤੇ ਹੋਰ ਧਾਰਮਿਕ ਮਾਮਲਿਆਂ ਸਬੰਧੀ ਵੀ ਵਿਚਾਰਾਂ ਕੀਤੀਆਂ।

# ਕਣਕ ਦੀ ਫ਼ਸਲ ਨੂੰ ਅੱਗ ਲੱਗਣ ਦੀਆਂ ਸੰਭਾਵੀ ਘਟਨਾਵਾਂ ਨਾਲ ਨਜਿੱਠਣ ਲਈ, ਪੀ.ਐਸ.ਪੀ.ਸੀ.ਐਲ. ਵੱਲੋਂ ਕੰਟਰੋਲ ਰੂਮ ਸਥਾਪਤ: ਬਿਜਲੀ ਮੰਤਰੀ

ਚੰਡੀਗੜ੍ਹ, 8 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-



ਪੰਜਾਬ ਰਾਜ ਬਿਜਲੀ ਨਿਗਮ ਲਿਮਟਿਡ (ਪੀ.ਐਸ.ਪੀ.ਸੀ.ਐਲ.) ਨੇ ਚੱਲ ਰਹੇ ਵਾਢੀ ਦੇ ਸੀਜ਼ਨ ਦੌਰਾਨ ਕਣਕ ਦੀ ਫ਼ਸਲ ਨੂੰ ਅੱਗ ਲੱਗਣ ਦੀਆਂ ਸੰਭਾਵੀ ਘਟਨਾਵਾਂ ਨਾਲ ਨਜਿੱਠਣ ਦੇ ਮੱਦੇਨਜ਼ਰ ਇੱਕ ਸਮਰਪਿਤ ਕੰਟਰੋਲ ਰੂਮ ਸਥਾਪਤ ਕੀਤਾ ਹੈ।

ਇਸ ਸਬੰਧੀ ਹੋਰ ਵੇਰਵੇ ਸਾਂਝੇ ਕਰਦੇ ਹੋਏ, ਬਿਜਲੀ ਮੰਤਰੀ ਸ. ਹਰਭਜਨ ਸਿੰਘ ਈਟੀਓ ਨੇ ਦੱਸਿਆ ਕਿ ਢਿੱਲੀਆਂ ਜਾਂ ਲਟਕਦੀਆਂ ਬਿਜਲੀ ਦੀਆਂ ਤਾਰਾਂ ਅਤੇ ਜੀਓ ਸਵਿੱਚਾਂ, ਜੋ ਸਪਾਰਕਿੰਗ ਕਰਕੇ ਕਣਕ ਦੇ ਖੇਤਾਂ ਅੱਗ ਲਗਣ ਦਾ ਕਾਰਨ ਬਣ ਸਕਦੀਆਂ ਹਨ, ਨਾਲ ਨਜਿੱਠਣ ਲਈ ਕੰਟਰੋਲ ਰੂਮ ਸਥਾਪਤ ਕੀਤਾ ਗਿਆ ਹੈ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਇਨ੍ਹਾਂ ਬਿਜਲੀ ਖ਼ਤਰਿਆਂ ਦੇ ਸਮੇਂ ਸਿਰ ਹੱਲ ਲਈ ਤੁਰੰਤ ਨਜ਼ਦੀਕੀ ਸਬ-ਡਿਵੀਜ਼ਨਲ ਦਫ਼ਤਰ, ਸ਼ਿਕਾਇਤ ਕੇਂਦਰ ਜਾਂ ਕੰਟਰੋਲ ਰੂਮ 96461-06835, 96461-06836 ਜਾਂ ਟੋਲ-ਫਰੀ ਨੰਬਰ 1912 'ਤੇ ਰਿਪੋਰਟ ਕਰਨ। ਕੈਬਨਿਟ ਮੰਤਰੀ ਨੇ ਅੱਗੇ ਕਿਹਾ ਕਿ ਢਿੱਲੀਆਂ ਜਾਂ ਲਟਕਦੀਆਂ ਤਾਰਾਂ ਜਾਂ ਸਪਾਰਕਿੰਗ ਦੀਆਂ ਘਟਨਾਵਾਂ ਦੀਆਂ ਤਸਵੀਰਾਂ, ਸਥਾਨ ਦੇ ਵੇਰਵਿਆਂ ਸਮੇਤ, ਵਟਸਐਪ ਰਾਹੀਂ 96461-06836 'ਤੇ ਭੇਜੀਆਂ ਜਾ ਸਕਦੀਆਂ ਹਨ।

ਕਿਸਾਨਾਂ ਲਈ ਵਿਸ਼ੇਸ਼ ਸਾਵਧਾਨੀਆਂ ਨੂੰ ਉਜਾਗਰ ਕਰਦੇ ਹੋਏ, ਕੈਬਨਿਟ ਮੰਤਰੀ ਨੇ ਸਲਾਹ ਦਿੱਤੀ ਕਿ ਵੱਢੀ ਗਈ ਕਣਕ ਨੂੰ ਬਿਜਲੀ ਦੀਆਂ ਲਾਈਨਾਂ ਦੇ ਹੇਠਾਂ ਜਾਂ ਟਰਾਂਸਫਾਰਮਰਾਂ ਅਤੇ ਜੀਓ ਸਵਿੱਚਾਂ ਦੇ ਨੇੜੇ ਨਾ ਰੱਖਿਆ ਜਾਵੇ। ਉਨ੍ਹਾਂ ਨੇ ਕਿਸਾਨਾਂ ਟਰਾਂਸਫਾਰਮਰਾਂ ਦੇ ਆਲੇ-ਦੁਆਲੇ ਇੱਕ ਮਰਲੇ 'ਚ ਬੀਜੀ ਗਈ ਕਣਕ ਨੂੰ ਪਹਿਲਾਂ ਹੀ ਕੱਟ ਲੈਣ ਅਤੇ ਖੇਤਾਂ ਦੇ ਟਰਾਂਸਫਾਰਮਰਾਂ ਦੇ ਆਲੇ-ਦੁਆਲੇ 10 ਮੀਟਰ ਦਾ ਖੇਤਰ ਗਿੱਲਾ ਰੱਖਣ ਦੀ ਅਪੀਲ ਕੀਤੀ ਤਾਂ ਜੋ ਚੰਗਿਆੜੀਆਂ ਤੋਂ ਹੋਣ ਵਾਲੀਆਂ ਅੱਗ ਦੀਆਂ ਸੰਭਾਵੀ ਘਟਨਾਵਾਂ ਨੂੰ ਟਾਲਿਆ ਜਾ ਸਕੇ। ਉਨ੍ਹਾਂ ਕਣਕ ਦੇ ਖੇਤਾਂ ਦੇ ਨੇੜੇ ਸਿਗਰਟ ਜਾਂ ਬੀੜੀਆਂ ਨਾ ਪੀਣ ਲਈ ਵੀ ਕਿਹਾ।

ਕੈਬਨਿਟ ਮੰਤਰੀ ਨੇ ਬਾਂਸ ਦੇ ਖੰਭਿਆਂ ਜਾਂ ਸੋਟੀਆਂ ਦੀ ਵਰਤੋਂ ਕਰਕੇ ਬਿਜਲੀ ਦੀਆਂ ਲਾਈਨਾਂ ਨਾਲ ਛੇੜਛਾੜ ਕਰਨ ਵਿਰੁੱਧ ਚੇਤਾਵਨੀ ਦਿੰਦਿਆਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਅਣਅਧਿਕਾਰਤ ਵਿਅਕਤੀਆਂ ਨੂੰ ਜੀਓ ਸਵਿੱਚ ਚਲਾਉਣ ਦੀ ਇਜਾਜ਼ਤ ਨਹੀਂ ਹੋਣੀ ਚਾਹੀਦੀ। ਉਨ੍ਹਾਂ ਇਹ ਵੀ ਕਿਹਾ ਕਿ ਪ੍ਰਦੂਸ਼ਣ ਨੂੰ ਰੋਕਣ ਲਈ ਕਣਕ ਦੀ ਪਰਾਲੀ ਜਾਂ ਰਹਿੰਦ-ਖੂੰਹਦ ਨੂੰ ਸਾੜਨਾ ਨਹੀਂ ਚਾਹੀਦਾ। ਹਰਭਜਨ ਸਿੰਘ ਈਟੀਓ ਨੇ ਕਿਸਾਨਾਂ ਨੂੰ ਸਿਰਫ਼ ਦਿਨ ਦੇ ਸਮੇਂ ਹੀ ਕੰਬਾਈਨ ਹਾਰਵੈਸਟਰ ਚਲਾਉਣ ਅਤੇ ਕੰਬਾਈਨਾਂ ਦੇ ਪੁਰਜ਼ਿਆਂ ਚੋਂ ਨਿਕਲਣ ਵਾਲੀਆਂ ਚੰਗਿਆੜੀਆਂ ਪ੍ਰਤੀ ਸੁਚੇਤ ਰਹਿਣ ਦੀ ਅਪੀਲ ਕੀਤੀ। ਉਨ੍ਹਾਂ ਬਿਜਲੀ ਦੇ ਖੰਭਿਆਂ, ਤਾਰਾਂ ਨਾਲ ਕੰਬਾਈਨਾਂ ਦੇ ਟਕਰਾਉਣ ਲਈ ਵੀ ਕਿਸਾਨਾਂ ਨੂੰ ਅਗਾਹ ਕੀਤਾ। ਕੈਬਨਿਟ ਮੰਤਰੀ ਨੇ ਖਾਸ ਤੌਰ 'ਤੇ ਕਿਹਾ ਕਿ ਕਣਕ ਦੀਆਂ ਫਸਲਾਂ ਨੂੰ ਅੱਗ ਲੱਗਣ ਦੀਆਂ ਘਟਨਾਵਾਂ ਤੋਂ ਬਚਾਉਣ ਲਈ ਸ਼ਰਾਰਤੀ ਅਨਸਰਾਂ 'ਤੇ ਨਜ਼ਰ ਰੱਖਣ ਦੀ ਲੋੜ ਹੈ।

ਉਨ੍ਹਾਂ ਲੋਕਾਂ ਨੂੰ ਇਹ ਵੀ ਅਪੀਲ ਕੀਤੀ ਕਿ ਉਹ ਕਿਸੇ ਵੀ ਬਿਜਲੀ ਦੀ ਲਾਈਨ ਦੇ ਸਪਾਰਕਿੰਗ ਦੀ ਸੂਚਨਾ ਤੁਰੰਤ ਸਬੰਧੀ ਪੀ.ਐਸ.ਪੀ.ਸੀ.ਐਲ. ਸਟਾਫ, ਜੂਨੀਅਰ ਇੰਜੀਨੀਅਰ, ਸਬ-ਡਿਵੀਜ਼ਨਲ ਅਫਸਰ ਜਾਂ ਕੰਟਰੋਲ ਰੂਮ ਨਾਲ ਸੰਪਰਕ ਕਰਨ।

# ਚੌਲ ਮਿੱਲਾਂ ਤੇ ਬੰਦ ਖੰਡ ਮਿੱਲਾਂ 'ਚ ਭੰਡਾਰ ਹੋਵੇਗੀ ਕਣਕ

ਚੰਡੀਗੜ੍ਹ, 8 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਲਈ ਕਣਕ ਨੂੰ ਭੰਡਾਰ ਕਰਨ ਦੀ ਚੁਣੌਤੀ ਵੱਡੀ ਹੈ, ਜਿਸ ਨਾਲ ਨਜਿੱਠਣ ਲਈ ਨਵੇਂ ਪੈਂਤੜੇ ਵਰਤੇ ਜਾਣ ਲੱਗੇ ਹਨ। ਐਤਕੀਂ ਚੌਲ ਮਿੱਲਾਂ ਤੇ ਬੰਦ ਖੰਡ ਮਿੱਲਾਂ 'ਚ ਵੀ ਕਣਕ ਭੰਡਾਰ ਕੀਤੀ ਜਾਵੇਗੀ। ਪਹਿਲੀ ਅਪਰੈਲ ਤੋਂ ਕਣਕ ਦੀ ਸਰਕਾਰੀ ਖ਼ਰੀਦ ਸ਼ੁਰੂ ਹੋ ਚੁੱਕੀ ਹੈ ਅਤੇ ਐਤਕੀਂ 124 ਲੱਖ ਮੀਟਰਿਕ ਟਨ ਦੀ ਖ਼ਰੀਦ ਦਾ ਟੀਚਾ ਮਿੱਥਿਆ ਗਿਆ ਹੈ। ਮੰਡੀਆਂ 'ਚ ਕਣਕ ਦੀ ਆਮਦ ਦਾ ਮਹੂਰਤ ਹੋ ਚੁੱਕਾ ਹੈ।

ਲੰਘੇ ਝੋਨੇ ਦੇ ਸੀਜ਼ਨ 'ਚ ਸੂਬਾ ਸਰਕਾਰ ਨੂੰ ਕਾਫ਼ੀ ਪਾਪੜ ਵੇਲਣੇ ਪਏ ਸਨ। ਐਤਕੀਂ ਵੀ ਮੁੱਖ ਮੰਤਰੀ ਭਗਵੰਤ ਮਾਨ ਨੇ ਕੁੱਝ ਦਿਨ ਪਹਿਲਾਂ ਕੇਂਦਰੀ ਖ਼ੁਰਾਕ ਮੰਤਰੀ ਪ੍ਰਹਿਲਾਦ ਜੋਸ਼ੀ ਨਾਲ ਮੁਲਾਕਾਤ ਕੀਤੀ, ਜਿਸ ਮਗਰੋਂ ਪੰਜਾਬ 'ਚੋਂ ਰੋਜ਼ਾਨਾ 20 ਤੋਂ 25 ਟਰੇਨਾਂ ਜ਼ਰੀਏ ਅਨਾਜ ਦੀ ਢੋਆ-ਢੋਆਈ ਹੋਣ ਲੱਗੀ ਹੈ। ਸੂਬਾ ਸਰਕਾਰ ਨੇ ਰੋਜ਼ਾਨਾ 40 ਟਰੇਨਾਂ ਪੰਜਾਬ ਨੂੰ ਦੇਣ ਦੀ ਮੰਗ ਕੀਤੀ ਹੈ। ਅਨਾਜ ਭੰਡਾਰਨ ਦਾ ਮਸਲਾ ਹੱਲ ਕਰਨ ਵਾਸਤੇ ਕਰੀਬ 20 ਲੱਖ ਮੀਟਰਿਕ ਟਨ ਕਣਕ ਨੂੰ ਮੰਡੀਆਂ 'ਚੋਂ ਸਿੱਧੀ ਚੁਕਾਈ ਕਰਵਾਉਣ ਦਾ ਟੀਚਾ ਰੱਖਿਆ ਗਿਆ ਹੈ।ਖ਼ੁਰਾਕ ਤੇ ਸਪਲਾਈਜ਼ ਵਿਭਾਗ ਨੇ 124 ਲੱਖ ਮੀਟਰਿਕ ਟਨ ਕਣਕ ਦੀ ਖ਼ਰੀਦ ਦੇ ਮਿੱਥੇ ਟੀਚੇ 'ਚੋਂ 50 ਲੱਖ ਮੀਟਰਿਕ ਟਨ ਕਣਕ ਨੂੰ ਖੁੱਲ੍ਹੇ ਗੁਦਾਮਾਂ ਵਿੱਚ ਭੰਡਾਰ ਕਰਨ ਦਾ ਪ੍ਰਬੰਧ ਕੀਤਾ ਹੋਇਆ ਹੈ। 20 ਲੱਖ ਮੀਟਰਿਕ ਟਨ ਕਣਕ ਦੀ ਮੰਡੀਆਂ 'ਚੋਂ ਸਿੱਧੀ ਚੁਕਾਈ ਕਰਵਾਈ ਜਾਣੀ ਹੈ ਅਤੇ 15 ਲੱਖ ਮੀਟਰਿਕ ਟਨ ਕਣਕ ਕਵਰਿੰਗ ਗੁਦਾਮਾਂ ਵਿੱਚ ਲਾਈ ਜਾਣੀ ਹੈ। ਇਸ ਤੋਂ ਇਲਾਵਾ ਪੰਜ ਲੱਖ ਮੀਟਰਿਕ ਟਨ ਦੀ ਸਮਰੱਥਾ ਵਾਲੇ ਨਵੇਂ ਗੁਦਾਮ ਪ੍ਰਾਪਤ ਹੋ ਗਏ ਹਨ। ਵੱਡਾ ਮਸਲਾ ਬਾਕੀ ਰਹਿੰਦੀ 35 ਲੱਖ ਮੀਟਰਿਕ ਟਨ ਕਣਕ ਨੂੰ ਭੰਡਾਰ ਕਰਨ ਦਾ ਹੈ। ਪੰਜਾਬ ਸਰਕਾਰ ਨੇ ਡਿਪਟੀ ਕਮਿਸ਼ਨਰਾਂ ਨੂੰ ਪੱਤਰ ਲਿਖ ਕੇ 35 ਲੱਖ ਮੀਟਰਿਕ ਟਨ ਕਣਕ ਦਾ ਭੰਡਾਰਨ ਕਰਨ ਦਾ ਪ੍ਰਬੰਧ ਕਰਨ ਵਾਸਤੇ ਕਿਹਾ ਹੈ। ਡਿਪਟੀ ਕਮਿਸ਼ਨਰਾਂ ਵੱਲੋਂ ਪੁਰਾਣੇ ਵੇਅਰਹਾਊਸ ਅਤੇ ਪੁਰਾਣੀਆਂ ਮਿੱਲਾਂ ਦੀ ਸ਼ਨਾਖ਼ਤ ਕੀਤੀ ਗਈ ਹੈ।

# ਮੋਹਿੰਦਰ ਭਗਤ ਵੱਲੋਂ ਸਾਬਕਾ ਸੈਨਿਕਾਂ ਦੀ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਵਿੱਚ ਤੇਜ਼ੀ ਲਿਆਉਣ ਦੇ ਹੁਕਮ



ਚੰਡੀਗੜ੍ਹ, 8 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਕੈਬਨਿਟ ਮੰਤਰੀ ਮੋਹਿੰਦਰ ਭਗਤ ਨੇ ਸਾਬਕਾ ਸੈਨਿਕਾਂ ਦੀ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਵਿੱਚ ਹੋਰ ਤੇਜ਼ੀ ਲਿਆਉਣ ਲਈ ਰੱਖਿਆ ਸੇਵਾਵਾਂ ਭਲਾਈ ਵਿਭਾਗ ਦੇ ਅਧਿਕਾਰੀਆਂ ਨੂੰ ਆਦੇਸ਼ ਜਾਰੀ ਕੀਤੇ ਹਨ। ਇਹ ਆਦੇਸ਼ ਉਨ੍ਹਾਂ ਨੇ ਰੱਖਿਆ ਸੇਵਾਵਾਂ ਭਲਾਈ ਵਿਭਾਗ ਦੇ ਅਧਿਕਾਰੀਆਂ ਨਾਲ ਚੰਡੀਗੜ੍ਹ ਵਿਖੇ ਮੀਟਿੰਗ ਦੌਰਾਨ ਸਾਬਕਾ ਸੈਨਿਕਾਂ ਦੀ ਭਲਾਈ ਲਈ ਚਲਾਈਆਂ ਜਾ ਰਹੀਆਂ ਵੱਖ ਵੱਖ ਸਕੀਮਾਂ ਦਾ ਜਾਇਜ਼ਾ ਲੈਂਦੇ ਹੋਏ ਕੀਤੇ।

ਮੀਟਿੰਗ ਦੌਰਾਨ ਰੱਖਿਆ ਸੇਵਾਵਾਂ ਭਲਾਈ ਵਿਭਾਗ ਦੇ ਵਧੀਕ ਮੁੱਖ ਸਕੱਤਰ ਸ੍ਰੀ ਜੇ.ਐਮ ਬਾਲਾਮੁਰੂਗਨ ਅਤੇ ਬ੍ਰਿਗ: ਭੁਪਿੰਦਰ ਸਿੰਘ ਢਿੱਲੋਂ (ਰਿਟਾ.) ਨੇ ਸਾਬਕਾ ਸੈਨਿਕਾਂ ਦੀ ਭਲਾਈ ਲਈ ਕੀਤੇ ਜਾ ਰਹੇ ਕੰਮ ਅਤੇ ਵੱਖ ਵੱਖ ਭਲਾਈ ਸਕੀਮਾਂ ਅਧੀਨ ਪ੍ਰਗਤੀ ਬਾਰੇ ਮੰਤਰੀ ਨੂੰ ਜਾਣੂ ਕਰਵਾਇਆ।

ਇਸ ਮੌਕੇ ਮੰਤਰੀ ਮੋਹਿੰਦਰ ਭਗਤ ਨੇ ਦੱਸਿਆ ਕਿ ਸਾਬਕਾ ਸੈਨਿਕਾਂ ਲਈ ਵੱਖ ਵੱਖ ਭਲਾਈ ਸਕੀਮਾਂ ਅਧੀਨ 49.56 ਕਰੋੜ ਰੁਪਏ ਦੀ ਰਕਮ ਜਾਰੀ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਸਾਬਕਾ ਸੈਨਿਕਾਂ ਅਤੇ ਉਨ੍ਹਾਂ ਦੇ ਆਸ਼ਰਿਤਾਂ ਨੂੰ ਹਰ ਸੰਭਵ ਸਹਾਇਤਾ ਮੁਹੱਈਆ ਕਰਵਾਈ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਵੱਖ ਵੱਖ ਭਲਾਈ ਸਕੀਮਾਂ ਅਧੀਨ ਐਕਸ ਗ੍ਰੇਸ਼ੀਆਂ ਗ੍ਰਾਂਟ ਅਤੇ ਡਿਊਟੀ ਦੌਰਾਨ ਅਪਾਹਜ਼ ਹੋਏ ਸੈਨਿਕਾਂ ਨੂੰ ਵਿੱਤੀ ਸਹਾਇਤਾ ਸਮੇਂ ਸਿਰ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸਾਕਾ ਨੀਲਾ ਤਾਰਾ ਦੇ 105 ਧਰਮੀ ਫੌਜੀਆਂ ਅਤੇ ਉਨ੍ਹਾਂ ਦੀਆਂ ਵਿਧਵਾਵਾਂ ਨੂੰ ਸਰਕਾਰ ਵੱਲੋਂ ਹਰ ਸੰਭਵ ਸਹਾਇਤਾ ਮੁਹੱਈਆ ਕਰਵਾਈ ਜਾ ਰਹੀ ਹੈ।

ਮੰਤਰੀ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਆਰ.ਆਈ.ਐਮ.ਸੀ. ਦੇਹਰਾਦੂਨ ਵਿੱਚ ਪੜ੍ਹ ਰਹੇ ਸੂਬੇ ਦੇ ਵਿਦਿਆਰਥੀਆਂ ਨੂੰ ਸਮੇਂ ਸਿਰ ਵਜੀਫੇ ਦੀ ਅਦਾਇਗੀ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸਾਬਕਾ ਸੈਨਿਕਾਂ ਅਤੇ ਉਨ੍ਹਾਂ ਦੇ ਆਸ਼ਰਿਤਾਂ ਦੇ ਮੁੜ-ਵਸੇਬੇ ਲਈ ਯਤੀਨਸ਼ੀਲ ਹੈ। ਉਨ੍ਹਾਂ ਦੱਸਿਆਂ ਕਿ ਸਾਬਕਾ ਸੈਨਿਕਾਂ ਦੀਆਂ ਮੁਸ਼ਕਲਾਂ ਦਾ ਢੁੱਕਵਾਂ ਹੱਲ ਕਰਨ ਲਈ ਸਮੂਹ ਜਿਲ੍ਹਿਆਂ ਵਿੱਚ ਡਿਪਟੀ ਕਮਿਸ਼ਨਰਾਂ ਨੂੰ ਆਦੇਸ਼ ਵੀ ਜ਼ਾਰੀ ਕੀਤੇ ਗਏ ਹਨ।

# ਮੰਡੀਆਂ ਵਿੱਚ ਕਿਸਾਨਾਂ ਨੂੰ ਨਹੀਂ ਆਉਣ ਦਿੱਤੀ ਜਾਵੇਗੀ ਕੋਈ ਸਮੱਸਿਆ : ਹਰਚੰਦ ਸਿੰਘ ਬਰਸਟ

ਮੁਹਾਲੀ, 8 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-



ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਨੇ ਹਾੜੀ ਸੀਜ਼ਨ 2025-26 ਦੌਰਾਨ ਕਣਕ ਦੀ ਖਰੀਦ ਅਤੇ ਵੇਚ ਲਈ ਮੰਡੀਆਂ ਵਿੱਚ ਕਿਸਾਨਾਂ ਨੂੰ ਕਿਸੇ ਵੀ ਕਿਸਮ ਦੀ ਸਮੱਸਿਆ ਨਾ ਆਉਣ ਦੀ ਗੱਲ ਤੇ ਜੋਰ ਦਿੰਦਿਆਂ ਦੱਸਿਆ ਕਿ ਮੰਡੀਆਂ ਵਿੱਚ ਕਿਸਾਨਾਂ, ਆੜ੍ਹਤੀਆਂ, ਮਜ਼ਦੂਰਾਂ ਦੀ ਸਹੂਲਤਾਂ ਲਈ ਪੁਖਤਾ ਪ੍ਰਬੰਧ ਕੀਤੇ ਗਏ ਹਨ। ਹਾੜੀ ਸੀਜਨ 2025-26 ਦੀ ਸ਼ੁਰੂਆਤ 1 ਅਪ੍ਰੈਲ ਤੋਂ ਹੋ ਗਈ ਹੈ। ਇਸ ਦੇ ਲਈ ਮੰਡੀਆਂ ਅਤੇ ਖਰੀਦ ਕੇਂਦਰਾਂ ਦੀ ਸਾਫ਼-ਸਫਾਈ, ਬਿਜਲੀ, ਪੀਣ ਯੋਗ ਪਾਣੀ, ਬਾਥਰੂਮਾਂ, ਛਾਂ ਆਦਿ ਦੇ ਪ੍ਰਬੰਧ ਕੀਤੇ ਜਾ ਚੁੱਕੇ ਹਨ। ਉਨ੍ਹਾਂ ਦੱਸਿਆ ਕਿ ਪੰਜਾਬ ਮੰਡੀ ਬੋਰਡ ਵੱਲੋਂ ਕਣਕ ਦੀ ਸਰਕਾਰੀ ਖਰੀਦ ਕਰਵਾਉਣ ਲਈ ਕੁੱਲ 1865 ਪੱਕੀਆਂ ਮੰਡੀਆਂ ਘੋਸ਼ਿਤ ਕੀਤੀਆਂ ਗਈਆਂ ਹਨ। ਜਿਨ੍ਹਾਂ ਵਿੱਚ 152 ਮੁੱਖ ਯਾਰਡ, 285 ਸਬ-ਯਾਰਡ ਅਤੇ 1428 ਖਰੀਦ ਕੇਂਦਰ ਆਉਂਦੇ ਹਨ। ਇਸ ਦੇ ਨਾਲ ਹੀ ਸੀਜਨ ਦੌਰਾਨ ਗੱਲਟ ਦੀ ਸਥਿਤੀ ਤੋਂ ਬਚਣ ਲਈ ਆਰਜੀ ਖਰੀਦ ਕੇਂਦਰ ਘੋਸ਼ਿਤ ਕਰਨ ਦੀ ਪ੍ਰਕਿਰਿਆ ਵੀ ਚੱਲ ਰਹੀ ਹੈ, ਜਿਸਦੇ ਤਹਿਤ 258 ਆਰਜੀ ਮੰਡੀਆਂ ਘੋਸ਼ਿਤ ਕੀਤੀਆਂ ਜਾ ਚੁੱਕੀਆਂ ਹਨ। ਚੇਅਰਮੈਨ ਨੇ ਦੱਸਿਆ ਕਿ ਸਾਲ 2024-25 ਦੌਰਾਨ ਪੰਜਾਬ ਰਾਜ ਵਿੱਚ ਕਣਕ ਦੀ ਕੁੱਲ ਆਮਦ 132.12 ਲੱਖ ਮੀਟ੍ਰਿਕ ਟਨ ਰਹੀ ਸੀ ਅਤੇ ਇਸ ਸਾਲ 2025-26 ਦੌਰਾਨ 136 ਲੱਖ ਮੀਟ੍ਰਿਕ ਟਨ ਕਣਕ ਦੀ ਖਰੀਦ ਲਈ ਪ੍ਰਬੰਧ ਕੀਤੇ ਗਏ ਹਨ।

ਕਣਕ ਦੀ ਖਰੀਦ ਲਈ ਕੇਂਦਰ ਸਰਕਾਰ ਵੱਲੋਂ ਰਿਜ਼ਰਵ ਬੈਂਕ ਆਫ ਇੰਡੀਆ ਵੱਲੋਂ 28,894 ਕਰੋੜ ਰੁਪਏ ਦੀ ਕੈਸ਼ ਕਰੈਡਿਟ ਲਿਮਟ ਜਾਰੀ ਕੀਤੀ ਜਾ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਸਾਲ 2025-26 ਦੌਰਾਨ ਕਣਕ ਦਾ ਘੱਟੋ - ਘੱਟ ਖਰੀਦ ਮੁੱਲ 2425 ਰੁਪਏ ਪ੍ਰਤੀ ਕੁਇੰਟਲ ਘੋਸ਼ਿਤ ਕੀਤਾ ਗਿਆ ਹੈ, ਜੋ ਕਿ ਪਿਛਲੇ ਸਾਲ ਨਾਲੋਂ 150 ਰੁਪਏ ਵੱਧ ਹੈ। ਪਿਛਲੇ ਹਾੜੀ ਸੀਜਨ ਵਿੱਚ ਇਹ 2275 ਰੁਪਏ ਪ੍ਰਤੀ ਕੁਇੰਟਲ ਸੀ। ਉਨ੍ਹਾਂ ਦੱਸਿਆ ਕਿ ਸੀਜਨ ਦੌਰਾਨ ਕਿਸਾਨਾਂ ਦੀ ਸਹੂਲਤ ਲਈ ਮੰਡੀ ਬੋਰਡ ਦੇ ਮੁੱਖ ਦਫ਼ਤਰ ਵਿਖੇ ਕੰਟਰੋਲ ਰੂਮ ਸਥਾਪਿਤ ਕੀਤਾ ਗਿਆ ਹੈ। ਕੰਟਰੋਲ ਰੂਮ ਦੇ ਟੈਲੀਫੋਨ ਨੰ. 0172-5101649 ਅਤੇ 0172-5101704 ਤੇ ਸੰਪਰਕ ਕੀਤਾ ਜਾ ਸਕਦਾ ਹੈ, ਤਾਂ ਕਿ ਸਮੱਸਿਆ ਦਾ ਤੁਰੰਤ ਨਿਪਟਾਰਾ ਕੀਤਾ ਜਾ ਸਕੇ।

ਉਨ੍ਹਾਂ ਦੱਸਿਆ ਕਿ ਸੀਜਨ ਦੌਰਾਨ ਮੰਡੀਆਂ ਵਿੱਚ ਉੱਚ-ਅਧਿਕਾਰੀਆਂ ਦੀਆਂ ਵਿਸ਼ੇਸ਼ ਟੀਮਾਂ ਦੀ ਡਿਊਟੀ ਲਗਾ ਕੇ ਚੈਕਿੰਗ ਕੀਤੀ ਜਾਵੇਗੀ। ਉਨ੍ਹਾਂ ਸਾਰੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਕਿਹਾ ਕਿ ਉਹ ਪੂਰੀ ਤਨਦੇਹੀ ਨਾਲ ਕਣਕ ਦੇ ਖਰੀਦ ਕਾਰਜਾਂ ਨੂੰ ਸੁਚਾਰੂ ਢੰਗ ਨਾਲ ਚਲਾਉਣ, ਤਾਂ ਜੋ ਕਿਸਾਨ ਬਿਨਾਂ ਕਿਸੇ ਔਕੜ ਤੋਂ ਖੁਸ਼ੀ-ਖੁਸ਼ੀ ਆਪਣੀ ਫਸਲ ਨੂੰ ਵੇਚ ਕੇ ਜਲਦ ਤੋਂ ਜਲਦ ਆਪਣੇ ਘਰ ਜਾ ਸਕਣ।

# ਵਿੱਤੀ ਵਰ੍ਹੇ 2024-25 ਦੌਰਾਨ ਜ਼ਿਲ੍ਹੇ ਦੇ 220641 ਲਾਭਪਾਤਰੀਆਂ ਨੂੰ 33 ਕਰੋੜ 09 ਲੱਖ 61 ਹਜ਼ਾਰ 500 ਰੁਪਏ ਦੀ ਪੈਨਸ਼ਨ ਤਕਸੀਮ: ਡਿਪਟੀ ਕਮਿਸ਼ਨਰ

## ਵਿੱਤੀ ਸਾਲ 2024-25 ਦੌਰਾਨ ਬੁਢਾਪਾ ਪੈਨਸ਼ਨਰ ਸਕੀਮ ਤਹਿਤ 22 ਕਰੋੜ 07 ਲੱਖ 89 ਹਜ਼ਾਰ 500 ਰੁਪਏ , ਵਿਧਵਾ ਤੇ ਨਿਆਸ਼ਰਿਤ ਔਰਤਾਂ ਨੂੰ 6 ਕਰੋੜ 21ਲੱਖ 30 ਹਜ਼ਾਰ ਰੁਪਏ, ਆਸ਼ਰਿਤ ਬੱਚਿਆਂ ਨੂੰ 1 ਕਰੋੜ64 ਲੱਖ 16 ਹਜ਼ਾਰ ਦਿਵਿਆਂਗਜਨਾਂ ਵਿਅਕਤੀਆਂ 3 ਕਰੋੜ 16 ਲੱਖ 26 ਹਜ਼ਾਰ ਰੁਪਏ ਦੀ ਰਾਸ਼ੀ ਵਿਤਰਨ

ਮਲੇਰਕੋਟਲਾ, 8 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-



ਡਿਪਟੀ ਕਮਿਸ਼ਨਰ ਵਿਰਾਜ ਐਸ.ਤਿੜਕੇ ਨੇ ਜ਼ਿਲ੍ਹਾ ਸਮਾਜਿਕ ਸੁਰੱਖਿਆ ਵਿਭਾਗ ਨਾਲ ਸਬੰਧਤ ਲੋਕ ਭਲਾਈ ਸਕੀਮਾਂ ਦੀ ਜਾਇਜਾ ਲੈਂਦਿਆਂ ਸਬੰਧਤ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਹੈ ਕਿ ਸਰਕਾਰ ਦੀਆਂ ਵੱਖ-ਵੱਖ ਸਮਾਜਿਕ ਸੁਰੱਖਿਆ ਪੈਨਸ਼ਨਾਂ ਦੇ ਲਾਭ ਹਰ ਹਾਲ 'ਚ ਲਾਭਪਾਤਰੀਆਂ ਨੂੰ ਹੇਠਲੇ ਪੱਧਰ ਤੱਕ ਨਿਰਵਿਘਨ ਮਿਲਣੇ ਯਕੀਨੀ ਬਣਾਇਟਾ ਜਾਵੇ।

ਉਨ੍ਹਾਂ ਹਦਾਇਤ ਕੀਤੀ ਕਿ ਲੋਕ ਭਲਾਈ ਸਕੀਮਾਂ ਦਾ ਲਾਭ ਲੋੜਵੰਦਾ ਤੱਕ ਪੁਜਦਾ ਕਰਨ ਲਈ ਪੈਨਸ਼ਨ ਜਾਗਰੂਕਤਾ ਮੁਹਿੰਮ ਵੰਢੀ ਜਾਵੇ ਤਾਂ ਜੋ ਯੋਗ ਲਾਭਪਾਰਤੀ ਬਿਨ੍ਹਾਂ ਪੈਨਸ਼ਨ ਤੋਂ ਵਾਝਾ ਨਾ ਰਹਿ ਸਕੇ।

ਡਿਪਟੀ ਕਮਿਸ਼ਨਰ ਵਿਰਾਜ ਐਸ. ਤਿੜਕੇ ਨੇ ਦੱਸਿਆ ਕਿ ਵਿੱਤੀ ਸਾਲ 2024-25 ਦੌਰਾਨ ਸਰਕਾਰ ਵਲੋਂ ਬੁਢਾਪਾ ਪੈਨਸ਼ਨ, ਵਿਧਵਾ ਅਤੇ ਨਿਆਸ਼ਰਿਤ ਔਰਤਾਂ ਲਈ ਵਿੱਤੀ ਸਹਾਇਤਾ, ਆਸ਼ਰਿਤ ਬੱਚਿਆ ਲਈ ਵਿੱਤੀ ਸਹਾਇਤਾ ਅਤੇ ਦਿਵਿਆਂਗਜਨਾਂ ਲਈ ਵਿੱਤੀ ਸਹਾਇਤਾ ਅਤੇ ਹੋਰ ਵਿੱਤੀ ਸਹਾਇਤਾ ਸਕੀਮਾਂ ਤਹਿਤ ਜ਼ਿਲ੍ਹਾ ਮਾਲੇਰਕੋਟਲਾ ਵਿੱਚ 33 ਕਰੋੜ 09 ਲੱਖ 61 ਹਜਾਰ 500 ਦੀ ਪੈਨਸ਼ਨ ਤਕਸੀਮ ਕੀਤੀ ਗਈ ਹੈ।

ਡਿਪਟੀ ਕਮਿਸ਼ਨਰ ਨੇ ਹੋਰ ਦੱਸਿਆ ਕਿ ਪਿਛਲੇ ਵਿੱਤੀ ਵਰ੍ਹੇ ਦੌਰਾਨ ਬੁਢਾਪਾ ਪੈਨਸ਼ਨਰ ਸਕੀਮ ਤਹਿਤ 1500 ਰੁਪਏ ਪ੍ਰਤੀ ਮਹੀਨੇ ਦੇ ਹਿਸਾਬ ਨਾਲ ਕਰੀਬ 147193 ਲਾਭਪਾਤਰੀਆਂ ਨੂੰ 22 ਕਰੋੜ 07 ਲੱਖ 89 ਹਜ਼ਾਰ 500 ਰੁਪਏ ਦੀ ਰਕਮ ਦੀ ਵੰਡ ਕੀਤੀ ਜਾ ਰਹੀ ਹੈ। ਇਸੇ ਤਰ੍ਹਾਂ ਹੀ 41420 ਵਿਧਵਾ ਤੇ ਨਿਆਸ਼ਰਿਤ ਔਰਤਾਂ ਨੂੰ ਵਿੱਤੀ ਸਹਾਇਤਾ ਸਕੀਮ ਤਹਿਤ 1500 ਰੁਪਏ ਪ੍ਰਤੀ ਮਹੀਨਾ ਦੇ ਹਿਸਾਬ ਨਾਲ 6 ਕਰੋੜ 21 ਲੱਖ 30 ਹਜ਼ਾਰ ਰੁਪਏ ਦੀ ਰਾਸ਼ੀ ਵਿਤਰਨ ਕੀਤਾ ਜਾ ਰਿਹਾ ਹੈ।

ਉਨ੍ਹਾਂ ਹੋਰ ਦੱਸਿਆ ਕਿ ਜ਼ਿਲ੍ਹੇ ਦੇ ਕਰੀਬ 10944 ਆਸ਼ਰਿਤ ਬੱਚਿਆਂ ਨੂੰ ਵਿੱਤੀ ਸਹਾਇਤਾ ਸਕੀਮ ਤਹਿਤ 1 ਕਰੋੜ 64 ਲੱਖ 16 ਹਜ਼ਾਰ ਰੁਪਏ ਦੀ ਵਿੱਤੀ ਸਹਾਇਤਾ ਬਤੌਰ ਪੈਨਸ਼ਨ ਮੁਹੱਈਆ ਕਰਵਾਈ ਗਈ ਹੈ। ਇਸ ਤੋਂ ਬਿਨਾਂ ਜ਼ਿਲ੍ਹੇ ਦੇ ਕਰੀਬ 21084 ਦਿਵਿਆਂਗਜਨਾਂ ਵਿਅਕਤੀਆਂ ਨੂੰ 1500 ਰੁਪਏ ਪ੍ਰਤੀ ਮਹੀਨਾ ਪੈਨਸ਼ਨ ਦੇ ਰੂਪ ਵਿੱਚ ਕਰੀਬ 3 ਕਰੋੜ 16 ਲੱਖ 26 ਹਜ਼ਾਰ ਰੁਪਏ ਦੀ ਰਾਸ਼ੀ ਵੀ ਵੰਡ ਕੀਤੀ ਜਾ ਰਹੀਂ ਹੈ

ਉਨ੍ਹਾਂ ਹੋਰ ਦੱਸਿਆ ਕਿ ਮਹੀਨਾ ਫਰਵਰੀ 2024 ਦੌਰਾਨ 50569 ਲਾਭਪਾਤਰੀਆਂ ਨੂੰ 7 ਕਰੋੜ 58 ਲੱਖ 53 ਹਜ਼ਾਰ 500 ਰੁਪਏ ਦੀ ਪੈਨਸ਼ਨ ਰਾਸ਼ੀ ਬੈਂਕ ਖਾਤਿਆਂ ਵਿੱਚ ਸਿੱਧੀ ਟਰਾਂਸਫ਼ਰ ਕੀਤੀ ਜਾ ਚੁੱਕੀ ਹੈ।

ਉਨ੍ਹਾਂ ਹੋਰ ਦੱਸਿਆ ਕਿ ਪੈਨਸ਼ਨ ਧਾਰਕਾਂ ਨੂੰ 1500 ਰੁਪਏ ਪ੍ਰਤੀ ਮਹੀਨਾ ਪ੍ਰਦਾਨ ਕੀਤੀ ਜਾ ਰਹੀਂ ਹੈ।

ਇਸ ਮੌਕੇ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਮਾਲੇਰਕੋਟਲਾ ਜਸਵੀਰ ਕੌਰ ਨੇ ਦੱਸਿਆ ਕਿ ਪੈਨਸ਼ਨ ਲਈ ਯੋਗ ਵਿਅਕਤੀ ਜ਼ਿਲ੍ਹੇ ਵਿੱਚ ਕਿਸੇ ਵੀ ਸੇਵਾ ਕੇਂਦਰ ਰਾਹੀਂ ਆਨਲਾਈਨ ਅਪਲਾਈ ਕਰ ਸਕਦੇ ਹਨ।

ਕਿਸੇ ਤਰੀਕੇ ਦੀ ਦਿੱਕਤ ਪੇਸ਼ ਆਉਣ 'ਤੇ ਆਪਣੇ ਨੇੜਲੇ ਸੀ.ਡੀ.ਪੀ.ਓ ਦਫ਼ਤਰ ਵਿਖੇ ਸੰਪਰਕ ਕੀਤਾ ਜਾ ਸਕਦਾ ਹੈ।

ਕੌਮੀ ਪੱਤ੍ਰਿਕਾ

## ਸੰਪਾਦਕੀ

### ਪੰਜਾਬ ਸਰਕਾਰ ਵੱਲੋਂ ਕਣਕ ਦੇ ਖਰੀਦ ਪ੍ਰਬੰਧ

ਪੰਜਾਬ ਸਰਕਾਰ ਨੇ ਰਾਜ ਵਿੱਚ ਕਣਕ ਦੀ ਜਨਤਕ ਖਰੀਦ ਲਈ ਪ੍ਰਬੰਧ ਮੁਕੰਮਲ ਕਰ ਲੈਣ ਦਾ ਦਾਅਵਾ ਕੀਤਾ ਹੈ ਪਰ ਪਿਛਲੇ ਕੁਝ ਸੀਜ਼ਨਾਂ ਦੌਰਾਨ ਦੋਵੇਂ ਮੁੱਖ ਫ਼ਸਲਾਂ ਦੀ ਸਰਕਾਰੀ ਖਰੀਦ ਦਾ ਜੋ ਹਾਲ ਰਿਹਾ ਹੈ, ਉਸ ਦੇ ਮੱਦੇਨਜ਼ਰ ਸਰਕਾਰ ਦੇ ਦਾਅਵਿਆਂ ਨੂੰ ਵਾਰ-ਵਾਰ ਪਰਖਿਆ ਜਾ ਰਿਹਾ ਹੈ। ਕੇਂਦਰ ਸਰਕਾਰ ਨੇ ਹਾੜ੍ਹੀ ਦੇ ਚਲੰਤ ਖਰੀਦ ਸੀਜ਼ਨ (2025-26) ਦੌਰਾਨ 310 ਲੱਖ ਟਨ ਕਣਕ ਦੀ ਖਰੀਦ ਦਾ ਟੀਚਾ ਮਿੱਥਿਆ ਹੈ ਜਿਸ ਵਿੱਚੋਂ 40 ਫ਼ੀਸਦੀ (ਭਾਵ 124 ਲੱਖ ਟਨ) ਕਣਕ ਪੰਜਾਬ ਵਿੱਚੋਂ ਖਰੀਦੀ ਜਾਵੇਗੀ। ਕਣਕ ਦੀ ਖਰੀਦ ਲਈ 2425 ਰੁਪਏ ਪ੍ਰਤੀ ਕੁਇੰਟਲ ਘੱਟੋ-ਘੱਟ ਸਮਰਥਨ ਮੁੱਲ ਅਤੇ 28 ਹਜ਼ਾਰ ਕਰੋੜ ਰੁਪਏ ਦੀ ਕੈਸ਼ ਕ੍ਰੈਡਿਟ ਲਿਮਿਟ (ਸੀਸੀਐੱਲ) ਪੰਜਾਬ ਨੂੰ ਜਾਰੀ ਕਰ ਦਿੱਤੀ ਗਈ ਹੈ। ਪੰਜਾਬ ਦੇ ਖ਼ੁਰਾਕ, ਸਿਵਲ ਸਪਲਾਈ ਤੇ ਖ਼ਪਤਕਾਰ ਮਾਮਲਿਆਂ ਦੇ ਮੰਤਰੀ ਲਾਲ ਚੰਦ ਕਟਾਰੂਚੱਕ ਵੱਲੋਂ ਰਾਜ ਦੀਆਂ ਸਾਰੀਆਂ 1865 ਅਨਾਜ ਮੰਡੀਆਂ ਵਿੱਚ ਕਣਕ ਦੀ ਖਰੀਦ, ਸਾਫ਼ ਸਫ਼ਾਈ, ਲਾਈਟਾਂ, ਬਾਰਦਾਨੇ ਆਦਿ ਦੇ ਪ੍ਰਬੰਧ ਮੁਕੰਮਲ ਕਰ ਲੈਣ ਦੇ ਦਾਅਵੇ ਕੀਤੇ ਗਏ ਹਨ ਪਰ ਪਿਛਲੇ ਕੁਝ ਖਰੀਦ ਸੀਜ਼ਨਾਂ ਦੌਰਾਨ ਜਿਣਸ ਦੀ ਚੁਕਾਈ ਅਤੇ ਖਰੀਦੀ ਹੋਈ ਫ਼ਸਲ ਦੇ ਭੰਡਾਰਨ ਨੂੰ ਲੈ ਕੇ ਕਾਫ਼ੀ ਦਿੱਕਤਾਂ ਆਈਆਂ ਸਨ।

ਮੁੱਖ ਮੰਤਰੀ ਭਗਵੰਤ ਮਾਨ ਨੇ ਪਿਛਲੇ ਹਫ਼ਤੇ ਕੇਂਦਰੀ ਖ਼ਪਤਕਾਰ ਮਾਮਲੇ ਅਤੇ ਖ਼ੁਰਾਕ ਸਪਲਾਈ ਮੰਤਰੀ ਪ੍ਰਹਿਲਾਦ ਜੋਸ਼ੀ ਨੂੰ ਮਿਲ ਕੇ ਪੰਜਾਬ 'ਚੋਂ ਚੌਲਾਂ ਦੀ ਚੁਕਾਈ ਤੇਜ਼ੀ ਨਾਲ ਕਰਨ ਲਈ ਕਿਹਾ ਸੀ। ਰਿਪੋਰਟਾਂ ਅਨੁਸਾਰ ਮੁੱਖ ਮੰਤਰੀ ਨੇ ਮੰਗ ਕੀਤੀ ਸੀ ਕਿ ਅਨਾਜ ਦੇ ਘੱਟੋ-ਘੱਟ ਚਾਲੀ ਰੈਕ (ਮਾਲਗੱਡੀਆਂ) ਹਰ ਰੋਜ਼ ਲਾਈਆਂ ਜਾਣ ਤਾਂ ਕਿਤੇ ਜੂਨ ਦੇ ਅੰਤ ਤੱਕ ਨਵੀਂ ਜਿਣਸ ਨੂੰ ਸਾਂਭਣ ਲਈ ਲੋੜੀਂਦੀ ਥਾਂ ਮਿਲ ਸਕੇਗੀ। ਪਿਛਲੇ ਸਾਉਣੀ ਸੀਜ਼ਨ ਦੌਰਾਨ ਜਿਣਸਾਂ ਦੇ ਭੰਡਾਰਨ ਲਈ ਜਗ੍ਹਾ ਨਾ ਹੋਣ ਕਰ ਕੇ ਮੰਡੀਆਂ ਵਿੱਚ ਝੋਨੇ ਦੇ ਅੰਬਾਰ ਲੱਗ ਗਏ ਸਨ ਅਤੇ ਖਰੀਦ ਵਿੱਚ ਅੜਿੱਕਿਆਂ ਕਾਰਨ ਕਿਸਾਨਾਂ ਨੂੰ ਭਾਰੀ ਵਿੱਤੀ ਨੁਕਸਾਨ ਉਠਾਉਣਾ ਪਿਆ ਸੀ। ਦੁੱਖ ਦੀ ਗੱਲ ਇਹ ਰਹੀ ਕਿ ਪੰਜਾਬ ਸਰਕਾਰ ਨੇ ਖਰੀਦ ਦੇ ਸੰਕਟ ਦੀ ਨਿਸ਼ਾਨਦੇਹੀ ਲਈ ਕੋਈ ਜਾਂਚ ਨਹੀਂ ਕਰਵਾਈ ਜਿਸ ਕਰ ਕੇ ਕਿਸਾਨਾਂ ਨੂੰ ਧੁੜਕੂ ਲੱਗਿਆ ਹੋਇਆ ਹੈ ਕਿ ਉਨ੍ਹਾਂ ਨਾਲ ਮੁੜ ਭਾਣਾ ਵਾਪਰ ਸਕਦਾ ਹੈ।

ਪੰਜਾਬ ਵਿੱਚ 235 ਲੱਖ ਟਨ ਜਿਣਸ ਦੇ ਭੰਡਾਰਨ ਦੀ ਸਮੱਰਥਾ ਹੈ ਜਿਸ ਵਿੱਚੋਂ 145 ਲੱਖ ਟਨ ਝੋਨਾ ਪਹਿਲਾਂ ਹੀ ਸਟੋਰ ਕੀਤਾ ਹੋਇਆ ਹੈ; ਮਿੱਲਾਂ ਦੇ ਛੰਡੇ ਗਏ ਕਰੀਬ ਸੌ ਲੱਖ ਟਨ ਚੌਲਾਂ ਨੂੰ ਭੰਡਾਰਨ ਦੀ ਜਗ੍ਹਾ ਤਲਾਸ਼ ਕੀਤੀ ਜਾ ਰਹੀ ਹੈ। ਪੰਜਾਬ ਸਰਕਾਰ ਵੱਲੋਂ ਚਾਲੂ ਖਰੀਦ ਸੀਜ਼ਨ ਲਈ 175 ਲੱਖ ਟਨ ਅਨਾਜ ਨੂੰ ਕਵਰ ਕੀਤੀਆਂ ਪਲਿੰਥਾਂ 'ਤੇ ਰੱਖਣ ਅਤੇ 60 ਲੱਖ ਟਨ ਖੁੱਲ੍ਹੀਆਂ ਪਲਿੰਥਾਂ 'ਤੇ ਰੱਖਣ ਦੀ ਯੋਜਨਾ ਬਣਾਈ ਹੈ। ਪੰਜਾਬ ਸਰਕਾਰ ਦੇ ਅਧਿਕਾਰੀਆਂ ਨੇ ਇਸ ਬਾਬਤ ਕੇਂਦਰ ਤੋਂ ਮਨਜ਼ੂਰੀ ਲੈਣ ਦਾ ਦਾਅਵਾ ਕੀਤਾ ਹੈ ਪਰ ਇਸ ਮੁਤੱਲਕ ਅਧਿਕਾਰਤ ਤੌਰ 'ਤੇ ਜਾਣਕਾਰੀ ਸਾਂਝੀ ਕਰਨ ਦੀ ਲੋੜ ਹੈ। ਐਤਕੀਂ ਬਾਜ਼ਾਰ ਵਿੱਚ ਕਣਕ ਦਾ ਭਾਅ ਘੱਟੋ-ਘੱਟ ਸਮਰਥਨ ਮੁੱਲ ਨਾਲੋਂ ਚਾਰ ਸੌ ਰੁਪਏ ਪ੍ਰਤੀ ਕੁਇੰਟਲ ਉੱਪਰ ਚੱਲ ਰਿਹਾ ਹੈ। ਸਰਕਾਰ ਨੂੰ ਕਣਕ ਦੀ ਖਰੀਦ ਦਾ ਟੀਚਾ ਪੂਰਾ ਕਰਨ ਲਈ ਮੁਸ਼ੱਕਤ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਉੱਥੇ ਵਪਾਰੀਆਂ ਵੱਲੋਂ ਵੀ ਕਣਕ ਦੀ ਭਰਵੀਂ ਖਰੀਦ ਦੇ ਆਸਾਰ ਬਣੇ ਹੋਏ ਹਨ। ਕਿਸਾਨਾਂ ਨੂੰ ਮੰਡੀ ਦੀਆਂ ਹਾਲਤਾਂ ਦਾ ਫ਼ਾਇਦਾ ਲੈਣ ਲਈ ਘਬਰਾਹਟ ਵਿੱਚ ਆਉਣ ਤੋਂ ਬਚਣ ਦੀ ਲੋੜ ਹੈ ਅਤੇ ਨਾਲ ਹੀ ਜਿੱਥੇ ਕਿਤੇ ਕੋਈ ਗੜਬੜ ਹੋਵੇ, ਉੱਥੇ ਮਾਮਲੇ ਨੂੰ ਜਥੇਬੰਦਕ ਰੂਪ ਵਿੱਚ ਉਠਾਉਣ ਤੋਂ ਵੀ ਗੁਰੇਜ਼ ਨਹੀਂ ਕਰਨਾ ਚਾਹੀਦਾ।

### ਦੇਸ਼ ਅੰਦਰ ਸਿਆਸਤਦਾਨਾਂ ਦੀ ਸੁਰੱਖਿਆ ਦਾ ਸਵਾਲ

ਸਾਡੇ ਦੇਸ਼ ਅੰਦਰ ਸਿਆਸੀ ਆਗੂਆਂ ਤੇ ਹੋਰ ਅਹਿਮ ਵਿਅਕਤੀਆਂ ਨੂੰ ਸੁਰੱਖਿਆ ਮੁਹੱਈਆ ਕਰਵਾਉਣ ਦੀ ਵਿਵਸਥਾ ਜਟਿਲ ਮੁੱਦਾ ਹੈ ਜਿਸ ਦੀਆਂ ਜੜ੍ਹਾਂ ਦੇਸ਼ ਦੇ ਸਿਆਸੀ, ਸਮਾਜਿਕ ਅਤੇ ਸੁਰੱਖਿਆ ਅਮਲ ਵਿੱਚ ਪਈਆਂ ਹਨ। ਸੀਨੀਅਰ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਦੀ ਜ਼ੈੱਡ ਪਲੱਸ ਸੁਰੱਖਿਆ ਵਾਪਸ ਲੈਣ ਤੋਂ ਬਾਅਦ ਪੰਜਾਬ ਵਿੱਚ ਸਿਆਸੀ ਅਤੇ ਹੋਰ ਖੇਤਰਾਂ ਨਾਲ ਜੁੜੇ ਕਈ ਹੋਰ ਵਿਅਕਤੀਆਂ ਨੂੰ ਦਿੱਤੀ ਜਾ ਰਹੀ ਭਾਰੀ ਭਰਕਮ ਸੁਰੱਖਿਆ ਨੂੰ ਲੈ ਕੇ ਬਹਿਸ ਇੱਕ ਵਾਰ ਫਿਰ ਭਖ ਗਈ ਹੈ। ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਮਜੀਠੀਆ ਤੋਂ ਜ਼ੈੱਡ ਪਲੱਸ ਸੁਰੱਖਿਆ ਵਾਪਸ ਲੈਣ ਦੇ ਫ਼ੈਸਲੇ ਦੀ ਸਖ਼ਤ ਨੁਕਤਾਚੀਨੀ ਕਰਦਿਆਂ ਆਖਿਆ ਹੈ ਕਿ ਇਹ ਕਦਮ ਅਕਾਲੀ ਦਲ ਦੀ ਲੀਡਰਸ਼ਿਪ ਖ਼ਿਲਾਫ਼ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਖ਼ਤਰਨਾਕ ਅਤੇ ਘਾਤਕ ਮਨਸੂਬਿਆਂ ਦੀ ਕੜੀ ਦਾ ਹਿੱਸਾ ਹੈ। ਆਮ ਤੌਰ 'ਤੇ ਕਿਸੇ ਵਿਅਕਤੀ ਦੀ ਜ਼ਿੰਦਗੀ ਨੂੰ ਦਹਿਸ਼ਤਗਰਦ ਜਥੇਬੰਦੀਆਂ, ਅਪਰਾਧੀ ਅਨਸਰਾਂ ਜਾਂ ਸਿਆਸੀ ਵਿਰੋਧੀਆਂ ਵੱਲੋਂ ਦਰਪੇਸ਼ ਖ਼ਤਰੇ ਦੇ ਆਧਾਰ 'ਤੇ ਸੁਰੱਖਿਆ ਮੁਹੱਈਆ ਕਰਵਾਈ ਜਾਂਦੀ ਹੈ। ਬਹਰਹਾਲ, ਡੀਜੀਪੀ (ਅਮਨ ਕਾਨੂੰਨ) ਅਰਪਿਤ ਸ਼ੁਕਲਾ ਦੇ ਦੱਸਣ ਮੁਤਾਬਿਕ, ਮਜੀਠੀਆ ਦੀ ਸੁਰੱਖਿਆ ਪੂਰੀ ਤਰ੍ਹਾਂ ਵਾਪਸ ਨਹੀਂ ਲਈ ਗਈ ਸਗੋਂ ਸੁਰੱਖਿਆ ਮੁਤਾਲਿਆ ਕਮੇਟੀ ਦੀਆਂ ਸਿਫ਼ਾਰਸ਼ਾਂ ਦੀ ਬਿਨਾਅ 'ਤੇ ਇਸ ਦਾ ਪੱਧਰ ਘੱਟ ਕੀਤਾ ਗਿਆ ਹੈ ਅਤੇ ਉਨ੍ਹਾਂ ਨੂੰ ਹਾਲੇ ਵੀ ਜ਼ਰੂਰਤ ਮੁਤਾਬਿਕ ਸੁਰੱਖਿਆ ਕਰਮੀ ਮੁਹੱਈਆ ਕਰਵਾਏ ਜਾ ਰਹੇ ਹਨ।

ਜ਼ੈੱਡ ਪਲੱਸ ਵਰਗੀ ਸੁਰੱਖਿਆ ਦੀ ਕੁਲੀਨ ਸ਼੍ਰੇਣੀ ਵਿੱਚ ਐੱਨਐੱਸਜੀ ਦੇ ਕਮਾਂਡੋ, ਐਸਕਾਰਟ ਅਤੇ ਕਈ ਵਾਹਨ ਸ਼ਾਮਿਲ ਹੁੰਦੇ ਹਨ ਜਿਸ ਕਰ ਕੇ ਇੱਕ ਵਿਅਕਤੀ ਦੀ ਸੁਰੱਖਿਆ ਉੱਪਰ ਅੰਦਾਜ਼ਨ ਮਾਸਿਕ 15-20 ਲੱਖ ਰੁਪਏ ਦਾ ਖਰਚਾ ਕੀਤਾ ਜਾਂਦਾ ਹੈ। ਇਸ ਸਥਿਤੀ ਨੂੰ ਲੈ ਕੇ ਲਗਾਤਾਰ ਸਵਾਲ ਉੱਠ ਰਹੇ ਹਨ ਕਿ ਜਦੋਂ ਆਮ ਲੋਕਾਂ ਦੀ ਸੁਰੱਖਿਆ ਰੱਬ ਆਸਰੇ ਹੈ ਤਾਂ ਫਿਰ ਸਿਆਸੀ ਜਮਾਤ ਨੂੰ ਇੰਨੀ ਸੁਰੱਖਿਆ ਮੁਹੱਈਆ ਕਰਾਉਣ ਦੀ ਕੀ ਤੁਕ ਬਣਦੀ ਹੈ। ਪੰਜਾਬ ਵਿੱਚ 1980ਵਿਆਂ ਤੇ 90ਵਿਆਂ ਵਿੱਚ ਖਾੜਕੂਵਾਦ ਦੇ ਦੌਰ ਤੋਂ ਬਾਅਦ ਸਿਆਸੀ, ਧਾਰਮਿਕ ਤੇ ਕਾਰੋਬਾਰੀਆਂ ਨੂੰ ਸੁਰੱਖਿਆ ਮੁਹੱਈਆ ਕਰਾਉਣ ਦਾ ਰੁਝਾਨ ਵਧਿਆ ਸੀ। ਇਹ ਵੀ ਸਮੇਂ ਦਾ ਵਿਅੰਗ ਹੈ ਕਿ ਕੋਈ ਸਮਾਂ ਸੀ ਜਦੋਂ ਅਕਾਲੀ ਆਗੂ ਨੰਗੇ ਧੜ ਲੋਕਾਂ ਦੀਆਂ ਲੜਾਈਆਂ ਦੀ ਅਗਵਾਈ ਕਰਦੇ ਹੁੰਦੇ ਸਨ ਅਤੇ ਸਰਕਾਰ ਤੋਂ ਕਿਸੇ ਕਿਸਮ ਦੀ ਰਿਆਇਤ ਜਾਂ ਸੁਰੱਖਿਆ ਦੀ ਝਾਕ ਨਹੀਂ ਰੱਖਦੇ ਸਨ ਤੇ ਹੁਣ ਜਦੋਂ ਉਨ੍ਹਾਂ ਸਰਕਾਰ ਖ਼ਿਲਾਫ਼ 'ਸੜਕ ਦੀ ਲੜਾਈ' ਦਾ ਰਾਹ ਹੀ ਛੱਡ ਦਿੱਤਾ ਹੈ ਤਾਂ ਉਨ੍ਹਾਂ ਦੀ ਸੁਰੱਖਿਆ ਉੱਪਰ ਟੇਕ ਵੀ ਵਧ ਗਈ ਹੈ।ਕਿਸੇ ਸਿਆਸੀ ਆਗੂ ਜਾਂ ਵਿਸ਼ੇਸ਼ ਵਿਅਕਤੀ ਨੂੰ ਸੁਰੱਖਿਆ ਮੁਹੱਈਆ ਕਰਾਉਣ ਦਾ ਪ੍ਰਬੰਧ ਬਹੁਤ ਹੀ ਅਸਪੱਸ਼ਟ ਤੇ ਉੱਘੜ-ਦੁੱਘੜ ਹੈ ਅਤੇ ਇਸ ਵਿੱਚ ਖ਼ਤਰੇ ਦੀ ਸਹੀ ਸੰਭਾਵਨਾ ਦੀ ਥਾਂ ਸਿਆਸੀ ਗਿਣਤੀਆਂ ਮਿਣਤੀਆਂ ਭਾਰੂ ਰਹਿੰਦੀਆਂ ਹਨ। ਇਸ ਸਮੇਂ ਪੰਜਾਬ ਵਿੱਚ ਪੁਲੀਸ ਦੀ ਵੱਡੀ ਨਫ਼ਰੀ ਸਿਆਸੀ ਤੇ ਧਾਰਮਿਕ ਆਗੂਆਂ, ਸੀਨੀਅਰ ਅਫਸਰਾਂ ਅਤੇ ਹੋਰਨਾਂ ਵਿਅਕਤੀਆਂ ਨੂੰ ਸੁਰੱਖਿਆ ਮੁਹੱਈਆ ਕਰਾਉਣ ਦੇ ਲੇਖੇ ਲੱਗੀ ਹੋਈ ਹੈ ਜਿਸ ਨਾਲ ਲੋਕਾਂ ਦੀ ਸੁਰੱਖਿਆ ਨਾਲ ਜੁੜਿ ?ਆ ਪੁਲੀਸ ਦਾ ਆਮ ਕੰਮਕਾਜ ਪ੍ਰਭਾਵਿਤ ਹੁੰਦਾ ਹੈ। ਇਸ ਲਿਹਾਜ਼ ਤੋਂ ਸਰਕਾਰ ਦਾ ਉਦੇਸ਼ ਅਜਿਹੇ ਸਮਾਜਿਕ ਹਾਲਾਤ ਪੈਦਾ ਕਰਨ ਵੱਲ ਸੇਧਿਤ ਹੋਣਾ ਚਾਹੀਦਾ ਹੈ ਜਿੱਥੇ ਸਭ ਲੋਕ ਬਿਨਾਂ ਕਿਸੇ ਡਰ ਭੈਅ ਤੋਂ ਆਪਣਾ ਹਰ ਕਿਸਮ ਦਾ ਕੰਮਕਾਜ ਕਰ ਸਕਣ ਅਤੇ ਜ਼ਿੰਦਗੀ ਦਾ ਲੁਤਫ਼ ਮਾਣ ਸਕਣ।

# ਨਾਜਾਇਜ਼ ਮਾਈਨਿੰਗ ਅਤੇ ਭ੍ਰਿਸ਼ਟਾਚਾਰ ਘਟਾਉਣ ਲਈ ਮੁੱਖ ਮੰਤਰੀ ਦੀ ਅਗਵਾਈ ਹੇਠ ਵਜ਼ਾਰਤ ਵੱਲੋਂ ਮਾਈਨਿੰਗ ਨੀਤੀ ਵਿੱਚ ਸੋਧਾਂ ਨੂੰ ਮਨਜ਼ੂਰੀ



**ਚੰਡੀਗੜ੍ਹ, 8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਵਜ਼ਾਰਤ ਨੇ ਅੱਜ ਅਹਿਮ ਫੈਸਲਾ ਲੈਂਦਿਆਂ ਸੂਬੇ ਵਿੱਚ ਗੈਰ-ਕਾਨੂੰਨੀ ਮਾਈਨਿੰਗ ਰੋਕਣ ਅਤੇ ਰੇਤਾ ਤੇ ਬਜਰੀ ਦੀਆਂ ਕੀਮਤਾਂ ਹੋਰ ਘਟਾਉਣ ਲਈ ਰਾਹ ਪੱਧਰਾ ਕਰ ਦਿੱਤਾ। ਇਸ ਸਬੰਧੀ ਫੈਸਲਾ ਇੱਥੇ ਮੁੱਖ ਮੰਤਰੀ ਦੀ ਅਗਵਾਈ ਹੇਠ ਉਨ੍ਹਾਂ ਦੀ ਸਰਕਾਰੀ ਰਿਹਾਇਸ਼ 'ਤੇ ਹੋਈ ਮੰਤਰੀ ਮੰਡਲ ਦੀ ਮੀਟਿੰਗ ਵਿੱਚ ਲਿਆ ਗਿਆ।

ਇਹ ਜਾਣਕਾਰੀ ਦਿੰਦਿਆਂ ਮੁੱਖ ਮੰਤਰੀ ਦਫ਼ਤਰ ਦੇ ਬੁਲਾਰੇ ਨੇ ਦੱਸਿਆ ਕਿ ਮੰਤਰੀ ਮੰਡਲ ਨੇ 'ਪੰਜਾਬ ਰਾਜ ਮਾਈਨਰ ਮਿਨਰਲ ਨੀਤੀ' ਵਿੱਚ ਸੋਧ ਕਰਨ ਲਈ ਸਹਿਮਤੀ ਦੇ ਦਿੱਤੀ ਹੈ। ਇਸ ਦਾ ਉਦੇਸ਼ ਬਾਜ਼ਾਰ ਵਿੱਚ ਕੱਚੇ ਮਾਲ ਦੀ ਸਪਲਾਈ ਵਧਾਉਣਾ, ਗ਼ੈਰ-ਕਾਨੂੰਨੀ ਮਾਈਨਿੰਗ ਤੇ ਭ੍ਰਿਸ਼ਟਾਚਾਰ ਨੂੰ ਘਟਾਉਣਾ, ਸੂਬੇ ਦਾ ਮਾਲੀਆ ਵਧਾਉਣਾ ਅਤੇ ਮਾਈਨਿੰਗ ਖ਼ੇਤਰ ਵਿੱਚ ਸੰਭਾਵੀ ਇਜਾਰੇਦਾਰੀ ਨੂੰ ਖ਼ਤਮ ਕਰਨਾ ਹੈ। ਇਹ ਸੋਧ ਕਰੱਸ਼ਰ ਮਾਈਨਿੰਗ ਸਾਈਟਾਂ (ਸੀ.ਆਰ.ਐਮ.ਐਸ.) ਨਾਲ ਸਬੰਧਤ ਹੈ, ਜਿਸ ਨਾਲ ਕਰੱਸ਼ਰ ਮਾਲਕ, ਜਿਨ੍ਹਾਂ ਕੋਲ ਬਜਰੀ ਵਾਲੀ ਜ਼ਮੀਨ ਹੈ, ਹੁਣ ਮਾਈਨਿੰਗ ਲੀਜ਼ ਹਾਸਲ ਕਰ ਸਕਣ। ਇਸ ਕਦਮ ਨਾਲ ਦੂਜੇ ਸੂਬਿਆਂ ਤੋਂ ਮਾਈਨਿੰਗ ਸਮੱਗਰੀ ਦੀ ਗ਼ੈਰ-ਕਾਨੂੰਨੀ ਟਰਾਂਸਪੋਰਟੇਸ਼ਨ ਰੁਕਣ ਦੀ ਸੰਭਾਵਨਾ ਹੈ। ਇਸ ਨਾਲ ਬਾਜ਼ਾਰ ਵਿੱਚ ਕਰੱਸ਼ਡ ਰੇਤ ਅਤੇ ਬਜਰੀ ਦੀ ਉਪਲਬਧਤਾ ਵਧੇਗੀ, ਜੋ ਸੂਬੇ ਵਿੱਚ ਵਿਕਾਸ ਗਤੀਵਿਧੀਆਂ ਲਈ ਜ਼ਰੂਰੀ ਹੈ।

ਇਸੇ ਤਰ੍ਹਾਂ ਲੈਂਡਓਨਰ ਮਾਈਨਿੰਗ ਸਾਈਟਾਂ (ਐੱਲ.ਐਮ.ਐਸ.) ਨਾਲ ਰੇਤ ਵਾਲੀਆਂ ਜ਼ਮੀਨਾਂ ਦੇ ਮਾਲਕਾਂ ਨੂੰ ਸਹੂਲਤ ਹੋਵੇਗੀ ਅਤੇ ਉਹ ਮਾਈਨਿੰਗ ਲੀਜ਼ ਲਈ ਅਰਜ਼ੀ ਦੇ ਸਕਣਗੇ ਅਤੇ ਖਣਨ ਸਮੱਗਰੀ ਨੂੰ ਸਰਕਾਰ ਦੀਆਂ ਤੈਅ ਕੀਮਤਾਂ ਉਤੇ ਖੁੱਲ੍ਹੇ ਬਾਜ਼ਾਰ ਵਿੱਚ ਵੇਚ ਸਕਣਗੇ।

ਇਸ ਤੋਂ ਪਹਿਲਾਂ ਜ਼ਮੀਨ ਮਾਲਕਾਂ ਦੀ ਸਹਿਮਤੀ ਨਾ ਹੋਣ ਕਾਰਨ ਕਈ ਮਾਈਨਿੰਗ ਥਾਵਾਂ ਕਾਰਜਸ਼ੀਲ ਨਹੀਂ ਸਨ ਕਿਉਂਕਿ ਜ਼ਮੀਨ ਮਾਲਕ ਆਪਣੀ ਜ਼ਮੀਨ ਵਿੱਚੋਂ ਕਿਸੇ ਅਣਜਾਣ ਵਿਅਕਤੀ ਨੂੰ ਮਾਈਨਿੰਗ ਕਰਨ ਦੀ ਇਜਾਜ਼ਤ ਦੇਣ ਲਈ ਤਿਆਰ ਨਹੀਂ ਹੁੰਦੇ ਸਨ। ਐਲ.ਐਮ.ਐਸ. ਦੀ ਸ਼ੁਰੂਆਤ ਨਾਲ ਕਾਰਜਸ਼ੀਲ ਮਾਈਨਿੰਗ ਥਾਵਾਂ ਦੀ ਗਿਣਤੀ ਵਧੇਗੀ ਜਿਸ ਨਾਲ ਮਾਰਕੀਟ ਸਪਲਾਈ ਵਧਣ ਦੇ ਨਾਲ-ਨਾਲ ਸੂਬੇ ਦੇ ਮਾਲੀਆ ਵਧੇਗਾ। ਇਹ ਕਦਮ ਮਾਈਨਿੰਗ ਸੈਕਟਰ ਵਿੱਚ ਇਜਾਰੇਦਾਰੀ ਖਤਮ ਹੋਵੇਗੀ।

ਇਸ ਤੋਂ ਇਲਾਵਾ ਡਿਪਟੀ ਕਮਿਸ਼ਨਰਾਂ ਨੂੰ ਸਰਕਾਰੀ ਅਤੇ ਪੰਚਾਇਤੀ ਜ਼ਮੀਨਾਂ ਲਈ ਕੋਈ ਇਤਰਾਜ਼ ਨਹੀਂ ਸਰਟੀਫਿਕੇਟ (ਐਨ.ਓ.ਸੀ.) ਜਾਰੀ ਕਰਨ ਦਾ ਅਧਿਕਾਰ ਦਿੱਤਾ ਗਿਆ ਹੈ, ਕਿਉਂਕਿ ਉਹ ਇਨ੍ਹਾਂ ਜ਼ਮੀਨਾਂ ਦੇ ਕਸਟੋਡੀਅਨ (ਰਖਵਾਲੇ) ਹੁੰਦੇ ਹਨ। ਇਹ ਬਦਲਾਅ ਪ੍ਰਕਿਰਿਆ ਨੂੰ ਸੁਚਾਰੂ ਬਣਾਏਗਾ ਅਤੇ ਸਰਕਾਰੀ ਜ਼ਮੀਨਾਂ ਤੇ ਮਾਈਨਿੰਗ ਵਾਲੀਆਂ ਥਾਵਾਂ ਦੇ ਸੰਚਾਲਨ ਨੂੰ ਤੇਜ਼ ਕਰੇਗਾ। ਰੇਤ 'ਤੇ ਰਾਇਲਟੀ ਵਧਾ ਕੇ 1.75 ਰੁਪਏ/ਕਿਊਬਿਕ ਫੁੱਟ ਕਰ ਦਿੱਤੀ ਗਈ ਹੈ, ਜਿਸ ਦੀ ਪਿਟ-ਹੈੱਡ ਕੀਮਤ 7 ਰੁਪਏ ਕਿਊਬਿਕ ਫੁੱਟ ਹੈ। ਬਜਰੀ/ਆਰ.ਬੀ.ਐਮ. 'ਤੇ ਰਾਇਲਟੀ ਵਧਾ ਕੇ 3.15 ਰੁਪਏ/ਕਿਊਬਿਕ ਫੁੱਟ ਕਰ ਦਿੱਤੀ ਗਈ ਹੈ ਜਿਸਦੀ ਪਿਟ-ਹੈੱਡ ਕੀਮਤ 9 ਰੁਪਏ/ਕਿਊਬਿਕ ਫੁੱਟ ਹੈ।

ਮੰਤਰੀ ਮੰਡਲ ਨੇ ਦੁਹਰਾਇਆ ਕਿ ਪੰਜਾਬ ਸਰਕਾਰ ਪਾਰਦਰਸ਼ਤਾ, ਨਿਰਪੱਖਤਾ ਅਤੇ ਆਰਥਿਕ ਵਿਕਾਸ ਨੂੰ ਯਕੀਨੀ ਬਣਾਉਣ ਲਈ ਵਚਨਬੱਧ ਹੈ। ਇਹ ਸੋਧਾਂ ਨਾ ਸਿਰਫ਼ ਮਾਈਨਿੰਗ ਦੇ ਭਾਈਵਾਲਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨਗੀਆਂ ਸਗੋਂ ਸੂਬਾ ਭਰ ਵਿੱਚ ਮਾਈਨਿੰਗ ਗਤੀਵਿਧੀਆਂ ਦੇ ਕਾਨੂੰਨੀ ਅਤੇ ਪਾਰਦਰਸ਼ੀ ਸੰਚਾਲਨ ਲਈ ਢੁਕਵਾਂ ਢਾਂਚਾ ਵੀ ਕਾਇਮ ਕਰਨਗੀਆਂ। ਇਸ ਨੀਤੀ ਦਾ ਉਦੇਸ਼ ਵਾਤਾਵਰਣ ਅਤੇ ਰੈਗੂਲੇਟਰੀ ਮਿਆਰਾਂ ਨੂੰ ਬਰਕਰਾਰ ਰੱਖਦੇ ਹੋਏ ਸੂਬੇ ਦੀ ਆਰਥਿਕਤਾ ਨੂੰ ਹੁਲਾਰਾ ਦੇਣਾ ਹੈ।

ਇਸੇ ਤਰ੍ਹਾਂ 'ਮੁੱਖ ਮੰਤਰੀ ਤੀਰਥ ਯਾਤਰਾ ਸਕੀਮ' ਦੀ ਤਜਵੀਜ਼ ਨੂੰ ਪ੍ਰਵਾਨਗੀ ਦੇ ਦਿੱਤੀ ਹੈ ਜਿਸ ਨਾਲ ਸੀਨੀਅਰ ਨਾਗਰਿਕਾਂ ਨੂੰ ਤੀਰਥ ਯਾਤਰਾ ਕਰਵਾਈ ਜਾਵੇਗੀ। ਯਾਤਰਾ ਦਾ ਸਾਰਾ ਖਰਚਾ ਸਰਕਾਰ ਵੱਲੋਂ ਸਹਿਣ ਕੀਤਾ ਜਾਵੇਗਾ, ਜਿਸ ਵਿੱਚ ਏਅਰ-ਕੰਡੀਸ਼ਨਡ ਯਾਤਰਾ, ਆਰਾਮਦਾਇਕ ਰਿਹਾਇਸ਼ ਅਤੇ ਖਾਣ-ਪੀਣ ਦੀ ਵਿਵਸਥਾ ਆਦਿ ਸਹੂਲਤਾਂ ਹੋਣਗੀਆਂ। ਯਾਤਰਾ ਨੂੰ ਯਾਦਗਾਰ ਬਣਾਉਣ ਲਈ ਸਰਕਾਰ ਵੱਲੋਂ ਸ਼ਰਧਾਲੂਆਂ ਨੂੰ ਯਾਦ-ਚਿੰਨ੍ਹ ਵਜੋਂ ਤੋਹਫ਼ਾ ਵੀ ਦਿੱਤਾ ਜਾਵੇਗਾ।

ਬੁਲਾਰੇ ਨੇ ਦੱਸਿਆ ਕਿ 50 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਸਾਰੇ ਨਾਗਰਿਕ ਇਸ ਯੋਜਨਾ ਦਾ ਲਾਭ ਲੈ ਸਕਦੇ ਹਨ। ਇਹ ਯੋਜਨਾ ਹਰੇਕ ਜਾਤੀ, ਧਰਮ, ਆਮਦਨ ਅਤੇ ਖੇਤਰਾਂ ਦੇ ਲੋਕਾਂ ਲਈ ਹੈ। ਪੰਜਾਬ ਦੇ ਸਾਰੇ ਸ਼ਹਿਰਾਂ ਅਤੇ ਪਿੰਡਾਂ ਦੇ ਲੋਕ ਇਸ ਯੋਜਨਾ ਦਾ ਲਾਭ ਲੈ ਸਕਦੇ ਹਨ। ਯਾਤਰਾ ਦਾ ਉਦੇਸ਼ ਸੂਬੇ ਦੀ ਅਮੀਰ ਅਧਿਆਤਮਕ, ਧਾਰਮਿਕ ਅਤੇ ਸੱਭਿਆਚਾਰਕ ਵਿਰਾਸਤ ਨੂੰ ਮੂਰਤੀਮਾਨ ਕਰਨਾ ਹੈ ਅਤੇ ਇਸ ਵਿੱਚ ਸਾਰੇ ਪ੍ਰਮੁੱਖ ਧਾਰਮਿਕ ਸਥਾਨਾਂ ਦੀਆਂ ਯਾਤਰਾਵਾਂ ਸ਼ਾਮਲ ਹੋਣਗੀਆਂ।

ਬੁਲਾਰੇ ਨੇ ਦੱਸਿਆ ਕਿ ਯਾਤਰਾ ਦੌਰਾਨ ਸਤਿਸੰਗ ਅਤੇ ਕੀਰਤਨ ਆਦਿ ਧਾਰਮਿਕ ਸਰਗਰਮੀਆਂ ਵੀ ਹੋਣਗੀਆਂ। ਯਾਤਰਾ ਮੁਕੰਮਲ ਹੋਣ ਤੋਂ ਬਾਅਦ ਸਾਰੇ ਸ਼ਰਧਾਲੂਆਂ ਨੂੰ ਪ੍ਰਸਾਦ ਵੀ ਵੰਡਿਆ ਜਾਵੇਗਾ। ਇਸ ਯੋਜਨਾ ਲਈ 100 ਕਰੋੜ ਰੁਪਏ ਦਾ ਬਜਟ ਰੱਖਿਆ ਗਿਆ ਹੈ ਅਤੇ ਜੇਕਰ ਲੋੜ ਪਈ ਤਾਂ ਇਸ ਨੂੰ ਹੋਰ ਵਧਾਇਆ ਜਾਵੇਗਾ। ਤੀਰਥ ਯਾਤਰਾ ਤੇ ਜਾਣ ਵਾਲਿਆਂ ਲਈ ਰਜਿਸਟ੍ਰੇਸ਼ਨ ਅਪ੍ਰੈਲ ਦੇ ਆਖਰੀ ਹਫ਼ਤੇ ਸ਼ੁਰੂ ਹੋਵੇਗੀ ਅਤੇ ਯਾਤਰਾ ਮਈ ਵਿੱਚ ਸ਼ੁਰੂ ਹੋਵੇਗੀ।

ਮੰਤਰੀ ਮੰਡਲ ਨੇ ਸੂਬੇ ਵਿੱਚ 'ਸਕੂਲ ਮੈਂਟਰਸ਼ਿਪ ਪ੍ਰੋਗਰਾਮ' (ਵਿਦਿਆਰਥੀਆਂ ਨੂੰ ਸੇਧ ਦੇਣ ਦਾ ਉਪਰਾਲਾ) ਲਾਗੂ ਕਰਨ ਲਈ ਹਰੀ ਝੰਡੀ ਦੇ ਦਿੱਤੀ ਹੈ ਜਿਸ ਨਾਲ ਆਈ.ਏ.ਐਸ./ਆਈ.ਪੀ.ਐਸ. ਅਫਸਰ ਸੂਬੇ ਭਰ ਦੇ ਪੇਂਡੂ ਸਕੂਲਾਂ ਨੂੰ ਅਪਣਾਉਣਗੇ ਅਤੇ ਵਿਦਿਆਰਥੀਆਂ ਨੂੰ ਆਪਣੀ ਜ਼ਿੰਦਗੀ 'ਚ ਬੁਲੰਦੀਆਂ ਛੂਹਣ ਵਿੱਚ ਲੋੜੀਂਦੀ ਸੇਧ ਦੇਣਗੇ। ਇਹ ਪਾਇਲਟ ਪ੍ਰਾਜੈਕਟ ਸਭ ਤੋਂ ਪਹਿਲਾਂ ਸੂਬੇ ਦੇ 80 'ਸਕੂਲ ਆਫ ਐਮੀਨੈਂਸ' ਵਿੱਚ ਸ਼ੁਰੂ ਹੋਵੇਗਾ ਅਤੇ ਹਰੇਕ ਅਫਸਰ ਨੂੰ ਪੰਜ ਸਾਲਾਂ ਲਈ ਸਕੂਲ ਅਲਾਟ ਕੀਤਾ ਜਾਵੇਗਾ, ਚਾਹੇ ਇਸ ਸਮੇਂ ਦੌਰਾਨ ਉਸ ਦੀ ਤਾਇਨਾਤੀ ਕਿਸੇ ਵੀ ਜਗ੍ਹਾ ਹੋਵੇ। ਇਸ ਕਦਮ ਨਾਲ ਆਈ.ਏ.ਐਸ./ਆਈ.ਪੀ.ਐਸ. ਅਧਿਕਾਰੀਆਂ ਦਾ ਵਿਦਿਆਰਥੀਆਂ ਅਤੇ ਅਧਿਆਪਕਾਂ ਨਾਲ ਸਾਰਥਕ ਵਾਰਤਾਲਾਪ ਹੋਵੇਗਾ ਜਿਸ ਨਾਲ ਸਿੱਖਿਆ ਦਾ ਮਾਹੌਲ ਹੋਰ ਜ਼ਿਆਦਾ ਸਾਜ਼ਗਰ ਹੋਵੇਗਾ। ਇਹ ਅਧਿਕਾਰੀ ਜਿੱਥੇ ਵਿਦਿਆਰਥੀਆਂ ਨੂੰ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਲਈ ਸੇਧ ਦੇਣਗੇ, ਉਥੇ ਹੀ ਅਧਿਆਪਕਾਂ ਦਾ ਹੁਨਰ ਨਿਖਾਰਨ ਲਈ ਸਿਖਲਾਈ ਦੇਣਾ ਯਕੀਨੀ ਬਣਾਉਣਗੇ। ਇਹ ਅਧਿਕਾਰੀ ਇਨ੍ਹਾਂ ਸਕੂਲਾਂ ਦੇ ਵਿਕਾਸ ਨੂੰ ਯਕੀਨੀ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਉਣਗੇ। ਇਹ ਅਧਿਕਾਰੀ ਬੌਸ ਵਜੋਂ ਨਹੀਂ ਸਗੋਂ ਰਾਹ ਦਸੇਰੇ ਵਜੋਂ ਸੇਧ ਦੇਣਗੇ। ਉਨ੍ਹਾਂ ਕਿਹਾ ਕਿ ਇਹ ਕਾਰਜ ਸਵੈ-ਇ ੱਛਤ ਹੋਵੇਗਾ ਅਤੇ ਇਸ ਵਿੱਚ ਦਿਲਚਸਪੀ ਰੱਖਣ ਵਾਲੇ ਅਧਿਕਾਰੀਆਂ ਨੂੰ ਆਪਣੀਆਂ ਪਹਿਲਾਂ ਤੋਂ ਨਿਰਧਾਰਤ ਡਿਊਟੀਆਂ ਦੇ ਨਾਲ-ਨਾਲ ਇਸ ਫਰਜ਼ ਨੂੰ ਨਿਭਾਉਣਾ ਹੋਵੇਗਾ।

## 30 ਜਨਵਰੀ ਨੂੰ ਮਾਛੀਵਾੜਾ ਸਾਹਿਬ ਦੇ ਦੋ ਪੈਟਰੋਲ ਪੰਪ ਲੁੱਟਣ ਵਾਲੇ ਛੇ ਅਰੋਪੀ ਫਰੀਦਕੋਟ ਜ਼ਿਲ੍ਹੇ 'ਚੋਂ ਕਾਬੂ



**ਮਾਛੀਵਾੜਾ ਸਾਹਿਬ, 8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਨਸ਼ੇ ਦੀ ਪੂਰਤੀ ਲਈ ਨਸ਼ੇੜੀ ਵੱਖ-ਵੱਖ ਢੰਗ ਤਰੀਕਿਆਂ ਨਾਲ ਖਤਰਨਾਕ ਵਾਰਦਾਤਾਂ ਨੂੰ ਅੰਜਾਮ ਦਿੰਦੇ ਹਨ ,ਪਰ ਪੰਜਾਬ ਪੁਲਿਸ ਇਹਨਾਂ ਨੂੰ ਇਹਨਾਂ ਦੇ ਅੰਜਾਮ ਤੱਕ ਪਹੁੰਚਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡ ਰਹੀ ।ਇਸੇ ਤਰ੍ਹਾਂ ਵਾਪਰਿਆ ਬੀਤੇ 30 ਜਨਵਰੀ ਮਾਛੀਵਾੜਾ ਸਾਹਿਬ ਤੋਂ ਦੋ ਪੈਟਰੋਲ ਪੰਪ ਲੁੱਟਣ ਵਾਲੇ ਛੇ ਅਰੋਪੀਆਂ ਨਾਲ ਜਿਨ੍ਹਾਂ ਨੂੰ ਫਰੀਦਕੋਟ ਜ਼ਿਲ੍ਹੇ ਵਿੱਚੋਂ ਕਾਬੂ ਕਰ ਲਿਆ ਗਿਆ ਹੈਮਾਛੀਵਾੜ ?ਾ ਇਲਾਕੇ ਦੇ 2 ਪੈਟਰੋਲ ਪੰਪਾਂ 'ਤੇ ਲੰਘੀ 30 ਜਨਵਰੀ ਦੀ ਰਾਤ ਨੂੰ ਪਿਸਤੌਲ ਦਿਖਾ ਕੇ ਨਕਦੀ ਲੁੱਟਣ ਦੇ ਮਾਮਲੇ ਨੂੰ ਮਾਛੀਵਾੜ ?ਾ ਪੁਲਿਸ ਨੇ ਸੁਲਝਾ ਲਿਆ ਹੈ। ਐੱਸ.ਐੱਚ.ਓ. ਹਰਵਿੰਦਰ ਸਿੰਘ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਲੰਘੀ 30 ਜਨਵਰੀ ਦੀ ਰਾਤ ਨੂੰ ਇੱਕ ਕਾਰ ਸਵਾਰ 5 ਲੁਟੇਰਿਆਂ ਨੇ ਮਾਛੀਵਾੜਾ-ਸਮਰਾਲਾ ਰੋਡ 'ਤੇ ਸਥਿਤ ਬੈਨੀਪਾਲ ਕਿਸਾਨ ਫਿਲਿੰਗ ਸਟੇਸ਼ਨ ਦੇ ਕਰਿੰਦਿਆਂ ਤੋਂ ਪਿਸਤੌਲ ਦਿਖਾ ਕੇ 47,500 ਰੁਪਏ ਅਤੇ ਕੁਹਾੜ ?ਾ ਮਾਰਗ 'ਤੇ ਪੈਂਦੇ ਮਹਾਂਵੀਰ ਫਿਲਿੰਗ ਸਟੇਸ਼ਨ ਤੋਂ 40,000 ਰੁਪਏ ਨਕਦੀ ਲੁੱਟ ਕੇ ਫ਼ਰਾਰ ਹੋ ਗਏ ਸਨ। ਇਨ੍ਹਾਂ ਕਾਰ ਸਵਾਰ ਲੁਟੇਰਿਆਂ ਨੂੰ ਫਰੀਦਕੋਟ ਜ਼ਿਲ੍ਹੇ ਦੀ ਪੁਲਿਸ ਨੇ ਕਾਬੂ ਕਰ ਲਿਆ ਸੀ ਜਿਨ੍ਹਾਂ ਨੂੰ ਹੁਣ ਮਾਛੀਵਾੜ ?ਾ ਪੁਲਿਸ ਨੇ ਪ੍ਰੋਡਕਸ਼ਨ ਵਾਰੰਟ 'ਤੇ ਲਿਆ ਕੇ ਅਦਾਲਤ ਵਿਚ ਪੇਸ਼ ਕਰਨ ਤੋਂ ਬਾਅਦ ਰਿਮਾਂਡ ਹਾਸਿਲ ਕੀਤਾ ਹੈ। ਐੱਸ.ਐੱਚ.ਓ. ਇੰਸਪੈਕਟਰ ਹਰਵਿੰਦਰ ਸਿੰਘ ਨੇ ਦੱਸਿਆ ਕਿ ਪੈਟਰੋਲ ਪੰਪ ਤੋਂ ਲੁੱਟ ਦੀ ਵਾਰਦਾਤਾਂ ਨੂੰ ਅੰਜ਼ਾਮ ਦੇਣ ਵਾਲੇ ਇਨ੍ਹਾਂ ਵਿਅਕਤੀਆਂ ਦੀ ਪਹਿਚਾਣ ਸਾਹਿਲਦੀਪ ਸਿੰਘ ਵਾਸੀ ਦਮਦਮਾ ਸਾਹਿਬ, ਹਰੀਕੇ ਥਾਣਾ, ਹਰਪ੍ਰੀਤ ਸਿੰਘ ਵਾਸੀ ਸ਼ਾਹਾਵਾਲਾ, ਥਾਣਾ ਸਦਰ ਜ਼ੀਰਾ, ਗੁਰਭੇਜ ਸਿੰਘ ਉਰਫ਼ ਭੇਜਾ ਵਾਸੀ ਮੁੱਦਕੀ, ਬੋਬੀ ਵਾਸੀ ਫਤਹਿਗੜ ਪੰਜ ਤੂਰ ਅਤੇ ਵਿਸ਼ਾਲ ਵਾਸੀ ਹਰੀਕੇ ਪੱਤਣ ਵਜੋਂ ਹੋਈ ਜਿਨ੍ਹਾਂ ਦੀ ਪਹਿਚਾਣ ਪੈਟਰੋਲ ਪੰਪ ਦੇ ਕਰਿੰਦਿਆਂ ਤੋਂ ਵੀ ਕਰਵਾਈ ਗਈ। ਐੱਸ.ਐੱਚ.ਓ. ਨੇ ਦੱਸਿਆ ਕਿ ਇਨ੍ਹਾਂ ਕੋਲ ਜੋ ਪਿਸਤੌਲ ਤੇ ਕਾਰ ਸੀ ਉਹ ਵੀ ਚੋਰੀ ਕੀਤੇ ਹੋਏ ਸਨ। ਉਨ੍ਹਾਂ ਦੱਸਿਆ ਕਿ ਇਨ੍ਹਾਂ 5 ਮੁਲਜ਼ਮਾਂ ਨੂੰ ਪਨਾਹ ਦੇਣ ਵਾਲੇ ਪ੍ਰਭਦੀਪ ਸਿੰਘ ਵਾਸੀ ਪਟਿਆਲਾ ਨੂੰ ਵੀ ਗ੍ਰਿਫ਼ਤਾਰ ਕੀਤਾ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਸਾਰੇ ਮੁਲਜ਼ਮਾਂ ਦੀ ਉਮਰ 19 ਤੋਂ 23 ਸਾਲ ਹੈ ਜੋ ਛੋਟੀ ਉਮਰ ਵਿਚ ਹੀ ਨਸ਼ੇ ਪੂਰਤੀ ਲਈ ਲੁੱਟ ਖੋਹ ਦੀਆ ਵਾਰਦਾਤਾਂ ਨੂੰ ਅੰਜ਼ਾਮ ਦਿੰਦੇ ਸਨ ਜਿਨ੍ਹਾਂ ਪਹਿਲਾਂ ਵੀ ਵੱਖ ਵੱਖ ਥਾਣਿਆਂ ਵਿਚ ਅਪਰਾਧਿਕ ਮਾਮਲੇ ਦਰਜ ਹਨ।

## ਮੁੱਖ ਮੰਤਰੀ ਭਗਵੰਤ ਮਾਨ ਅਤੇ ਉਹਨਾਂ ਦੀ ਧਰਮ ਪਤਨੀ ਨੇ ਮਾਤਾ ਨੈਣਾ ਦੇਵੀ ਟੇਕਿਆ ਮੱਥਾ



**ਨੈਣਾ ਦੇਵੀ, 8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ਼ੁੱਕਰਵਾਰ ਨੂੰ ਐਲਾਨ ਕੀਤਾ ਕਿ ਸੂਬਾ ਸਰਕਾਰ, ਸ਼ਰਧਾਲੂਆਂ ਦੀ ਸਹੂਲਤ ਲਈ ਸ੍ਰੀ ਆਨੰਦਪੁਰ ਸਾਹਿਬ ਅਤੇ ਸ੍ਰੀ ਨੈਣਾ ਦੇਵੀ ਜੀ ਵਿਚਕਾਰ ਰੋਪਵੇਅ ਸ਼ੁਰੂ ਕਰਨ ਲਈ ਹਰ ਸੰਭਵ ਯਤਨ ਕਰੇਗੀ।

ਮਾਤਾ ਸ੍ਰੀ ਨੈਣਾ ਦੇਵੀ ਜੀ ਮੰਦਰ ਵਿਖੇ ਮੱਥਾ ਟੇਕਣ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਉਹ ਹਿਮਾਚਲ ਪ੍ਰਦੇਸ਼ ਦੇ ਆਪਣੇ ਹਮਰੁਤਬਾ ਨੂੰ ਬੇਨਤੀ ਕਰਨਗੇ ਕਿ ਉਹ ਵੱਡੇ ਜਨਤਕ ਹਿੱਤਾਂ ਲਈ ਇਸ ਪ੍ਰੋਜੈਕਟ ਨੂੰ ਤੇਜ਼ੀ ਨਾਲ ਨੇਪਰੇ ਚੜ੍ਹਾਉਣ ਲਈ ਅਧਿਕਾਰੀਆਂ ਦਾ ਇੱਕ ਸਾਂਝਾ ਐਕਸ਼ਨ ਗਰੁੱਪ ਬਣਾਉਣ। ਉਨ੍ਹਾਂ ਆਸ ਪ੍ਰਗਟਾਈ ਕਿ ਕਿ ਰੋਪਵੇਅ ਇਨ੍ਹਾਂ ਦੋਵਾਂ ਇਤਿਹਾਸਕ ਅਤੇ ਧਾਰਮਿਕ ਸਥਾਨਾਂ 'ਤੇ ਦਰਸ਼ਨਾਂ ਲਈ ਜਾਣ ਵਾਲੇ ਲੱਖਾਂ ਸ਼ਰਧਾਲੂਆਂ ਨੂੰ ਸੁਚਾਰੂ ਅਤੇ ਨਿਰਵਿਘਨ ਆਵਾਜਾਈ ਦੀ ਸਹੂਲਤ ਪ੍ਰਦਾਨ ਕਰੇਗਾ। ਉਨ੍ਹਾਂ ਦੁੱਖ ਪ੍ਰਗਟ ਕੀਤਾ ਕਿ ਪਿਛਲੀਆਂ ਸਰਕਾਰਾਂ ਵੱਲੋਂ ਕੂੜ-ਪ੍ਰਚਾਰ ਤੇ ਬੇਅਰਥ ਦਾਅਵਿਆਂ ਦੇ ਬਾਵਜੂਦ ਇਹ ਪ੍ਰੋਜੈਕਟ ਸਿਰੇ ਨਹੀਂ ਚੜ੍ਹ ਸਕਿਆ।

ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਵਿੱਚ ਸ੍ਰੀ ਆਨੰਦਪੁਰ ਸਾਹਿਬ ਅਤੇ ਹਿਮਾਚਲ ਪ੍ਰਦੇਸ਼ ਵਿੱਚ ਸ੍ਰੀ ਨੈਣਾ ਦੇਵੀ, ਦੁਨੀਆ ਭਰ ਦੇ ਸ਼ਰਧਾਲੂਆਂ ਦੁਆਰਾ ਜਾਣ ਵਾਲੇ ਪ੍ਰਸਿੱਧ ਤੀਰਥ ਸਥਾਨ ਹਨ ਅਤੇ ਇਹ ਰੋਪਵੇਅ ਸ਼ਰਧਾਲੂਆਂ ਨੂੰ ਇੱਕ ਦੂਜੇ ਤੋਂ ਕਾਫ਼ੀ ਦੂਰ ਸਥਿਤ ਇਨ੍ਹਾਂ ਦੋਵਾਂ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਨ ਦੀ ਸੁਖਾਲੀ ਸਹੂਲਤ ਪ੍ਰਦਾਨ ਕਰੇਗਾ।

ਇਸ ਦੌਰਾਨ ਨਵਰਾਤਿਆਂ ਦੇ ਚੱਲ ਰਹੇ ਤਿਉਹਾਰ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਸ਼ਕਤੀਪੀਠ ਸ੍ਰੀ ਮਾਤਾ ਨੈਣਾ ਦੇਵੀ ਜੀ ਵਿਖੇ ਮੱਥਾ ਟੇਕਿਆ ਅਤੇ ਸੂਬੇ ਦੀ ਤਰੱਕੀ ਅਤੇ ਲੋਕਾਂ ਦੀ ਖੁਸ਼ਹਾਲੀ ਲਈ ਪ੍ਰਾਰਥਨਾ ਕੀਤੀ। ਲੋਕਾਂ ਨੂੰ ਨਵਰਾਤਿਆਂ ਦੇ ਤਿਉਹਾਰ ਦੀਆਂ ਸ਼ੁਭਕਾਮਨਾਵਾਂ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਨਵਰਾਤਿਆਂ ਦਾ ਤਿਉਹਾਰ ਮਾਤਾ ਦੁਰਗਾ ਦੇਵੀ ਦੀ ਦੈਂਤਾਂ ਉੱਤੇ ਜਿੱਤ ਦਾ ਪ੍ਰਤੀਕ ਹੈ, ਜੋ ਬੁਰਾਈ ਉੱਤੇ ਚੰਗਿਆਈ ਦੀ ਜਿੱਤ ਦਾ ਜਸ਼ਨ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਹ ਇਸ ਪਵਿੱਤਰ ਧਰਤੀ 'ਤੇ ਪੰਜਾਬ ਵਿੱਚੋਂ ਨਸ਼ਿਆਂ ਦੇ ਦੈਂਤ ਨੂੰ ਖ਼ਤਮ ਕਰਨ ਲਈ ਮਾਂ ਦੁਰਗਾ ਦਾ ਆਸ਼ੀਰਵਾਦ ਲੈਣ ਆਏ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਉਹ ਪਵਿੱਤਰ ਦਿਨ ਹਨ, ਜਦੋਂ ਫ਼ਿਜ਼ਾ ਵਿੱਚ ਹੀ ਸ਼ਰਧਾ ਅਤੇ ਉਤਸ਼ਾਹ ਹੁੰਦਾ ਹੈ ਕਿਉਂਕਿ ਸ਼ਰਧਾਲੂ ਦੇਵੀ ਦੁਰਗਾ ਦੀ ਵੱਖ-ਵੱਖ ਰੂਪਾਂ ਵਿੱਚ ਪੂਜਾ ਕਰਦੇ ਹਨ। ਉਨ੍ਹਾਂ ਕਿਹਾ ਕਿ ਇਹ ਅਧਿਆਤਮਕ ਚਿੰਤਨ, ਵਰਤ, ਪ੍ਰਾਰਥਨਾ ਅਤੇ ਸਿਹਤ, ਖੁਸ਼ਹਾਲੀ ਤੇ ਭਲਾਈ ਲਈ ਅਸੀਸ ਲੈਣ ਦਾ ਸਮਾਂ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਨ੍ਹਾਂ ਨੇ ਸੂਬੇ ਦੀ ਸੇਵਾ ਹੋਰ ਜੋਸ਼ ਅਤੇ ਲਗਨ ਨਾਲ ਕਰਨ ਲਈ ਮਾਂ ਦੁਰਗਾ ਤੋਂ ਆਸ਼ੀਰਵਾਦ ਲੈਣ ਲਈ ਪਾਵਨ ਸ਼ਕਤੀਪੀਠ ਵਿਖੇ ਮੱਥਾ ਟੇਕਿਆ।

ਮੁੱਖ ਮੰਤਰੀ ਨੇ ਅਰਦਾਸ ਕੀਤੀ ਕਿ ਮਾਤਾ ਰਾਣੀ ਉਨ੍ਹਾਂ ਨੂੰ ਸੂਬੇ ਦੇ ਲੋਕਾਂ ਦੀ ਪੂਰੀ ਨਿਮਰਤਾ ਅਤੇ ਸਮਰਪਣ ਭਾਵਨਾ ਨਾਲ ਸੇਵਾ ਕਰਨ ਦਾ ਬਲ ਬਖ਼ਸ਼ਣ। ਉਨ੍ਹਾਂ ਨੇ ਮਾਤਾ ਰਾਣੀ ਤੋਂ ਜਾਤ, ਰੰਗ, ਨਸਲ ਅਤੇ ਧਰਮ ਦੇ ਭੇਦ-ਭਾਵ ਤੋਂ ਉੱਤੇ ਉੱਠ ਕੇ ਸੂਬੇ ਦੇ ਲੋਕਾਂ ਦੀ ਸੇਵਾ ਕਰਨ ਦਾ ਆਸ਼ੀਰਵਾਦ ਮੰਗਿਆ ਤਾਂ ਜੋ ਸਦਭਾਵਨਾ ਵਾਲਾ ਸਮਾਜ ਸਿਰਜਿਆ ਜਾ ਸਕੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸਮਾਜ ਵਿੱਚ ਪਿਆਰ, ਭਾਈਚਾਰਾ ਅਤੇ ਸਦਭਾਵਨਾ ਦੇ ਸਿਧਾਂਤਾਂ ਨੂੰ ਹਰ ਹੀਲੇ ਬਰਕਰਾਰ ਰੱਖਣਾ, ਉਨ੍ਹਾਂ ਦੀ ਸਰਕਾਰ ਦੀ ਤਰਜੀਹ ਰਹੇਗੀ।

ਮੁੱਖ ਮੰਤਰੀ ਨੇ ਪੰਜਾਬ ਦੇ ਲੋਕਾਂ ਦੀ ਇਮਾਨਦਾਰੀ, ਸਮਰਪਣ ਅਤੇ ਵਚਨਬੱਧਤਾ ਨਾਲ ਸੇਵਾ ਕਰਨ ਦੀ ਜ਼ਿੰਮੇਵਾਰੀ ਸੌਂਪਣ ਲਈ ਮਾਤਾ ਰਾਣੀ ਦਾ ਸ਼ੁਕਰਾਨਾ ਕੀਤਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਦੁਨੀਆ ਭਰ ਦੇ ਲੱਖਾਂ ਲੋਕਾਂ ਲਈ ਪ੍ਰੇਰਨਾ ਅਤੇ ਸਾਕਾਰਾਤਮਕਤਾ ਦਾ ਸਰੋਤ ਇਸ ਪਵਿੱਤਰ ਅਸਥਾਨ ਦੇ ਦਰਸ਼ਨ ਕਰਨਾ ਉਨ੍ਹਾਂ ਲਈ ਵਿਲੱਖਣ ਅਨੁਭਵ ਰਿਹਾ। ਉਨ੍ਹਾਂ ਕਿਹਾ ਕਿ ਪਰਮਾਤਮਾ ਦੀ ਕਿਰਪਾ ਨਾਲ ਉਹ ਲੋਕਾਂ ਦੀਆਂ ਉਮੀਦਾਂ 'ਤੇ ਖਰਾ ਉਤਰਨ ਲਈ ਕੋਈ ਕਸਰ ਨਹੀਂ ਛੱਡ ਰਹੇ ਹਨ ਅਤੇ ਸਰਕਾਰ ਵੱਲੋਂ ਲੋਕ-ਪੱਖੀ ਤੇ ਵਿਕਾਸ-ਮੁਖੀ ਨੀਤੀਆਂ ਲਾਗੂ ਕਰਨ ਨੂੰ ਤਰਜੀਹ ਦਿੱਤੀ ਜਾ ਰਹੀ ਹੈ।

## ਵਿਧਾਇਕ ਦੇਵ ਮਾਨ ਦੀ ਟੀਮ ਵੱਲੋਂ ਪਿੰਡ ਬੋੜਾਂ ਕਲਾਂ ਵਿਖੇ ਧਰਮਸ਼ਾਲਾ ਦਾ ਰੱਖਿਆ ਨੀਂਹ ਪੱਥਰ



**ਨਾਭਾ, 8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਹਲਕਾ ਨਾਭਾ ਵਿੱਚ ਗੁਰਦੇਵ ਸਿੰਘ ਦੇਵ ਮਾਨ ਐਮ ਐਲ ਏ ਨਾਭਾ ਦੀ ਅਗਵਾਈ ਵਿੱਚ ਵੱਡੇ ਪੱਧਰ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ ਇਸ ਲੜੀ ਤਹਿਤ ਪਿੰਡ ਬੋੜਾਂ ਕਲਾਂ ਵਿਖੇ ਪਿੰਡ ਵਾਸੀਆਂ ਦੀ ਮੰਗ ਨੂੰ ਪੂਰਾ ਕਰਦੇ ਹੋਏ ਅੱਜ ਐਸੀ ਧਰਮਸ਼ਾਲਾ ਦਾ ਨੀਂਹ ਪੱਥਰ ਬਲਜੀਤ ਕੌਰ ਖਾਲਸਾ ਬੀਡੀਪੀਓ ਨਾਭਾ ਅਤੇ ਵਿਧਾਇਕ ਦੇਵ ਮਾਨ ਦੀ ਟੀਮ ਵੱਲੋਂ ਰੱਖਿਆ ਗਿਆ ਜਿਸ ਦਾ ਕੰਮ ਬਹੁਤ ਜਲਦੀ ਪੂਰਾ ਹੋ ਜਾਵੇਗਾ ਇੰਨਾਂ ਵਿਚਾਰਾਂ ਦਾ ਪ੍ਰਗਟਾਵਾ ਟੀਮ ਦੇਵ ਮਾਨ ਵੱਲੋਂ ਸਾਂਝੇ ਤੌਰ ਤੇ ਕੀਤਾ ਇਸ ਮੌਕੇ ਵਿਧਾਇਕ ਦੇਵ ਮਾਨ ਦੇ ਭਰਾ ਸੁਖਦੇਵ ਮਾਨ ਅਤੇ ਤੇਜਿੰਦਰ ਸਿੰਘ ਖਹਿਰਾ ਵੱਲੋਂ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਵਿਕਾਸ ਕਾਰਜਾਂ ਲਈ ਗ੍ਰਾਂਟ ਜਾਰੀ ਕੀਤੀ ਜਾ ਰਹੀ ਹੈ ਜਿਸ ਤਹਿਤ ਹਲਕਾ ਨਾਭਾ ਵਿੱਚ ਵੀ ਵਿਧਾਇਕ ਦੇਵ ਮਾਨ ਵੱਲੋਂ ਵਿਕਾਸ ਕਾਰਜਾਂ ਲਈ ਚੈੱਕ ਤਕਸੀਮ ਕੀਤੇ ਜਾਣਗੇ। ਇਸ ਮੌਕੇ ਉਨਾਂ ਦੇ ਨਾਲ ,ਸਰਬਜੀਤ ਕੌਰ ਸਰਪੰਚ , ਬਲਵੀਰ ਸਿੰਘ ਸਾਬਕਾ ਸਰਪੰਚ , ਜਸਵਿੰਦਰ ਸਿੰਘ ਅੱਚਲ ਸਰਪੰਚ, ਮੇਜਰ ਸਿੰਘ ਤੁੰਗਾਂ ਬਲਾਕ ਪ੍ਰਧਾਨ, ਗੁਰਚਰਨ ਸਿੰਘ ਬਲਾਕ ਪ੍ਰਧਾਨ, ਮੇਜਰ ਸਿੰਘ, ਗੁਰਵਿੰਦਰ ਸਿੰਘ ਪੰਚ , ਜਗਸੀਰ ਸਿੰਘ, ਰਣਧੀਰ ਸਿੰਘ, ਗੁਰਜੀਤ ਸਿੰਘ, ਜਗਦੀਪ ਸਿੰਘ ਪੰਚ , ਕੁਲਦੀਪ ਸਿੰਘ ਪੰਚ , ਅਜੈਬ ਸਿੰਘ , ਬਲਵਿੰਦਰ ਸਿੰਘ, ਗੁਰਵਿੰਦਰ ਸਿੰਘ ਗੱਗੂ, ਜਸਵੀਰ ਸਿੰਘ ਵਜੀਦਪੁਰ, ਕੁਲਵਿੰਦਰ ਸਿੰਘ ਬਿੰਨਾਹੇੜੀ , ਸੰਦੀਪ ਕੌਰ ਪੰਚ, ਕੁਲਜੀਤ ਸਿੰਘ ਸਰਪੰਚ ਲੁਹਾਰ ਮਾਜਰਾ ਅਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਮੌਜੂਦ ਸਨ।

## ਪਿੰਡ ਬਾਰਾਪੁਰ ਦੀ ਪੰਚਾਇਤੀ ਦੇ ਜੰਗਲ ਵਿੱਚ ਰਾਤ ਨੂੰ ਮੀਈਨਿੰਗ ਕਰਦੀ ਜੇ.ਸੀ.ਬੀ. ਮਸ਼ੀਨ ਤੇ ਡਰਾਈਵਰ ਕਾਬੂ



**ਗੜ੍ਹਸ਼ੰਕਰ, 8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਬੀਤ ਇਲਾਕੇ ਦੇ ਪਿੰਡ ਬਾਰਾਪੁਰ ਦੇ ਪੰਚਾਇਤੀ ਰਕਬੇ (ਜੰਗਲ) ਵਿੱਚ ਮਾਈਨਿੰਗ ਕਰ ਰਹੀ ਇੱਕ ਜੇਸੀਬੀ ਮਸ਼ੀਨ ਗਰਾਮ ਪੰਚਾਇਤ ਵਲੋਂ ਮੌਕੇ ਤੇ ਜਾ ਕੇ ਆਪਣੇ ਕਬਜੇ ਵਿੱਚ ਲੈ ਕੇ ਪੁਲਿਸ ਦੇ ਹਵਾਲੇ ਕਰ ਦਿੱਤੀ ਗਈ ਹੈ। ਮੌਜੂਦਾ ਸਰਪੰਚ ਸੰਤੋਸ਼ ਕੁਮਾਰੀ ਅਤੇ ਉਸ ਦੇ ਪਤੀ ਸੁਰਿੰਦਰ ਪਾਲ ਸਾਬਕਾ ਸਰਪੰਚ ਨੇ ਦੱਸਿਆ ਕਿ ਕਈ ਦਿਨਾਂ ਤੋਂ ਰਾਤ ਵੇਲੇ ਮਾਈਨਿੰਗ ਹੋਣ ਦੀਆਂ ਅਵਾਜਾਂ ਜੰਗਲ ਤੋਂ ਆ ਰਹੀਆਂ ਸਨ। ਬੀਤੀ ਰਾਤ ਕਰੀਬ ਅੱਠ ਵਜੇ ਉਹ ਪਿੰਡ ਦੇ ਲੋਕਾਂ ਬਲਵੰਤ ਸਿੰਘ, ਸਤਨਾਮ ਸਿੰਘ, ਸੁਰਜੀਤ ਸਿੰਘ,ਪੰਕਜ ਕੁਮਾਰ,ਸ਼ਿੰਦਾ ਸਮੇਤ ਇੱਕ ਦਰਜਣ ਤੋਂ ਵਧ ਪਿੰਡ ਵਾਸੀਆਂ ਨੂੰ ਨਾਲ ਲੈ ਕੇ ਜਦ ਜੰਗਲ ਵਿੱਚ ਗਏ ਤਾਂ ਇੱਕ ਜੇ ਸੀ ਬੀ ਟਰਾਲੀਆਂ ਭਰ ਰਹੀ ਸੀ।

ਮੌਕੇ ਤੇ ਚਾਰ ਟਰਾਲੀਆਂ ਸਨ ਅਤੇ ਇੱਕ ਇਨੋਵਾ ਕਾਰ ਨੰਬਰ-ਪੀਬੀ08ਈਪੀ/9898 ਖੜੀ ਸੀ। ਸਾਨੂੰ ਦੇਖ ਕੇ ਰਾਤ ਦੇ ਹਨੇਰੇ ਵਿੱਚ ਟਰਾਲੀਆਂ ਅਤੇ ਕਾਰ ਭਜਾ ਕੇ ਲੈ ਗਏ। ਪਰ ਜੇ ਸੀ ਬੀ ਮਸ਼ੀਨ ਅਸੀਂ ਲੋਕਾਂ ਦੇ ਸਹਿਯੋਗ ਨਾਲ ਫੜ ਕੇ ਪੁਲਿਸ ਚੌਕੀ ਬੀਣੇਵਾਲ ਦੇ ਹਵਾਲੇ ਕਰ ਦਿੱਤੀ। ਜਦ ਕਿ ਰਾਤ ਦੇ ਹਨੇਰੇ ਵਿੱਚ 4 ਟਰਾਲੀਆਂ ਤੇ ਇੱਕ ਇਨੋਵਾ ਕਾਰ ਮਾਫੀਆ ਨਾਲ ਸਬੰਧਤ ਲੋਕ ਮੌਕੇ ਤੇ ਹਨੇਰੇ ਦਾ ਫਾਇਦਾ ਚੁੱਕ ਕੇ ਫਰਾਰ ਹੋ ਗਏ।ਕਾਰ ਦੀ ਫੋਟੋ ਤਾਂ ਲੈ ਲਈ ਪਰ ਟਰਾਲੀਆਂ ਦੇ ਫੋਟੋ ਨਹੀ ਲਏ ਜਾ ਸਕੇ। ਸਰਪੰਚ ਨੇ ਦੱਸਿਆ ਕਿ ਮਾਈਨਿੰਗ ਮਾਫੀਆ ਵਲੋਂ ਕਰੀਬ 3 ਏਕੜ ਰਕਬੇ ਵਿੱਚ 16 ਤੋਂ 17 ਫੁੱਟ ਡੂੰਘੀ ਪੁਟਾਈ ਕੀਤੀ ਗਈ ਹੈ। ਸਰਪੰਚ ਨੇ ਦੱਸਿਆ ਕਿ ਜੇ ਸੀ ਬੀ ਚਲਾ ਰਹੇ ਨੌਜਵਾਨ ਨੇ ਆਪਣਾ ਨਾਮ ਦੀਪਕ ਕੁਮਾਰ ਪੁੱਤਰ ਗੁਰਮੀਤ ਪਿੰਡ ਡੰਗੋਰੀ ਬੀਤ ਦੱਸਿਆ। ਪੁਲਿਸ ਚੌਕੀ ਬੀਣੇਵਾਲ ਦੇ ਇੰਚਾਰਜ ਉਂਕਾਰ ਸਿੰਘ ਏ ਐਸ ਆਈ ਨੇ ਦੱਸਿਆ ਕਿ ਉਹਨਾਂ ਨੇ ਜੇ ਸੀ ਬੀ ਡਰਾਈਵਰ ਦੀਪਕ ਕੁਮਾਰ ਪੁੱਤਰ ਗੁਰਮੀਤ ਨੂੰ ਸਮੇਤ ਜੇ ਸੀ.ਬੀ ਹਿਰਾਸਤ ਵਿੱਚ ਲੈ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਸਮੂਹ ਗਰਾਮ ਪੰਚਾਇਤ ਨੇ ਮੰਗ ਕੀਤੀ ਹੈ ਕਿ 4 ਟਰੈਕਟਰ ਟਰਾਲੀਆਂ ਟਰੇਸ ਕਰਕੇ ਅਤੇ ਕਾਰ ਨੰਬਰ ਪੀਬੀ08ਈਪੀ/9898 ਦੇ ਮਾਲਕ ਦੀ ਸ਼ਨਾਖਤ ਕਰਕੇ ਕਾਰਵਾਈ ਕੀਤੀ ਜਾਵੇ ਅਤੇ ਮਾਲਕਾ ਸਮੇਤ ਮਸ਼ੀਨਰੀ ਕਬਜੇ ਵਿੱਚ ਲਈ ਜਾਵੇ।

## ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਸਰਨਾ ਵਿਖੇ ਪਾਰਕ ਦੇ ਨਿਰਮਾਣ ਕਾਰਜਾਂ ਦੀ ਕੀਤੀ ਸ਼ੁਰੂਆਤ

**ਪਠਾਨਕੋਟ, 8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**



ਕੈਬਨਿਟ ਮੰਤਰੀ ਸ੍ਰੀ ਲਾਲ ਚੰਦ ਕਟਾਰੂਚੱਕ ਨੇ ਅੱਜ ਵਿਧਾਨ ਸਭਾ ਹਲਕਾ ਭੋਆ ਵਿੱਚ ਪਿੰਡ ਸਰਨਾ ਵਿਖੇ, 54 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਹੋਣ ਵਾਲੇ ਇੱਕ ਪਾਰਕ ਦੇ ਨਿਰਮਾਣ ਕਾਰਜ ਦੀ ਸ਼ੁਰੂਆਤ ਕੀਤੀ। ਇਸ ਤੋਂ ਇਲਾਵਾ ਉਨ੍ਹਾਂ ਨੇ 2.15 ਕਰੋੜ ਰੁਪਏ ਦੀ ਲਾਗਤ ਵਾਲੀ ਪਠਾਨਕੋਟ - ਮਾਧੋਪੁਰ ਸੜਕ ਦਾ ਨੀਂਹ ਪੱਥਰ ਵੀ ਰੱਖਿਆ। ਜ਼ਿਕਰਯੋਗ ਹੈ ਕਿ ਸ੍ਰੀ ਲਾਲ ਚੰਦ ਕਟਾਰੂਚੱਕ ਦੇ ਸੁਹਿਰਦ ਯਤਨਾਂ ਨਾਲ ਸਰਨਾ ਦੇ ਲੋਕਾਂ ਨੂੰ ਇੱਕ ਸੁੰਦਰ ਪਾਰਕ ਮਿਲੇਗਾ ਅਤੇ ਖਾਨਪੁਰ ਦੇ ਵਸਨੀਕਾਂ ਸਮੇਤ ਦਰਜਨਾਂ ਹੋਰਨਾਂ ਪਿੰਡਾਂ ਦੇ ਲੋਕਾਂ ਨੂੰ ਲਗਭਗ 10 ਸਾਲਾਂ ਬਾਅਦ ਇੱਕ ਨਵੀਂ ਸੜਕ ਦਾ ਤੋਹਫ਼ਾ ਮਿਲੇਗਾ।

ਸਰਨਾ ਵਿਖੇ ਲੋਕਾਂ ਨੂੰ ਸੰਬੋਧਨ ਕਰਦਿਆਂ ਮੰਤਰੀ ਨੇ ਕਿਹਾ ਕਿ ਪਾਰਕ ਵਿੱਚ 6 ਫੁੱਟ ਚੌੜਾ ਵਾਕਿੰਗ ਟਰੈਕ, ਓਪਨ ਜਿਮ ਅਤੇ ਯੋਗਾ ਲਈ ਸੁਚੱਜੀ ਥਾਂ ਤੋਂ ਇਲਾਵਾ ਡਿਜੀਟਲ ਗੇਟ, ਮਿਊਜ਼ਿਕ ਸਿਸਟਮ ਅਤੇ ਸੁੰਦਰ ਫੁੱਲ-ਬੂਟੇ ਹੋਣਗੇ।

ਇਸ ਸਬੰਧੀ ਹੋਰ ਜਾਣਕਾਰੀ ਦਿੰਦੇ ਹੋਏ, ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਤਰੱਕੀ ਦੀਆਂ ਨਵੀਆਂ ਉਚਾਈਆਂ ਛੂਹ ਰਹੀ ਹੈ। ਸ੍ਰੀ ਕਟਾਰੂਚੱਕ ਨੇ ਇਹ ਵੀ ਦੱਸਿਆ ਕਿ ਪਠਾਨਕੋਟ ਨੂੰ ਲਾਇਬ੍ਰੇਰੀਆਂ ਤੋਂ ਇਲਾਵਾ 6 ਸਟੇਡੀਅਮ ਵੀ ਮਿਲਣਗੇ, ਜਿਸ ਨਾਲ ਖੇਡਾਂ ਦੇ ਨਾਲ-ਨਾਲ ਅਕਾਦਮਿਕ ਖੇਤਰ ਵੀ ਹੋਰ ਪ੍ਰਫੁੱਲਿਤ ਹੋਵੇਗਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਦਾ ਹਿੰਦੂ ਕੋਆਪਰੇਟਿਵ ਬੈਂਕ ਦੇ ਚੇਅਰਮੈਨ ਸਤੀਸ਼ ਮਹਿੰਦਰੂ, ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਅਤੇ ਹਲਕਾ ਇੰਚਾਰਜ ਅਮਿਤ ਮੰਟੂ, ਜ਼ਿਲ੍ਹਾ ਪ੍ਰਧਾਨ ਬੀ.ਸੀ. ਵਿੰਗ ਨਰੇਸ਼ ਕੁਮਾਰ, ਬਲਾਕ ਪ੍ਰਧਾਨ ਸੋਹਨ ਲਾਲ ਅਤੇ ਬਰਜਿੰਦਰ ਕੌਰ ਤੋਂ ਇਲਾਵਾ ਮਾਰਕੀਟ ਕਮੇਟੀ ਪਠਾਨਕੋਟ ਦੇ ਚੇਅਰਮੈਨ ਵਿਕਾਸ ਸੈਣੀ ਵੀ ਮੌਜੂਦ ਸਨ।

## ਕਮਿਸ਼ਨਰ ਜਲੰਧਰ ਡਵੀਜ਼ਨ ਦੇ ਦਫ਼ਤਰ ਵਿਖੇ ਬਣੀ ਕੰਟੀਨ ਦੀ ਨਿਲਾਮੀ 11 ਅਪ੍ਰੈਲ ਨੂੰ

**ਜਲੰਧਰ, 8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਕਮਿਸ਼ਨਰ ਜਲੰਧਰ ਡਵੀਜ਼ਨ ਦੇ ਦਫ਼ਤਰ ਵਿਖੇ ਬਣੀ ਕੰਟੀਨ (ਕੇਵਲ ਇਕ ਕਮਰਾ) ਦੀ ਸਾਲ 2025-26 (ਮਹੀਨਾ ਅਪ੍ਰੈਲ 2025 ਤੋਂ ਮਾਰਚ 2026 ਤੱਕ) ਲਈ ਨਿਲਾਮੀ 11 ਅਪ੍ਰੈਲ 2025 ਨੂੰ ਉਨ੍ਹਾਂ ਦੀ ਅਦਾਲਤ ਦੇ ਕਮਰੇ ਦੇ ਬਾਹਰ ਦੁਪਹਿਰ ਬਾਅਦ 3 ਵਜੇ ਕੀਤੀ ਜਾਵੇਗੀਇਸ ਸਬੰਧੀ ਜਾਣਕਾਰੀ ਦਿੰਦਿਆਂ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਹਰ ਬੋਲੀ ਦੇਣ ਵਾਲੇ ਨੂੰ 1000 ਰੁਪਏ ਅਡਵਾਂਸ ਦਫ਼ਤਰ ਦੇ ਨਾਜਰ ਪਾਸ ਜਮ੍ਹਾ ਕਰਵਾਉਣਗੇ ਹੋਣਗੇ, ਜੋ ਬੋਲੀ ਦੇਣ ਉਪਰੰਤ ਵਾਪਸ ਕਰ ਦਿੱਤੇ ਜਾਣਗੇ। ਨਿਲਾਮੀ ਦੀਆਂ ਸ਼ਰਤਾਂ ਮੌਕੇ 'ਤੇ ਸੁਣਾਈਆਂ ਜਾਣਗੀਆਂ। ਜਿਸ ਵਿਅਕਤੀ ਦੇ ਨਾਮ ਆਖਰੀ ਬੋਲੀ ਹੋਵੇਗੀ, ਉਸ ਨੂੰ ਠੇਕੇ ਦੀ ਕੁੱਲ ਬੋਲੀ ਦਾ 1/4 ਹਿੱਸਾ ਮੌਕੇ 'ਤੇ ਜਮ੍ਹਾ ਕਰਵਾਉਣਾ ਪਵੇਗਾ ਅਤੇ ਬਾਕੀ ਰਕਮ ਇਕ ਮਹੀਨੇ ਦੇ ਅੰਦਰ-ਅੰਦਰ ਜਮ੍ਹਾ ਕਰਵਾਉਣੀ ਹੋਵੇਗੀ।ਉਨ੍ਹਾਂ ਦੱਸਿਆ ਕਿ ਨਿਲਾਮੀ ਪੱਕੀ ਕਰਨ ਦਾ ਅਧਿਕਾਰ ਕੇਵਲ ਕਮਿਸ਼ਨਰ ਜਲੰਧਰ ਡਵੀਜ਼ਨ ਪਾਸ ਹੈ, ਉਨ੍ਹਾਂ ਦਾ ਇਸ ਬਾਰੇ ਜੋ ਫੈਸਲਾ ਹੋਵੇਗਾ, ਉਹ ਅੰਤਿਮ ਹੋਵੇਗਾ।

# ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਸਾਲ 2047 ਤੱਕ ਭਾਰਤ ਨੂੰ ਵਿਕਸਿਤ ਰਾਸ਼ਟਰ ਬਨਾਉਣ ਦੇ ਸਪਨੇ ਨੂੰ ਸਾਕਾਰ ਕਰਨ ਵਿੱਚ ਹਰਿਆਣਾ ਦਾ ਰਹੇਗਾ ਵਿਸ਼ੇਸ਼ ਯੋਗਦਾਨ : ਮੁੱਖ ਮੰਤਰੀ ਨਾਇਬ ਸਿੰਘ ਸੈਣੀ

**ਚੰਡੀਗੜ੍ਹ, 8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੇ ਸਾਲ 2047 ਤੱਕ ਭਾਰਤ ਨੂੰ ਵਿਕਸਿਤ ਰਾਸ਼ਟਰ ਬਨਾਉਣ ਦੇ ਸਪਨੇ ਨੂੰ ਸਾਕਾਰ ਕਰਨ ਵਿੱਚ ਹਰਿਆਣਾ ਦਾ ਵਿਸ਼ੇਸ਼ ਯੋਗਦਾਨ ਰਹੇਗਾ। ਇਸੀ ਤਰ੍ਹਾ ਨਾਲ ਸਾਨੂੰ ਸਾਰਿਆਂ ਨੂੰ ਮਿਲ ਕੇ ਹਰਿਆਣਾ ਦੇ ਵਿਕਾਸ ਦੀ ਗਤੀ ਨੂੰ ਹੋਰ ਤੇਜੀ ਨਾਲ ਅੱਗੇ ਵਧਾਉਣਾ ਹੋਵੇਗਾ। ਸਰਕਾਰ ਦੀ ਨੀਤੀਆਂ ਤੇ ਭਲਾਈਕਾਰੀ ਯੋਜਨਾਵਾਂ ਨੂੰ ਘਰ-ਘਰ ਤੱਕ ਪਹੁੰਚਾਉਣਾ ਹੋਵੇਗਾ।

ਮੁੱਖ ਮੰਤਰੀ ਅੱਜ ਆਪਣੇ ਨਿਵਾਸ ਚੰਡੀਗੜ੍ਹ ਸਥਿਤ ਸੰਤ ਕਬੀਰ ਕੁਟੀਰ ਵਿੱਚ ਅੰਬਾਲਾ ਤੋਂ ਆਏ ਸੈਕੜਿਆਂ ਲੋਕਾਂ ਨੂੰ ਸੰਬੋਧਿਤ ਕਰ ਰਹੇ ਸਨ।ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਪਿਛਲੇ 10 ਸਾਲਾਂ ਵਿੱਚ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਦੇਸ਼ ਵਿੱਚ ਹਰ ਖੇਤਰ ਵਿੱਚ ਵਿਕਾਸ ਹੋਇਆ ਹੈ ਅਤੇ ਦੁਨੀਆ ਵਿੱਚ ਭਾਰਤ ਦਾ ਨਾਂਅ ਉੱਚਾ ਹੋਇਆ ਹੈ। ਹੁਣ ਭਾਰਤ ਸੁਰੱਖਿਅਤ, ਲੋਕਾਂ ਦੇ ਹਿੱਤਾਂ ਨੂੰ ਸੱਭ ਤੋਂ ਉੱਪਰ ਰੱਖਣ ਵਾਲਾ, ਤੇਜ ਗਤੀ ਨਾਲ ਵਿਕਸਿਤ ਹੋਣ ਵਾਲਾ ਰਾਸ਼ਟਰ ਬਣਾ ਰਿਹਾ ਹੈ।

ਉਨ੍ਹਾਂ ਨੇ ਕਿਹਾ ਕਿ ਕੇਂਦਰ ਤੇ ਹਰਿਆਣਾ ਦੀ ਜਨ ਹਿਤੇਸ਼ੀ ਯੋਜਨਾਵਾਂ ਦਾ ਲਾਭ ਜਨ-ਜਨ ਤੱਕ ਪਹੁੰਚਾਇਆ ਜਾ ਰਿਹਾ ਹੈ। ਯੋਗ ਵਿਅਕਤੀਆਂ ਨੂੰ ਚਿੰਤਾ ਕਰਨ ਦੀ ਜਰੂਰਤ ਨਹੀਂ ਹੈ, ਕਿਉਂਕਿ ਸਰਕਾਰ ਉਨ੍ਹਾਂ ਦੇ ਹਿੱਤਾਂ ਦਾ ਪੂਰਾ ਖਿਆਲ ਰੱਖ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਪਿਛਲੇ 10 ਸਾਲਾਂ ਵਿੱਚ ਹਰਿਆਣਾ ਦਾ ਵਿਕਾਸ ਤੇਜ ਗਤੀ ਨਾਲ ਹੋ ਰਿਹਾ ਹੈ।

ਸੂਬੇ ਵਿੱਚ ਸੜਕਾਂ ਦਾ ਜਾਲ ਵਿਛਾਇਆ ਜਾ ਰਿਹਾ ਹੈ, ਜਿਸ ਨਾਲ ਆਵਾਜਾਈ ਦੀ ਬਿਹਤਰ ਸਹੂਲਤਾਂ ਮਿਲੀਆਂ ਹਨ। ਟ੍ਰਿਪਲ ਇੰਜਨ ਦੀ ਸਰਕਾਰ ਤਿੰਨ ਗੁਣਾ ਤੇਜੀ ਨਾਲ ਕੰਮ ਕਰ ਕੇ ਦੇਸ਼ ਤੇ ਸੂਬੇ ਵਿੱਚ ਵਿਕਾਸ ਕੰਮਾਂ ਵਿੱਚ ਵਾਧਾ ਕਰੇਗੀ।

ਉਨ੍ਹਾਂ ਨੇ ਕਿਹਾ ਕਿ ਕੇਂਦਰ ਤੇ ਹਰਿਆਣਾ ਦੀ ਸਰਕਾਰ ਨੇ ਕਿਸਾਨਾਂ ਨੂੰ ਆਰਥਕ ਰੂਪ ਨਾਲ ਮਜਬੂਤ ਕਰਨ ਦਾ ਕੰਮ ਕੀਤਾ ਹੈ। ਹਰਿਆਣਾ ਦੇਸ਼ ਦਾ ਪਹਿਲਾ ਸੂਬਾ ਹੈ ਜੋ ਕਿਸਾਨਾਂ ਦੀ ਸਾਰੀ ਫਸਲਾਂ ਨੂੰ ਸੌ-ਫੀਸਦੀ ਐਮਐਸਪੀ 'ਤੇ ਖਰੀਦ ਰਿਹਾ ਹੈ।

ਉਨ੍ਹਾਂ ਨੇ ਕਿਹਾ ਕਿ ਪਿਛਲੇ ਤਿੰਨ ਮਹੀਨੇ ਵਿੱਚ 1.50 ਲੱਖ ਲੋਕ ਸੰਤ ਕਬੀਰ ਕੁਟੀਰ ਵਿੱਚ ਉਨ੍ਹਾਂ ਤੋਂ ਮਿਲਣ ਪਹੁੰਚੇ, ਜਿਨ੍ਹਾਂ ਵਿੱਚੋਂ 75 ਹਜਾਰ ਲੋਕਾਂ ਦੇ ਕੰਮ ਕੀਤੇ ਗਏ। ਹੋਰ ਲੋਕਾਂ ਦੇ ਕੰਮ ਵੀ ਤੇਜੀ ਨਾਲ ਕੀਤੇ ਜਾ ਰਹੇ ਹਨ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਬਾਬਾ ਸਾਹੇਬ ਡਾ. ਭੀਮਰਾਓ ਅੰਬੇਡਕਰ ਦੀ ਜੈਯੰਤੀ 'ਤੇ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਹਿਸਾਰ ਵਿੱਚ ਮਹਾਰਾਜਾ ਅਗਰਸੇਨ ਏਅਰਪੋਰਟ ਦਾ ਉਦਘਾਟਨ ਅਤੇ ਯਮੁਨਾਨਗਰ ਵਿੱਚ 800 ਮੇਗਾਵਾਟ ਬਿਜਲੀ ਦੀ ਨਵੀਂ ਯੂਨਿਟ ਦਾ ਨੀਂਹ ਪੱਥਰ ਰੱਖਣ ਜਾ ਰਹੇ ਹਨ। ਇਸ ਯੂਨਿਟ 'ਤੇ 7272 ਕਰੋੜ ਰੁਪਏ ਖਰਚ ਹੋਣਗੇ, ਜੋ ਕਿ ਸਾਲ 2028 ਦੇ ਆਖੀਰ ਤੱਕ ਬਣ ਕੇ ਤਿਆਰ ਹੋ ਜਾਵੇਗਾ। ਮੁੱਖ ਮੰਤਰੀ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਵੱਧ ਤੋਂ ਵੱਧ ਗਿਣਤੀ ਵਿੱਚ ਯਮੁਨਾਨਗਰ ਵਿੱਚ ਪਹੁੰਚਣ। ਇਸ ਮੌਕੇ 'ਤੇ ਮੁੱਖ ਮੰਤਰੀ ਦੀ ਧਰਮਪਤਨੀ ਸ੍ਰੀਮਤੀ ਸੁਮਨ ਸੈਣੀ, ਸਾਬਕਾ ਮੰਤਰੀ ਅਸੀਮ ਗੋਇਲ, ਸਾਬਕਾ ਮੰਤਰੀ ਸੰਤੋਸ਼ ਸਾਰਵਾਨ, ਸ੍ਰੀਮਤੀ ਬੰਤੋ ਕਟਾਰਿਆ ਸਮੇਤ ਕਾਫੀ ਮਾਣਯੋਗ ਲੋਕ ਮੌਜੂਦ ਰਹੇ।

# ਪਿੰਡ ਤੋਂ ਤਿੰਨ ਕਿਲੋਮੀਟਰ ਦੇ ਦਾਅਰੇ ਵਿੱਚ ਬਸੇ ਡੇਰਾ/ਢਾਣਿਆਂ ਨੂੰ ਦਿੱਤੇ ਜਾਣਗੇ ਬਿਜਲੀ ਕਨੈਕਸ਼ਨ

**ਚੰਡੀਗੜ੍ਹ, 8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਖਪਤਕਾਰਾਂ ਨੂੰ 24 ਘੰਟੇ ਬਿਜਲੀ ਸਪਲਾਈ ਯਕੀਕੀ ਕਰਨ ਲਈ ਸੂਬਾ ਸਰਕਾਰ ਦੇ ਨਿਰਦੇਸ਼ ਅਨੁਸਾਰ ਹਰਿਆਣਾ ਬਿਜਲੀ ਵੰਡ ਨਿਗਮਾਂ ਵੱਲੋਂ ਡੇਰਾ/ਢਾਣਿਆਂ ਵਿੱਚ ਰਹਿਣ ਵਾਲੇ ਖਪਤਕਾਰਾਂ ਲਈ 24 ਘੰਟੇ ਬਿਜਲੀ ਸਪਲਾਈ ਲਈ ਬੁਨਿਆਦੀ ਢਾਂਚੇ ਨੂੰ ਮਜਬੂਤ ਕੀਤਾ ਜਾ ਰਿਹਾ ਹੈ। ਇਸ ਯੋਜਨਾ ਅਨੁਸਾਰ ਪਿੰਡ ਦੀ ਫਿਰਨੀ ਦੇ ਤਿੰਨ ਕਿਲੋਮੀਟਰ ਦੇ ਦਾਅਰੇ ਵਿੱਚ ਬਸੇ ਡੇਰਾ/ਢਾਣਿਆਂ ਨੂੰ ਬਿਜਲੀ ਕਨੈਕਸ਼ਨ (ਨੇੜੇ ਦੇ ਬਿਜਲੀ ਸਪਲਾਈ ਫੀਡਰ ਤੋਂ ) ਬਿਜਲੀ ਨਿਗਮਾਂ ਵੱਲੋਂ ਜਾਰੀ ਕੀਤੇ ਜਾ ਰਹੇ ਹਨ।

ਉਤਰ ਹਰਿਆਣਾ ਬਿਜਲੀ ਨਿਗਮ ਦੇ ਪ੍ਰਬੰਧ ਨਿਦੇਸ਼ਕ ਸ੍ਰੀ ਅਸ਼ੋਕ ਕੁਮਾਰ ਮੀਣਾ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਜਿੱਥੇ ਲਾਇਨ ਦੀ ਲੰਬਾਈ ਫਿਰਨੀ ਤੋਂ 300 ਮੀਟਰ ਤੱਕ ਹੋਵੇਗੀ ਜਿੱਥੇ ਖਪਤਕਾਰ ਨੂੰ ਕੇਵਲ ਸਰਵਿਸ ਕਨੈਕਸ਼ਨ ਚਾਰਜ ਦੇਣੇ ਪੈਣਗੇ ਅਤੇ ਬਾਕਿ ਦਾ ਖਰਚਾ ਨਿਗਮ ਵੱਲੋਂ ਸਹਿਣ ਕੀਤਾ ਜਾਵੇਗਾ। 300 ਮੀਟਰ ਤੋਂ ਵੱਧ ਦੂਰੀ 'ਤੇ ਕਨੈਕਸ਼ਨ ਜਾਰੀ ਕਰਨ ਵਿੱਚ ਐਲਟੀ/ਐਚਟੀ ਲਾਇਨ ਦੀ ਵਾਸਤਵਿਕ ਖਰਚ ਦਾ 50 ਫੀਸਦੀ ਖਪਤਕਾਰਾਂ ਵੱਲੋਂ ਸਹਿਣ ਕੀਤਾ ਜਾਵੇਗਾ ਅਤੇ ਬਾਕਿ 50 ਫੀਸਦੀ ਨਿਗਮ ਵੱਲੋਂ ਸਹਿਣ ਕੀਤਾ ਜਾਵੇਗਾ। ਟ੍ਰਾਂਸਫਾਰਮ ਦੀ ਲਾਗਤ ਨਿਗਮ ਵੱਲੋਂ ਸਹਿਣ ਕੀਤੀ ਜਾਵੇਗੀ।

ਉਨ੍ਹਾਂ ਨੇ ਦੱਸਿਆ ਕਿ ਤਿੰਨ ਕਿਲੋਮੀਟਰ ਦੇ ਦਾਅਰੇ ਵਿੱਚ ਬਸੇ ਡੇਰਾ/ਢਾਣਿਆਂ ਜੋ ਕਿ ਖੇਤੀਬਾੜੀ ਫੀਡਰ ਨਾਲ ਬਿਜਲੀ ਸਪਲਾਈ ਲੈਅ ਰਹੇ ਹਨ ਜੇਕਰ ਪਿੰਡ ਦੇ ਫੀਡਰ 'ਤੇ ਸ਼ਿਫਟ ਹੋਣਾ ਚਾਹੁੰਦੇ ਹਨ ਤਾਂ ਸ਼ਿਫਟਿੰਗ ਦਾ ਖਰਚਾ ਜਮਾ ਕਰਨਾ ਪਵੇਗਾ। ਇਸ ਵਿੱਚ ਵੀ ਟ੍ਰਾਂਸਫਾਰਮ ਦੀ ਲਾਗਤ ਨਿਗਮ ਵੱਲੋਂ ਸਹਿਣ ਕੀਤੀ ਜਾਵੇਗੀ। ਉਨ੍ਹਾਂ ਨੇ ਦੱਸਿਆ ਕਿ ਜਿੱਥੇ ਡੇਰਾ/ਢਾਣਿਆਂ ਵਿੱਚ ਮੌਜੂਦਾ ਬਿਜਲੀ ਕਨੈਕਸ਼ਨ ਲੱਕੜ ਦੇ ਖੰਭੇ ਜਾਂ ਅਸਥਾਈ ਢਾਂਚੇ ਦਾ ਪ੍ਰਯੋਗ ਕਰਕੇ ਲਗਾਏ ਗਏ ਹਨ, ਜਿੱਥੇ ਬੁਨਿਆਦੀ ਢਾਂਚਾ ਨਿਗਮ ਵੱਲੋਂ ਆਪਣੀ ਲਾਗਤ 'ਤੇ ਕਰਵਾਇਆ ਜਾਵੇਗਾ।

ਹਰਿਆਣਾ ਸੂਬੇ ਦੇ ਬਿਜਲੀ ਵੰਡ ਨਿਗਮ ਸੂਬੇ ਦੇ ਸਾਰੇ ਖਪਤਕਾਰਾਂ ਨੂੰ ਲਗਾਤਾਰ ਅਤੇ ਨਿਰਵਿਘਨ ਬਿਜਲੀ ਸਪਲਾਈ ਮੁਹਈਆ ਕਰਵਾਉਣ ਲਈ ਵਚਨਬੱਧ ਹਨ।

# ਹਰਿਆਣਾ ਦੇ ਮੁੱਖ ਸਕੱਤਰ ਨੇ ਕੀਤੀ ਪ੍ਰਮੁੱਖ ਰੇਲ ਪਰਿਯੋਜਨਾਵਾਂ ਦੀ ਸਮੀਖਿਆ

**ਚੰਡੀਗੜ੍ਹ, 8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਵਿੱਚ ਪ੍ਰਾਥਮਿਕਤਾ ਵਾਲੀ ਰੇਲਵੇ ਢਾਂਚਾ ਪਰਿਯੋਜਨਾਵਾਂ ਦੀ ਸਥਿਤੀ ਦੀ ਸਮੀਖਿਆ ਲਈ ਅੱਜ ਇੱਥੇ ਮੁੱਖ ਸਕੱਤਰ ਸ੍ਰੀ ਅਨੁਰਾਗ ਰਸਤੋਗੀ ਦੀ ਅਗਵਾਈ ਹੇ ਹਰਿਆਣਾ ਰੇਲ ਬੁਨਿਆਦੀ ਢਾਂਚਾ ਵਿਕਾਸ ਨਿਗਮ (ਐਚਆਰਆਈਡੀਸੀ) ਦੀ 31ਵੀਂ ਬੋਰਡ ਮੀਟਿੰਗ ਪ੍ਰਬੰਧਿਤ ਕੀਤੀ ਗਈ।

ਮੀਟਿੰਗ ਵਿੱਚ ਲੋਕ ਨਿਰਮਾਣ (ਭਵਨ ਅਤੇ ਸੜਕਾਂ) ਵਿਭਾਗ ਦੇ ਵਧੀਕ ਮੁੱਖ ਸਕੱਤਰ ਸ੍ਰੀ ਅਨੁਰਾਗ ਅਗਰਵਾਲ ਅਤੇ ਮੁੱਖ ਮੰਤਰੀ ਦੇ ਪ੍ਰਧਾਨ ਸਕੱਤਰ ਸ੍ਰੀ ਅਰੁਣ ਗੁਪਤਾ ਵੀ ਮੌਜੂਦ ਸਨ।

ਮੁੱਖ ਸਕੱਤਰ ਨੇ ਸੂਬੇ ਵਿੱਚ ਕਨੈਕਟੀਵਿਟੀ ਅਤੇ ਆਰਥਕ ਵਿਕਾਸ ਨੂੰ ਪ੍ਰੋਤਸਾਹਨ ਦੇਣ ਦੇ ਉਦੇਸ਼ ਨਾਲ ਬੁਨਿਆਦੀ ਢਾਂਚਾ ਪਰਿਯੋਜਨਾਵਾਂ ਨੂੰ ਸਮੇਂ 'ਤੇ ਪੂਰਾ ਕਰਨ ਅਤੇ ਹਿੱਤਧਾਰਕਾਂ ਦੇ ਵਿੱਚ ਬਿਹਤਰ ਤਾਲਮੇਲ ਦੀ ਜਰੂਰਤ 'ਤੇ ਜੋਰ ਦਿੱਤਾ। ਮੀਟਿੰਗ ਵਿੱਚ ਦਸਿਆ ਗਿਆ ਕਿ ਉੱਤਰੀ ਸਰਕਲ ਦੇ ਰੇਲਵੇ ਸੁਰੱਖਿਆ ਕਮਿਸ਼ਨਰ (ਸੀਆਰਐਸ) ਨੇ ਪਾਤਲੀ-ਮਾਨੇਸਰ (ਪ੍ਰਾਥਮਿਕਤਾ ਬਲਾਕ) ਦੇ ਚਾਲੂ ਹੋਣ ਦੇ ਸਬੰਧ ਵਿੱਚ ਪਾਤਲੀ ਬੋਰਡ ਦੀ ਰੀਮਾਡਲਿੰਗ ਲਈ ਮੰਜੂਰੀ ਦੇ ਦਿੱਤੀ ਹੈ।

ਪਾਤਲੀ ਵਿੱਚ ਹਰਿਆਣਾ ਆਬਬਿਟਲ ਰੇਲ ਕੋਰੀਡੋਰ (ਐਚਓਆਰਸੀ) ਦਾ ਭਾਰਤੀ ਰੇਲਵੇ ਨੈਟਵਰਕ ਦੇ ਨਾਲ ਮਹਤੱਵਪੂਰਣ ਇੰਟਰਕਨੈਕਸ਼ਨ 28 ਮਾਰਚ, 2025 ਨੂੰ ਪੂਰਾ ਹੋ ਗਿਆ ਹੈ।

ਐਮਐਸਆਈਐਲ ਰੇਲਵੇ ਯਾਰਡ ਵੀ ਪੂਰਾ ਹੋ ਚੁੱਕਾ ਹੈ, ਜਿਸ ਵਿੱਚ ਫਾਰਮੇਸ਼ਨ, ਟ੍ਰੈਕ, ਓਵਰਹੈਡ ਇਲੈਕਟ੍ਰੀਫਿਕੇਸ਼ਨ ਅਤੇ ਸਿਗਨਲਿੰਗ ਅਤੇ ਦੂਰਸੰਚਾਰ ਕੰਮ ਸ਼ਾਮਿਲ ਹਨ। ਪਾਤਲੀ ਯਾਰਡ ਨੂੰ ਛੱਡ ਕੇ, ਪੂਰਾ ਮਾਨੇਸਰ-ਪਾਤਲੀ ਸੈਕਸ਼ਨ ਹੁਣ ਭੌਤਿਕ ਰੂਪ ਨਾਲ ਤਿਆਰ ਹੈ ਅਤੇ ਰੇਲਵੇ ਸੁਰੱਖਿਆ ਕਮਿਸ਼ਨਰ ਵੱਲੋਂ ਅਪ੍ਰੈਲ 2025 ਵਿੱਚ ਨਿਰੀਖਣ ਕੀਤੇ ਜਾਣ ਦੀ ਸੰਭਾਵਨਾ ਹੈ।

ਮੀਟਿੰਗ ਵਿੱਚ ਦੱਸਿਆ ਗਿਆ ਕਿ ਕੁਰੂਕਸ਼ੇਤਰ ਏਲੀਵੇਟਿਡ ਟ੍ਰੈਕ ਪਰਿਯੋਜਨਾ ਦੇ ਤਹਿਤ ਏਲੀਵੇਟੇਡ ਵਾਇਡਕਟ ਟ੍ਰੈਕ ਅਤੇ ਬਿਜਲੀਕਰਣ ਦੇ ਨਿਰਮਾਣ ਦਾ ਕੰਮ ਪੂਰਾ ਹੋ ਚੁੱਕਾ ਹੈ। ਥਾਨੇਸਰ ਸਟੇਸ਼ਨ ਅਤੇ ਉਸ ਦੇ ਏਲੀਵੇਟੇਡ ਪਲੇਟਫਾਰਮ ਸਮੇਤ ਪੂਰੀ ਪਰਿਯੋਜਨਾ ਸਤੰਬਰ, 2025 ਤੱਕ ਪੂਰੀ ਹੋਣ ਦੀ ਸੰਭਾਵਨਾ ਹੈ।

ਸੋਨੀਪਤ ਨੂੰ ਬਾਗਪਤ, ਗਾਜਿਆਬਾਦ ਅਤੇ ਗੌਤਮ ਬੁੱਧ ਨਗਰ ਦੇ ਰਸਤੇ ਪਲਵਲ ਨਾਲ ਜੋੜਨ ਵਾਲੇ ਈਸਟਰਨ ਆਰਬਿਟਲ ਰੇਲ ਕੋਰੀਡੋਰ (ਈਓਆਰਸੀ) ਲਈ ਵਿਵਹਾਰਤਾ ਅਧਿਐਨ ਦਾ ਕੰਮ ਉੱਤਰ ਪ੍ਰਦੇਸ਼ ਸਰਕਾਰ ਨੇ ਐਚਆਰਆਈਡੀਸੀ ਨੂੰ ਸੌਂਪਿਆ ਗਿਆ ਸੀ। ਐਚਆਰਆਈਡੀਸੀ ਦੀ ਰਿਪੋਰਟ 28 ਫਰਵਰੀ, 2025 ਨੂੰ ਉੱਤਰ ਪ੍ਰਦੇਸ਼ ਦੇ ਮੁੱਖ ਸਕੱਤਰ ਦੀ ਅਗਵਾਈ ਵਾਲੀ ਐਨਸੀਆਰ (ਯੂਪੀ) ਦੀ ਸੰਚਾਲਨ ਕਮੇਟੀ ਸੌਂਪੀਂ ਜਾ ਚੁੱਕੀ ਹੈ।

ਇਸ ਤੋਂ ਇਲਾਵਾ, 36 ਕਿਲੋਮੀਟਰ ਲੰਬੀ ਗੜ੍ਹੀ ਹਰਸਰੂ-ਫਰੂਖਨਗਰ-ਝੱਜਰ ਲਾਇਨ ਲਈ ਵਿਸਤਾਰ ਪਰਿਯੋਜਨਾ ਰਿਪੋਰਅ (ਡੀਪੀਆਰ) ਤਿਆਰ ਕੀਤੀ ਜਾ ਰਹੀ ਹੈ। ਨਾਲ ਹੀ, 65 ਕਿਲੋਮੀਟਰ ਲੰਬੀ ਕਰਨਾਲ-ਯਮੁਨਾਨਗਰ ਨਵੀਂ ਰੇਲ ਲਾਇਨ ਦਾ ਮਾਮਲਾ ਪ੍ਰਕ੍ਰਿਆਧੀਨ ਹੈ।

# ਫਾਇਰ ਵਿਭਾਗ ਦੇ ਕਰਮਚਾਰੀਆਂ ਦੀ ਮੰਗਾਂ ਦੀ ਸੁਣਵਾਈ ਲਈ 15 ਅਪ੍ਰੈਲ ਤੱਕ ਕਰਣ ਕਮੇਟੀ ਦਾ ਗਠਨ : ਵਿਪੁਲ ਗੋਇਲ

**ਚੰਡੀਗੜ੍ਹ, 8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਸ਼ਹਿਰੀ ਸਥਾਨਕ ਸਰਕਾਰ ਮੰਤਰੀ ਸ੍ਰੀ ਵਿਪੁਲ ਗੋਇਲ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਗਏ ਹਨ ਕਿ ਫਾਇਰ ਵਿਭਾਗ ਦੇ ਕਰਮਚਾਰੀਆਂ ਦੀ ਮੰਗਾਂ ਦੀ ਸੁਣਵਾਈ ਲਈ 15 ਅਪ੍ਰੈਲ ਤੱਕ ਕਮੇਟੀ ਦਾ ਗਠਨ ਕਰਣ ਅਤੇ ਹਰ ਬਿੰਦੂ 'ਤੇ ਗਹਿਰਾਈ ਨਾਲ ਜਾਂਚ ਕਰ ਇਸ ਦੀ ਸਿਫਾਰਿਸ਼ ਸਰਕਾਰ ਨੂੰ ਭੇਜੇ।

ਸ੍ਰੀ ਵਿਪੁਲ ਗੋਇਲ ਅੱਜ ਹਰਿਆਣਾ ਨਿਵਾਸ ਵਿੱਚ ਆਯੋਜਿਤ ਨਗਰ ਪਾਲਿਕਾ ਕਰਮਚਾਰੀ ਸੰਘ ਦੇ ਪਦਾਧਿਕਾਰੀਆਂ ਅਤੇ ਵਿਭਾਗ ਦੇ ਅਧਿਕਾਰੀਆਂ ਨਾਲ ਬੁਲਾਈ ਗਈ ਸਮੀੱਖਿਆ ਮੀਟਿੰਗ ਦੀ ਅਗਵਾਈ ਕਰ ਰਹੇ ਸਨ।

ਮੀਟਿੰਗ ਵਿੱਚ ਸ੍ਰੀ ਵਿਪੁਲ ਗੋਇਲ ਨੇ ਭਰੋਸ਼ਾ ਦਿੱਤਾ ਕਿ ਉਨ੍ਹਾਂ ਦਾ ਯਤਨ ਰਵੇਗਾ ਕਿ ਹਰਿਆਣਾ ਫਾਇਰ ਅਤੇ ਐਮਰਜੈਂਸੀ ਸੇਵਾਵਾਂ ਵਿਭਾਗ ਦੇਸ਼ ਦਾ ਸਭ ਤੋਂ ਵੱਡਾ ਵਿਭਾਗ ਬਣੇ। ਵਿਭਾਗ ਵਿੱਚ ਨਵੇਂ ਕਰਮਚਾਰੀਆਂ ਦੀ ਲੋੜ ਅਨੁਸਾਰ ਭਰਤੀ ਕੀਤੀ ਜਾਵੇ, ਜਦੋਂਕਿ ਕਰਮਚਾਰੀਆਂ ਦਾ ਕੰਮ ਜੋਖਿਮ ਭਰਿਆ ਹੁੰਦਾ ਹੈ। ਸਰੀਰਕ ਰੂਪ ਨਾਲ ਤੰਦਰੁਸਤ ਕਰਮਚਾਰੀਆਂ ਦੀ ਸੇਵਾਵਾਂ ਇਸ ਵਿਭਾਗ ਵਿੱਚ ਜਰੂਰੀ ਹੈ। ਵੱਧ ਉਮਰ ਦੇ ਕਰਮਚਾਰੀਆਂ ਨੂੰ ਐਮਰਜੈਂਸੀ ਡਿਊਟੀ ਦੀ ਬਜਾਏ ਸਥਾਪਨਾ ਬ੍ਰਾਂਚ ਅਤੇ ਹੋਰ ਬ੍ਰਾਂਚਾਂ ਵਿੱਚ ਡਿਊਟੀ 'ਤੇ ਰੱਖਿਆ ਜਾ ਸਕਦਾ ਹੈ। ਲੋੜ ਅਨੁਸਾਰ ਕਰਮਚਾਰੀਆਂ ਨੂੰ ਵਿਭਾਗੀ ਫੰਡ ਕਰਨਾ ਜਰੂਰੀ ਹੁੰਦਾ ਹੈ।

ਮੀਟਿੰਗ ਵਿੱਚ ਮੰਤਰੀ ਨੇ ਭਰੋਸ਼ਾ ਦਿੱਤਾ ਕਿ ਕਰਮਚਾਰੀਆਂ ਦੇ ਹੱਕ ਵਿੱਚ ਜਲਦ ਹੀ ਫਾਇਰ ਕਰਮਚਾਰੀ ਭਲਾਈ ਫੰਡ ਦਾ ਗਠਨ ਕੀਤਾ ਜਾਵੇਗਾ। ਇਸ ਫੰਡ ਨਾਲ ਡਿਊਟੀ ਦੌਰਾਨ ਮੌਤ ਅਤੇ ਹੋਰ ਪ੍ਰਕਾਰ ਦੀ ਅਪੰਗਤਾ ਆਉਣ 'ਤੇ ਕਰਮਚਾਰੀ ਅਤੇ ਉਨ੍ਹਾਂ 'ਤੇ ਨਿਰਭਰਾਂ ਨੂੰ ਵਿੱਤੀ ਮਦਦ ਪ੍ਰਦਾਨ ਕੀਤੀ ਜਾਵੇਗੀ।

ਉਨ੍ਹਾਂ ਨੇ ਕਿਹਾ ਕਿ ਜੋ ਕਰਮਚਾਰੀ ਆਊਟਸੋਰਸਿੰਗ ਪਾਰਟ-ਵਨ ਅਤੇ ਟੂ ਦੇ ਤਹਿਤ ਸੇਵਾ ਦੇ ਰਹੇ ਸਨ, ਉਨ੍ਹਾਂ ਨੂੰ ਕੌਸ਼ਲ ਰੁਜਗਾਰ ਨਿਗਮ ਵਿੱਚ ਸ਼ਾਮਲ ਕੀਤਾ ਗਿਆ ਹੈ।

ਮੀਟਿੰਗ ਵਿੱਚ ਗ੍ਰਹਿ ਵਿਭਾਗ ਦੇ ਵਧੀਕ ਮੁੱਖ ਸਕੱਤਰ ਡਾ. ਸੁਮਿਤਾ ਮਿਸ਼ਰਾ, ਫਾਇਰ ਅਤੇ ਐਮਰਜੈਂਸੀ ਸੇਵਾਵਾਂ ਵਿਭਾਗ ਦੇ ਡਾਇਰੈਕਟਰ ਜਨਰਲ ਸ੍ਰੀ ਸ਼ੇਖਰ ਵਿਦਿਆਰਥੀ ਤੋਂ ਇਲਾਵਾ, ਨਗਰ ਪਾਲਿਕਾ ਕਰਮਚਾਰੀ ਸੰਘ ਦੇ ਪ੍ਰਧਾਨ ਨਰੇਸ਼ ਸ਼ਾਸਤਰੀ ਮੌਜੂਦ ਰਹੇ।

# ਬੀਪੀਐੱਲ 'ਚ ਸ਼ਾਮਲ ਲੋਕਾਂ ਨੂੰ ਦਿੱਤੀਆਂ ਜਾ ਰਹੀਆਂ ਨੇ ਧਮਕੀਆਂ: ਅਰੋੜਾ



**ਸ਼ਾਹਬਾਦ ਮਾਰਕੰਡਾ, 8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਥਾਨੇਸਰ ਤੋਂ ਵਿਧਾਇਕ ਤੇ ਸਾਬਕਾ ਮੰਤਰੀ ਅਸ਼ੋਕ ਅਰੋੜਾ ਨੇ ਕਿਹਾ ਹੈ ਕਿ ਚੋਣਾਂ ਤੋਂ ਪਹਿਲਾਂ ਭਾਰਤੀ ਜਨਤਾ ਪਾਰਟੀ ਨੇ ਵੋਟਾਂ ਹਾਸਲ ਕਰਨ ਲਈ ਲੋਕਾਂ ਦੇ ਨਾਂ ਬੀਪੀਐੱਲ 'ਚ ਸ਼ਾਮਲ ਕੀਤੇ ਸਨ ਪਰ ਹੁਣ ਸਰਕਾਰ ਬਣਨ ਤੋਂ ਬਾਅਦ ਲੋਕਾਂ ਨੂੰ ਧਮਕੀ ਦਿੱਤੀ ਜਾ ਰਹੀ ਹੈ ਜਾਂ ਤਾਂ ਖੁਦ ਇਸ ਨੂੰ ਹਟਾਓ ਜਾਂ ਉਨ੍ਹਾਂ ਵਿਰੁੱਧ ਐੱਫਆਈਆਰ ਦਰਜ ਕੀਤੀ ਜਾਏਗੀ। ਉਨ੍ਹਾਂ ਕਿਹਾ ਕਿ ਇਹ ਭਾਜਪਾ ਦੀ ਸਸਤੀ ਰਾਜਨੀਤੀ ਹੈ। ਸਰਕਾਰ ਦਾ ਸਿਰਫ ਇਕ ਹੀ ਮਕਸਦ ਹੈ ਕਿ ਲੋਕਾਂ ਦੀਆਂ ਜੇਬਾਂ ਲੁੱਟਣਾ ਤੇ ਉਨ੍ਹਾਂ ਨੂੰ ਡਰਾਉਣਾ।

ਅਰੋੜਾ ਆਪਣੇ ਇਕ ਨਿੱਜੀ ਅਦਾਰੇ 'ਚ ਕੀਤੀ ਪ੍ਰੈੱਸ ਕਾਨਫਰੰਸ ਵਿੱਚ ਮੀਡੀਆ ਨਾਲ ਗੱਲਬਾਤ ਰਹੇ ਸਨ। ਅਰੋੜਾ ਨੇ ਕਿਹਾ ਕਿ ਵਿਧਾਨ ਸਭਾ ਸੈਸ਼ਨ ਦੌਰਾਨ ਉਨ੍ਹਾਂ ਨੇ ਇਲਾਕੇ ਦੇ ਲੋਕਾਂ ਦੀਆਂ ਮੰਗਾਂ ਸੰਬੰਧੀ ਆਪਣੀ ਆਵਾਜ਼ ਬੁਲੰਦ ਕੀਤੀ ਤੇ ਉਨ੍ਹਾਂ ਨੇ ਪੰਜ ਧਿਆਨ ਪ੍ਰਸਤਾਵ ਪੇਸ਼ ਕੀਤੇ, ਜਿਨ੍ਹਾਂ 'ਚ ਚਾਰ ਪ੍ਰਸਤਾਵ ਕੁਰੂਕਸ਼ੇਤਰ ਨਾਲ ਸਬੰਧਤ ਸਨ। ਉਨ੍ਹਾਂ ਕਿਹਾ ਕਿ ਭਾਜਪਾ ਲੰਮੇ ਸਮੇਂ ਤੋਂ ਪ੍ਰਚਾਰ ਕਰ ਰਹੀ ਹੈ ਕੁਰੂਕਸ਼ੇਤਰ ਵਿਚ ਇਕ ਰਿੰਗ ਰੋਡ ਬਣਾਇਆ ਜਾਏਗਾ। ਉਨ੍ਹਾਂ ਨੇ ਇਸ ਸੰਬੰਧੀ ਵਿਧਾਨ ਸਭਾ ਵਿੱਚ ਸਵਾਲ ਚੁੱਕਿਆ ਸੀ, ਜਿਸ ਦਾ ਸਰਕਾਰ ਨੇ ਸਪੱਸ਼ਟ ਜਵਾਬ ਦਿੱਤਾ ਹੈ ਕਿ ਫਿਲਹਾਲ ਕੁਰੂਕਸ਼ੇਤਰ 'ਚ ਰਿੰਗਰੋਡ ਦੀ ਕੋਈ ਯੋਜਨਾ ਨਹੀਂ ਪਰ ਸਰਕਾਰ ਨੇ ਕਿਹਾ ਹੈ ਕਿ ਬਾਈਪਾਸ ਪਿਹੋਵਾ ਲਾਡਵਾ ਸੜਕ ਦੇ ਨਾਲ ਬਣਾਇਆ ਜਾਏਗਾ। ਇਸ ਤੇ ਉਨ੍ਹਾਂ ਨੇ ਸੜਕ ਚੌੜਾ ਕਰਨ ਲਈ ਕਿਹਾ ਤਾਂ ਸਰਕਾਰ ਨੇ ਭਰੋਸਾ ਦਿੱਤਾ ਕਿ ਸੜਕ ਨੂੰ ਚੌੜਾ ਕੀਤਾ ਜਾਏਗਾ।

ਅਰੋੜਾ ਨੇ ਕਿਹਾ ਕਿ ਉਨ੍ਹਾਂ ਨੇ ਵਿਧਾਨ ਸਭਾ ਵਿੱਚ ਗਾਵਾਂ ਦੀ ਦੁਰਦਸ਼ਾ ਦਾ ਮੁੱਦਾ ਵੀ ਚੁੱਕਿਆ ਸੀ ਸਰਕਾਰ ਵੱਲੋਂ ਗਊਸ਼ਾਲਾਵਾਂ ਨੂੰ ਪ੍ਰਤੀ ਗਾਂ 20 ਰੁਪਏ ਦਿੱਤੇ ਜਾ ਰਹੇ ਹਨ ਜਦਕਿ ਖਰਚਾ ਪ੍ਰਤੀ ਗਾਂ 100 ਰੁਪਏ ਤੋਂ ਵੱਧ ਆਉਂਦਾ ਹੈ। ਸਰਕਾਰ ਨੂੰ ਗਊ ਫੰਡ ਵਧਾਉਣਾ ਚਾਹੀਦਾ ਹੈ। ਆਵਾਰਾ ਕੁੱਤਿਆਂ ਦੀ ਭਰਮਾਰ ਹੈ, ਸਕੂਲਾਂ ਵਿੱਚ ਸਿੱਖਿਆ ਦਾ ਪੱਧਰ ਲਗਾਤਾਰ ਡਿੱਗ ਰਿਹਾ ਹੈ।

ਸਕੂਲਾਂ ਦੀਆਂ ਇਮਾਰਤਾਂ ਖੰਡਰ ਹੋ ਰਹੀਆਂ ਹਨ, ਸਕੂਲਾਂ ਵਿੱਚ ਪਖ਼ਾਨੇ ਨਹੀਂ। ਸ਼ਹਿਰ ਦੇ ਬ੍ਰਹਮ ਸਰੋਵਰ ਦੀ ਪ੍ਰਿਕਰਮਾ ਦੇ ਪੱਥਰ ਟੁੱਟੇ ਪਏ ਹਨ ਉਨ੍ਹਾਂ ਨੇ ਸੂਬੇ 'ਚ ਵੱਧ ਰਹੇ ਨਸ਼ਿਆਂ ਦੇ ਰੁਝਾਨ ਵੱਲ ਵੀ ਸਰਕਾਰ ਦਾ ਧਿਆਨ ਦਿਵਾਇਆ। ਉਨ੍ਹਾਂ ਬਿਜਲੀ ਬਿੱਲ, ਟੌਲ ਦੇ ਰੇਟ ਵਧਾਉਣ ਦੀ ਨਿਧੇਧੀ ਕੀਤੀ। ਅਰੋੜਾ ਨੇ ਕਿਹਾ ਕਿ ਕਣਕ ਦਾ ਸੀਜ਼ਨ ਸ਼ੁਰੂ ਹੋ ਗਿਆ ਹੇ ਤੇ ਉਹ ਖ਼ਰੀਦ ਪ੍ਰਬੰਧਾਂ 'ਤੇ ਪੂਰੀ ਤਰ੍ਹਾਂ ਨਜ਼ਰ ਰੱਖਣਗੇ ਤਾਂ ਜੋ ਕਿਸਾਨਾਂ ਨੂੰ ਕਿਸੇ ਤਰ੍ਹਾਂ ਦੀ ਦਿੱਕਤ ਨਾ ਆਏ। ਉਨ੍ਹਾਂ ਨੇ ਨਗਰ ਪਰਿਸ਼ਦ ਚੇਅਰਪਰਸਨ ਨੂੰ ਅਹੁਦਾ ਸੰਭਾਲਣ ਤੇ ਵਧਾਈ ਦਿੱਤੀ।

# ਹਰਿਆਣਾ ਦੇ ਰਿਹੈ ਝੋਨੇ ਦੀ ਸਿੱਧੀ ਬਿਜਾਈ ਕਰਨ ਵਾਲੇ ਕਿਸਾਨਾਂ ਨੂੰ ਸਭ ਤੋਂ ਵੱਧ ਸਬਸਿਡੀ: ਖੇਤੀ ਮੰਤਰੀ

**ਕੁਰੂਕਸ਼ੇਤਰ, 8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ਼ਿਆਮ ਸਿੰਘ ਰਾਣਾ ਨੇ ਕਿਹਾ ਕਿ ਸੂਬਾ ਸਰਕਾਰ ਝੋਨੇ ਦੀ ਸਿੱਧੀ ਬਿਜਾਈ (ਡੀਐੱਸਆਰ) ਅਪਣਾਉਣ ਵਾਲੇ ਕਿਸਾਨਾਂ ਨੂੰ ਪ੍ਰਤੀ ਏਕੜ 4,000 ਰੁਪਏ ਦੀ ਸਬਸਿਡੀ ਦੇ ਰਹੀ ਹੈ, ਜੋ ਕਿ ਦੇਸ਼ ਵਿੱਚ ਸਭ ਤੋਂ ਵੱਧ ਹੈ। ਹਰਿਆਣਾ ਟਿਕਾਊ ਝੋਨੇ ਦੀ ਖੇਤੀ ਨੂੰ ਉਤਸ਼ਾਹਿਤ ਕਰਨ ਵਿੱਚ ਇੱਕ ਮੋਹਰੀ ਸੂਬਾ ਹੈ। ਰਵਾਇਤੀ ਟਰਾਂਸਪਲਾਂਟਿੰਗ ਤਰੀਕਿਆਂ ਦੇ ਉਲਟ ਜਿਨ੍ਹਾਂ ਲਈ ਬਹੁਤ ਜ਼ਿਆਦਾ ਪਾਣੀ ਦੀ ਲੋੜ ਹੁੰਦੀ ਹੈ, ਸਿੱਧੀ ਬਿਜਾਈ ਵਿੱਚ ਪੌਦਿਆਂ ਦੀ ਟਰਾਂਸਪਲਾਂਟਿੰਗ ਦੀ ਲੋੜ ਨਹੀਂ ਹੁੰਦੀ, ਜਿਸ ਨਾਲ ਪਾਣੀ ਦੀ ਖਪਤ ਅਤੇ ਮਜ਼ਦੂਰੀ ਦੀ ਲਾਗਤ ਵਿੱਚ ਕਾਫ਼ੀ ਕਮੀ ਆਉਂਦੀ ਹੈ। ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ਼ਿਆਮ ਸਿੰਘ ਰਾਣਾ ਸ਼ੁੱਕਰਵਾਰ ਨੂੰ ਪੈਰਾਕੀਟ ਪਿਪਲੀ ਵਿੱਚ ਸਵਾਨਾ ਸੀਡਜ਼ ਦੁਆਰਾ ਹਰਿਆਣਾ ਖੇਤੀਬਾੜੀ ਵਿਭਾਗ ਦੇ ਸਹਿਯੋਗ ਨਾਲ ਜਲ ਸੰਭਾਲ ਅਧਾਰਤ ਖੇਤੀ ਨੂੰ ਉਤਸ਼ਾਹਿਤ ਕਰਨ ਲਈ ਕਰਵਾਏ ਪ੍ਰੋਗਰਾਮ ਨੂੰ ਸੰਬੋਧਨ ਕਰ ਰਹੇ ਸਨ। ਇਸ ਵਰਕਸ਼ਾਪ ਵਿੱਚ ਝੋਨੇ ਦੀ ਸਿੱਧੀ ਬਿਜਾਈ ਅਪਣਾਉਣ ਦੇ ਫਾਇਦਿਆਂ ਅਤੇ ਚੁਣੌਤੀਆਂ 'ਤੇ ਚਰਚਾ ਕੀਤੀ ਗਈ। ਵਰਕਸ਼ਾਪ 'ਚ ਕਈ ਜ਼ਿਲ੍ਹਿਆਂ ਦੇ ਕਿਸਾਨਾਂ ਤੇ ਖੇਤੀਬਾੜੀ ਡਿਪਟੀ ਡਾਇਰੈਕਟਰਾਂ ਨੇ ਹਿੱਸਾ ਲਿਆ। ਖੇਤੀ ਮੰਤਰੀ ਨੇ ਕਿਹਾ ਕਿ ਹਰਿਆਣਾ ਦੇ ਕਿਸਾਨਾਂ ਲਈ ਪਾਣੀ ਦੀ ਸੰਭਾਲ ਇੱਕ ਮਹੱਤਵਪੂਰਨ ਮੁੱਦਾ ਹੈ। ਹਰਿਆਣਾ ਸਰਕਾਰ ਦਾ ਟੀਚਾ 3 ਲੱਖ ਏਕੜ ਜ਼ਮੀਨ ਨੂੰ ਡੀਐੱਸਆਰ ਖੇਤੀ ਅਧੀਨ ਲਿਆਉਣਾ ਹੈ ਤੇ 2024 ਤੱਕ, 50,540 ਕਿਸਾਨ ਇਸ ਤਕਨੀਕ ਨੂੰ ਅਪਣਾ ਚੁੱਕੇ ਹਨ।

# ਬਾਬੈਨ ਦੀ ਅਨਾਜ ਮੰਡੀ ਵਿੱਚ ਸਰ੍ਹੋਂ ਦੀ ਸਰਕਾਰੀ ਖ਼ਰੀਦ ਸ਼ੁਰੂ




**ਸ਼ਾਹਬਾਦ ਮਾਰਕੰਡਾ, 8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੇ ਪ੍ਰਤੀਨਿਧ ਕੈਲਾਸ਼ ਸੈਣੀ ਨੇ ਅੱਜ ਬਾਬੈਨ ਅਨਾਜ ਮੰਡੀ ਵਿੱਚ ਸਰ੍ਹੋਂ ਦੀ ਸਰਕਾਰੀ ਖ਼ਰੀਦ ਦਾ ਸ਼ੁਭ ਆਰੰਭ ਕੀਤਾ। ਇਸ ਮੌਕੇ ਉਨ੍ਹਾਂ ਨੇ ਕਿਸਾਨਾਂ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਦੀਆਂ ਸਾਰੀਆਂ ਫ਼ਸਲਾਂ ਦਾ ਇਕ-ਇਕ ਦਾਣਾ ਘੱਟੋ-ਘੱਟ ਸਮਰਥਨ ਮੁੱਲ 'ਤੇ ਖਰੀਦਿਆ ਜਾਏਗਾ। ਹੈਫੇਡ ਵੱਲੋਂ ਸ਼ੁਰੂ ਕੀਤੀ ਗਈ ਸਰ੍ਹੋਂ ਦੀ ਖਰੀਦ ਦਾ ਸ਼ੁਭ ਅਰੰਭ ਪ੍ਰੋਗਰਾਮ ਵਿੱਚ ਹੈਫੇਡ ਦੇ ਡੀਐੱਮ ਸ਼ਮਸ਼ੇਰ ਸੈਣੀ, ਮਾਰਕੀਟ ਕਮੇਟੀ ਦੇ ਸਕੱਤਰ ਗੁਰਮੀਤ ਸਿੰਘ ਮੰਡੀ ਐਸੋਸੀਏਸ਼ਨ ਦੇ ਪ੍ਰਧਾਨ ਜਗਦੀਸ਼ ਢੀਂਗੜਾ, ਨਾਇਬ ਸਿੰਘ ਪਟਾਕ ਮਾਜਰਾ, ਭਾਜਪਾ ਮੰਡਲ ਬਾਬੈਨ ਦੇ ਸਾਬਕਾ ਪ੍ਰਧਾਨ ਜਸਵਿੰਦਰ ਜੱਸੀ, ਹਰੀਕੇਸ਼ ਸੈਣੀ, ਪਵਨ ਸਿੰਗਲਾ, ਸੁਭਾਸ਼ ਕਸੀਥਲ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਕਿਸਾਨ ਤੇ ਵਪਾਰੀ ਮੌਜੂਦ ਸਨ। ਕੈਲਾਸ਼ ਸੈਣੀ ਨੇ ਕਿਹਾ ਕਿ ਹੈਫੇਡ ਵੱਲੋਂ ਲਾਡਵਾ ਤੇ ਬਾਬੈਨ ਮੰਡੀ ਵਿੱਚ 17 ਹਜਾਰ ਕੁਇੰਟਲ ਤੋਂ ਵੱਧ ਸਰ੍ਹੋਂ ਦੀ ਖਰੀਦ ਕੀਤੀ ਜਾ ਚੁੱਕੀ ਹੈ, ਜਿਸ 'ਚ ਖ਼ਰੀਦੀ ਗਈ 75 ਪ੍ਰਤੀਸ਼ਤ ਸਰ੍ਹੰ ਦੀ ਚੁਕਾਈ ਵੀ ਹੋ ਗਈ ਹੈ। ਉਨ੍ਹਾਂ ਕਿਹਾ ਕਿ 70 ਪ੍ਰਤੀਸ਼ਤ ਸਰ੍ਹੋਂ ਦਾ ਭੁਗਤਾਨ ਵੀ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸਰਕਾਰ ਕਿਸਾਨਾਂ ਦੇ ਹਿੱਤਾਂ ਦੀ ਰੱਖਿਆ ਲਈ ਵਚਨਬੱਧ ਹੈ ਤੇ ਉਨ੍ਹਾਂ ਦੀ ਮਿਹਨਤ ਦਾ ਮੁੱਲ ਦਿਵਾਉਣ ਲਈ ਸਾਰੇ ਜ਼ਰੂਰੀ ਕਦਮ ਚੁੱਕੇ ਜਾ ਰਹੇ ਹਨ। ਸੈਣੀ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਫਸਲਾਂ ਦੀ ਖ਼ਰੀਦ ਵਿਵਸਥਾ ਨੂੰ ਪਾਰਦਰਸ਼ੀ ਤੇ ਸੁਚਾਰੂ ਬਣਾਉਣ ਲਈ ਵਿਆਪਕ ਯਤਨ ਕੀਤੇ ਜਾ ਰਹੇ ਹਨ। ਖ਼ਰੀਦ ਕੇਂਦਰਾਂ 'ਤੇ ਕਿਸੇ ਵੀ ਕਿਸਾਨ ਨੂੰ ਅਸੁਵਿਧਾ ਨਾ ਹੋਵੇ ਇਸ ਲਈ ਅਧਿਕਾਰੀਆਂ ਨੂੰ ਸਖ਼ਤ ਨਿਰਦੇਸ਼ ਦਿੱਤੇ ਗਏ ਹਨ। ਕਿਸਾਨਾਂ ਨੂੰ ਉਨ੍ਹਾਂ ਦੀ ਫ਼ਸਲ ਦਾ ਭੁਗਤਾਣ ਸਮੇਂ ਸਿਰ ਮਿਲੇ ਇਸ ਲਈ ਸਰਕਾਰ ਨੇ ਆਨਲਾਈਨ ਪ੍ਰਣਾਲੀ ਨੂੰ ਪ੍ਰਭਾਵੀ ਬਣਾਇਆ ਹੈ। ਕੈਲਾਸ਼ ਸੈਣੀ ਨੇ ਕਿਹਾ ਕਿ ਸਰ੍ਹੋਂ ਹੀ ਨਹੀਂ ਬਲਕਿ ਕਿਸਾਨਾਂ ਦੀਆਂ ਸਾਰੀਆਂ 24 ਫਸਲਾਂ ਨੂੰ ਘੱਟੋ ਘੱਟ ਸਮਰਥਨ ਮੁੱਲ 'ਤੇ ਖਰੀਦਿਆ ਜਾਏਗਾ ਤੇ 48 ਤੋਂ 72 ਘੰਟੇ ਵਿਚ ਭੁਗਤਾਨ ਕਰ ਦਿੱਤਾ ਜਾਏਗਾ।

## ਰਜਿਸਟਰੀ ਬਦਲੇ ਇਕ ਲੱਖ ਰਿਸ਼ਵਤ ਲੈਂਦਾ ਅਰਜ਼ੀ ਨਵੀਸ ਕਾਬੂ

**ਟੋਹਾਣਾ, 8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਇਥੇ ਹਰਿਆਣਾ ਐਂਟੀ ਕੁਰਪਸ਼ਨ ਬਿਊਰੋ ਦੀ ਟੀਮ ਨੇ ਸਕੱਤਰੇਤ ਗੋਹਾਣਾ ਦੇ ਅਰਜ਼ੀ ਨਵੀਸ ਰਾਜੀਵ ਕੁਮਾਰ ਨੂੰ ਇਕ ਪਲਾਟ ਦੀ ਰਜਿਸਟਰੀ ਕਰਾਉਣ ਬਦਲੇ ਇਕ ਲੱਖ ਰੁਪਏ ਦੀ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਕਾਬੂ ਕਰ ਲਿਆ ਹੈ। ਮੁਲਜ਼ਮ ਮੁਤਾਬਕ ਉਸ ਨੇ ਇਹ ਪੈਸੇ ਤਹਿਸੀਲਦਾਰ ਵਾਸਤੇ ਲਏ ਸਨ। ਬੁਲਾਰੇ ਨੇ ਦੱਸਿਆ ਕਿ ਪਿੰਡ ਖੰਦਰਾਈ ਦੇ 667 ਵਰਗ ਗਜ਼ ਪਲਾਟ ਦੇ ਖ਼ਰੀਦਦਾਰ ਨੇ ਸ਼ਿਕਾਇਤ ਕੀਤੀ ਸੀ ਕਿ ਇਸ ਪਲਾਟ ਦੀ ਰਜਿਸਟਰੀ ਕਰਨ ਬਦਲੇ ਉਸ ਤੋਂ ਇਕ ਲੱਖ ਦੀ ਮੰਗ ਕੀਤੀ ਗਈ ਹੈ। ਸ਼ਿਕਾਇਤਕਰਤਾ ਨੇ ਰਿਸ਼ਵਤ ਲੈਣ ਦੀ ਸ਼ਿਕਾਇਤ ਹਰਿਆਣਾ ਐਂਟੀ ਕੁਰਪਸ਼ਨ ਬਿਊਰੋ ਨੂੰ ਕੀਤੀ ਤਾਂ ਬਿਊਰੋ ਦੀ ਟੀਮ ਨੇ ਪੂਰਾ ਜਾਲ ਵਿਛਾ ਕੇ ਅਰਜ਼ੀ ਨਵੀਸ ਰਾਜੀਵ ਮਲਹੋਤਰਾ ਉਰਫ਼ ਜਸ਼ਪਾਲ ਮਲਹੋਤਰਾ ਨੂੰ ਇਕ ਲੱਖ ਰੁਪਏ ਲੈਂਦੇ ਗ੍ਰਿਫਤਾਰ ਕਰ ਲਿਆ।

# ਭਾਰਤੀ ਕਿਸਾਨ ਯੂਨੀਅਨ ਨੇ ਮੋਦੀ ਤੇ ਟਰੰਪ ਦੇ ਪੁਤਲੇ ਫੂਕੇ



**ਯਮੁਨਾ ਨਗਰ, 8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਕਿਸਾਨ ਯੂਨੀਅਨ ਨੇ ਗੁਰਨਾਮ ਸਿੰਘ ਚੜੂਨੀ ਦੀ ਅਗਵਾਈ ਵਿੱਚ ਸੈਂਕੜੇ ਕਿਸਾਨ ਯਮੁਨਾਨਗਰ ਦੀ ਅਨਾਜ ਮੰਤਰੀ ਵਿੱਚ ਇੱਕਠੇ ਹੋਏ। ਕਿਸਾਨਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪੁਤਲੇ ਸਾੜੇ। ਇਸ ਦੌਰਾਨ ਸ੍ਰੀ ਚੜੂਨੀ ਨੇ ਕਿਹਾ ਕਿ ਟੈਰਿਫ ਵਿਧੀ ਘਟਾਉਣ ਨਾਲ ਭਾਰਤ ਦੇ ਕਿਸਾਨਾਂ ਨੂੰ ਨੁਕਸਾਨ ਹੋਵੇਗਾ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਅਮਰੀਕਾ ਲਈ ਕੰਮ ਕਰ ਰਹੇ ਹਨ, ਕਿਉਂਕਿ ਅਮਰੀਕਾ ਦੀ ਆਬਾਦੀ ਘੱਟ ਅਤੇ ਖੇਤਰਫਲ ਬਹੁਤ ਵੱਡਾ ਹੈ, ਜੇਕਰ ਉੱਥੋਂ ਸਾਮਾਨ ਭਾਰਤ ਆਉਂਦਾ ਹੈ ਤਾਂ ਉਹ ਘੱਟ ਕੀਮਤਾਂ 'ਤੇ ਉਪਲਬਧ ਹੋਵੇਗਾ, ਜਿਸ ਕਾਰਨ ਭਾਰਤੀ ਕਿਸਾਨ ਬਰਬਾਦ ਹੋ ਜਾਣਗੇ। ਉਨ੍ਹਾਂ ਕਿਹਾ ਕਿ ਭਾਜਪਾ ਸਰਕਾਰ ਕਿਸਾਨਾਂ ਨੂੰ ਆਰਥਕ ਤੌਰ 'ਤੇ ਕਮਜ਼ੋਰ ਕਰਕੇ ਤਬਾਹ ਕਰਨ ਦਾ ਕੰਮ ਕਰ ਰਹੀ ਹੈ। ਕਿਸਾਨ ਆਗੂ ਗੁਰਨਾਮ ਸਿੰਘ ਚੜੂਨੀ ਨੇ ਕਿਹਾ ਕਿ ਬਿਜਲੀ ਅਤੇ ਟੌਲ ਟੈਕਸ ਦੀਆਂ ਦਰਾਂ ਵਿੱਚ ਵਾਧਾ ਸਰਾਸਰ ਗਲਤ ਹੈ। ਭਾਜਪਾ ਸਰਕਾਰ ਦੇ ਅਧੀਨ ਚਲ ਰਹੀਆਂ ਸਰਕਾਰੀ ਨੀਤੀਆਂ ਕਾਰਨ ਅਮੀਰ ਹੋਰ ਅਮੀਰ ਹੋ ਰਹੇ ਹਨ ਅਤੇ ਗਰੀਬ ਹੋਰ ਗਰੀਬ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਵੱਡੇ ਘਰਾਂ ਦੇ ਕਰਜ਼ੇ ਮੁਆਫ਼ ਕਰਦੇ ਹਨ ਅਤੇ ਛੋਟੇ ਕਿਸਾਨਾਂ ਦਾ ਇੱਕ ਪੈਸਾ ਵੀ ਮੁਆਫ਼ ਨਹੀਂ ਕੀਤਾ ਜਾ ਰਿਹਾ।

# ਜੈਗੂਆਰ ਹਾਦਸਾ: ਫਲਾਈਟ ਲੈਫਟੀਨੈਂਟ ਸਿਧਾਰਥ ਯਾਦਵ ਦਾ ਪੂਰੇ ਫੌਜੀ ਸਨਮਾਨਾਂ ਨਾਲ ਸਸਕਾਰ

**ਚੰਡੀਗੜ੍ਹ, 8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਗੁਜਰਾਤ ਦੇ ਜਾਮਨਗਰ ਵਿਚ ਜੈਗੂਆਰ ਜੰਗੀ ਜਹਾਜ਼ ਹਾਦਸੇ ਵਿੱਚ ਮਾਰੇ ਗਏ ਫਲਾਈਟ ਲੈਫਟੀਨੈਂਟ ਸਿਧਾਰਥ ਯਾਦਵ (Flight Lieutenant Siddharth Yadav) ਦਾ ਸ਼ੁੱਕਰਵਾਰ ਨੂੰ ਹਰਿਆਣਾ ਦੇ ਜ਼ਿਲ੍ਹਾ ਰੇਵਾੜੀ ਸਥਿਤ ਉਸ ਦੇ ਜੱਦੀ ਪਿੰਡ ਮਾਜਰਾ ਭਲਖੀ ਵਿੱਚ ਪੂਰੇ ਫੌਜੀ ਸਨਮਾਨਾਂ ਨਾਲ ਅੰਤਿਮ ਸੰਸਕਾਰ ਕਰ ਦਿੱਤਾ ਗਿਆ।

ਯਾਦਵ (28) ਦੀ ਬੁੱਧਵਾਰ ਰਾਤ ਨੂੰ ਜਾਮਨਗਰ ਸਥਤ ਭਾਰਤੀ ਹਵਾਈ ਫ਼ੌਜ (916) ਦੇ ਸਟੇਸ਼ਨ ਨੇੜੇ ਜਹਾਜ਼ ਹਾਦਸੇ ਵਿੱਚ ਮੌਤ ਹੋ ਗਈ। ਉਨ੍ਹਾਂ ਦੇ ਪਰਿਵਾਰ ਨੇ ਦੱਸਿਆ ਕਿ ਸਿਧਾਰਥ ਦੀ ਹਾਲ ਹੀ ਵਿੱਚ ਮੰਗਣੀ ਹੋਈ ਸੀ, ਉਨ੍ਹਾਂ ਦਾ ਇਸੇ ਸਾਲ ਨਵੰਬਰ ਵਿੱਚ ਵਿਆਹ ਹੋਣਾ ਤੈਅ ਸੀ।



ਪਾਇਲਟ ਸਾਬਕਾ ਸੈਨਿਕਾਂ ਦੇ ਪਰਿਵਾਰ ਨਾਲ ਸਬੰਧਤ ਸੀ। ਉਸਦੇ ਪਿਤਾ ਸੁਸ਼ੀਲ ਯਾਦਵ ਨੇ ਵੀ ਹਵਾਈ ਫ਼ੌਜ ਵਿੱਚ ਸੇਵਾ ਕੀਤੀ ਸੀ ਅਤੇ ਦਾਦਾ ਤੇ ਪੜਦਾਦਾ ਨੇ ਫੌਜ ਵਿੱਚ ਸੇਵਾ ਕੀਤੀ ਸੀ। ਉਨ੍ਹਾਂ ਦੀ ਮ੍ਰਿਤਕ ਦੇਹ ਉਨ੍ਹਾਂ ਦੇ ਜੱਦੀ ਪਿੰਡ ਲਿਜਾਏ ਜਾਣ ਤੋਂ ਪਹਿਲਾਂ ਰੇਵਾੜੀ ਪਹੁੰਚੀ।

ਇਸ ਮੌਕੇ ਵੱਡੀ ਗਿਣਤੀ ਸਾਬਕਾ ਸੈਨਿਕਾਂ ਸਮੇਤ ਭਾਰੀ ਤਾਦਾਦ ਵਿੱਚ ਆਮ ਲੋਕ ਹੱਥਾਂ ਵਿੱਚ ਤਿਰੰਗੇ ਲੈ ਕੇ ਫੁੱਲਾਂ ਦੀ ਵਰਖਾ ਕਰਦੇ ਹੋਏ ਸੜਕਾਂ 'ਤੇ ਖੜ੍ਹੇ ਸਨ, ਜਦੋਂ ਭਾਰਤੀ ਹਵਾਈ ਸੈਨਾ ਅਧਿਕਾਰੀ ਦੀ ਮ੍ਰਿਤਕ ਦੇਹ ਨੂੰ ਲੈ ਕੇ ਜਾਣ ਵਾਲਾ ਵਾਹਨ ਉਥੋਂ ਲੰਘ ਰਿਹਾ ਸੀ। ਚਿਖਾ ਨੂੰ ਅਗਨੀ ਦਿਖਾਏ ਜਾਣ ਸਮੇਂ ਹਵਾਈ ਫ਼ੌਜ ਦੇ ਜਵਾਨਾਂ ਨੇ ਉਨ੍ਹਾਂ ਨੂੰ ਹਥਿਆਰ ਉਲਟੇ ਕਰ ਕੇ ਸਲਾਮੀ ਦਿੱਤੀ।

ਹਰਿਆਣਾ ਦੇ ਸਾਬਕਾ ਮੰਤਰੀ ਬਨਵਾਰੀ ਲਾਲ, ਰੇਵਾੜੀ ਜ਼ਿਲ੍ਹੇ ਦੇ ਬਾਵਲ ਤੋਂ ਭਾਜਪਾ ਵਿਧਾਇਕ ਕ੍ਰਿਸ਼ਨ ਕੁਮਾਰ, ਹਜ਼ਾਰਾਂ ਸਥਾਨਕ ਲੋਕ, ਭਾਰਤੀ ਹਵਾਈ ਸੈਨਾ (ਆਈਏਐਫ) ਦੇ ਅਧਿਕਾਰੀ, ਹਥਿਆਰਬੰਦ ਬਲਾਂ ਦੇ ਮੈਂਬਰ, ਪੁਲਿਸ ਅਧਿਕਾਰੀ, 916 ਅਧਿਕਾਰੀ ਨੂੰ ਸਲਾਮੀ ਦੇਣ ਲਈ ਇਕੱਠੇ ਹੋਏ, ਜਦੋਂ ਪਰਿਵਾਰਕ ਮੈਂਬਰਾਂ ਨੇ ਉਨ੍ਹਾਂ ਨੂੰ ਹੰਝੂਆਂ ਭਰੀ ਅਲਵਿਦਾ ਆਖੀ।

ਉਹ ਆਪਣੇ ਪਿੱਛੇ ਪਿਤਾ, ਮਾਤਾ ਅਤੇ ਇੱਕ ਛੋਟੀ ਭੈਣ ਛੱਡ ਗਏ ਹਨ। ਸਸਕਾਰ ਦੀ ਰਸਮ ਮੌਕੇ ਯਾਦਵ ਦੀ ਮੰਗੇਤਰ ਵੀ ਭੱਜੀਆਂ ਅੱਖਾਂ ਨਾਲ ਮੌਜੂਦ ਸੀ। ਉਨ੍ਹਾਂ ਦੀ ਮਾਤਾ ਸੁਸ਼ੀਲਾ ਦੇਵੀ ਨੇ ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਹ ਹਰ ਮਾਂ ਨੂੰ ਅਪੀਲ ਕਰੇਗੀ ਕਿ ਉਹ ਆਪਣੇ ਪੁੱਤਰਾਂ ਨੂੰ ਫੌਜ ਵਿਚ ਭਰਤੀ ਹੋਣ ਲਈ ਜ਼ਰੂਰ ਭੇਜਣ।

## ਬੀਜ ਲੈਣ ਲਈ ਪੋਰਟਲ 'ਤੇ ਰਜਿਸਟਰਡ ਕਰਾਉਣ ਦੀ ਅਪੀਲ

**ਸ਼ਾਹਬਾਦ ਮਾਰਕੰਡਾ, 8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਖੇਤੀ ਤੇ ਭਲਾਈ ਵਿਭਾਗ ਦੇ ਡਿਪਟੀ ਡਾਇਰੈਕਟਰ ਡਾ. ਕਰਮ ਚੰਦ ਨੇ ਕਿਹਾ ਹੈ ਕਿ ਕੁਰੂਕਸ਼ੇਤਰ ਵਿੱਚ 45 ਹਜ਼ਾਰ ਏਕੜ ਲਈ ਕਿਸਾਨਾਂ ਨੂੰ 5400 ਕੁਇੰਟਲ ਢੈਂਚਾ ਬੀਜ ਮੁਹੱਈਆ ਕਰਾਉਣ ਦਾ ਟੀਚਾ ਰੱਖਿਆ ਗਿਆ ਹੈ। ਉਨ੍ਹਾਂ ਕਿਹਾ ਕਿ ਢੈਂਚਾ ਨੂੰ ਸਦੀਆਂ ਤੋਂ ਹਰੀ ਖਾਦ ਵਜੋਂ ਵਰਤਿਆ ਜਾਂਦਾ ਹੈ। ਇਸ ਲਈ ਖੇਤੀ ਵਿਭਾਗ ਨੇ ਹਰਿਆਣਾ ਬੀਜ ਵਿਕਾਸ ਨਿਗਮ ਦੇ ਵਿਕਰੀ ਕੇਂਦਰਾਂ ਰਾਹੀਂ 80 ਫ਼ੀਸਦ ਸਬਸਿਡੀ 'ਤੇ ਹਰੀ ਖਾਦ ਵਜੋਂ ਵਰਤੋਂ ਲਈ ਹਰਿਆਣਾ ਦੇ ਸਾਰੇ ਜ਼ਿਲ੍ਹਿਆਂ ਵਿੱਚ 6 ਲੱਖ ਰਕਬੇ ਲਈ 72 ਹਜ਼ਾਰ ਕੁਇੰਟਲ ਢੈਂਚਾ ਬੀਜ ਮੁਹੱਈਆ ਕਰਾਉਣ ਦਾ ਪ੍ਰਬੰਧ ਕੀਤਾ ਹੈ। ਉਨ੍ਹਾਂ ਕਿਹਾ ਕਿ ਬੀਜ ਦੀ ਮਾਤਰਾ 12 ਕਿਲੋ ਪ੍ਰਤੀ ਏਕੜ ਹੈ ਤੇ ਇਕ ਕਿਸਾਨ 10 ਏਕੜ ਲਈ 120 ਕਿਲੋਗਰਾਮ ਢੈਂਚਾ ਬੀਜ ਪ੍ਰਾਪਤ ਕਰ ਸਕਦਾ ਹੈ।

ਉਨ੍ਹਾਂ ਕਿਹਾ ਕਿ ਇਹ ਬੀਜ 10 ਅਪਰੈਲ ਤੋਂ 30 ਮਈ ਤਕ ਹਰਿਆਣਾ ਬੀਜ ਵਿਕਾਸ ਨਿਗਮ ਦੇ ਵਿਕਰੀ ਕੇਂਦਰਾਂ ਤੇ ਉਪਲਬਧ ਹੋਣਗੇ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਕੁਰੂਕਸ਼ੇਤਰ ਵਿੱਚ 45 ਹਜ਼ਾਰ ਏਕੜ ਲਈ 5400 ਕੁਇੰਟਲ ਦਾ ਟੀਚਾ ਦਿੱਤਾ ਗਿਆ ਹੈ।ਇਸ ਦੌਰਾਨ ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਸਮੇਂ ਸਿਰ ਪੋਰਟਲ 'ਤੇ ਆਪਣੇ ਆਪ ਨੂੰ ਰਜਿਸਟਰ ਕਰਵਾਉਣ ਤੋਂ ਬਾਅਦ ਆਪਣਾ ਆਧਾਰ ਕਾਰਡ, ਕਿਸਾਨ ਕਾਰਡ ਤੇ ਸਲਿੱਪ ਦਿਖਾ ਕੇ ਹਰਿਆਣਾ ਬੀਜ ਵਿਕਾਸ ਨਿਗਮ ਦੇ ਵਿਕਰੀ ਕੇਂਦਰਾਂ ਤੋਂ ਬੀਜ ਹਾਸਲ ਕਰ ਸਕਦੇ ਹਨ।

# ਵਿਆਹੁਤਾ ਵੱਲੋਂ ਸਹੁਰਾ ਪਰਿਵਾਰ 'ਤੇ ਜ਼ਹਿਰ ਦੇਣ ਦੇ ਦੋਸ਼

**ਰਤੀਆ, 8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਹਿਰ ਦੇ ਨਾਲ ਲੱਗਦੀ ਸ਼ੇਰਗੜ੍ਹ ਢਾਣੀ ਦੀ ਵਿਆਹੁਤਾ ਨੇ ਆਪਣੇ ਪਤੀ ਅਤੇ ਸਹੁਰਾ ਪਰਿਵਾਰ ਦੇ ਹੋਰਾਂ 'ਤੇ ਕਥਿਤ ਤੌਰ 'ਤੇ ਕੁੱਟਮਾਰ ਕਰਨ ਤੇ ਜ਼ਹਿਰ ਪਿਲਾਉਣ ਦਾ ਦੋਸ਼ ਲਗਾਇਆ ਹੈ। ਉਸ ਨੂੰ ਸ਼ਹਿਰ ਦੇ ਪ੍ਰਾਈਵੇਟ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਹੈ। ਵਿਆਹੁਤਾ ਮੋਨਿਕਾ ਪੁੱਤਰੀ ਆਤਮਾ ਸਿੰਘ ਵਾਸੀ ਕਲੋਠਾ ਨੇ ਪੁਲੀਸ ਨੂੰ ਦੱਸਿਆ ਕਿ ਉਸ ਦਾ ਵਿਆਹ 19 ਜਨਵਰੀ 2020 ਨੂੰ ਪਿੰਡ ਸ਼ੇਰਗੜ੍ਹ ਢਾਣੀ ਦੇ ਕੁਲਦੀਪ ਉਰਫ ਗੋਲਡੀ ਨਾਲ ਹੋਇਆ ਸੀ।

ਉਸ ਨੇ ਦੱਸਿਆ ਕਿ ਵਿਆਹ ਤੋਂ ਬਾਅਦ ਹੀ ਉਨ੍ਹਾਂ ਦੋਵਾਂ 'ਚ ਝਗੜਾ ਰਹਿਣ ਲੱਗਿਆ ਸੀ। ਉਨ੍ਹਾਂ ਦਾ ਝਗੜਾ ਕਈ ਵਾਰ ਥਾਣੇ ਅਤੇ ਪੰਚਾਇਤਾਂ ਤਕ ਪੁੱਜ ਚੁੱਕਾ ਹੈ। ਪੀੜਤਾ ਨੇ ਦੋਸ਼ ਲਗਾਇਆ ਕਿਸੇ ਗੱਲ ਤੋਂ ਉਨ੍ਹਾਂ ਦੋਵਾਂ 'ਚ ਝਗੜਾ ਹੋ ਗਿਆ। ਇਸ ਦੌਰਾਨ ਘਰ 'ਚ ਮੌਜੂਦ ਉਸ ਦੇ ਸਹੁਰਾ ਗੁਰਜੰਟ ਸਿੰਘ ਤੇ ਭੂਆ ਸੱਸ ਗੁਰਦਿਆਲ ਕੌਰ ਨੇ ਉਸ ਦੇ ਹੱਥ ਫੜ ਲਏ ਜਦੋਂਕਿ ਉਸ ਦੇ ਪਤੀ ਨੇ ਜਬਰਨ ਉਸ ਦੇ ਮੂੰਹ 'ਚ ਜ਼ਹਿਰੀਲੀ ਦਵਾਈ ਪਾਉਣ ਲਈ ਧੱਕਾ-ਮੁੱਕੀ ਸ਼ੁਰੂ ਕਰ ਦਿੱਤੀ। ਉਸ ਵੱਲੋਂ ਵਿਰੋਧ ਕਰਨ 'ਤੇ ਥੋੜ੍ਹੀ ਜਿਹੀ ਦਵਾਈ ਉਸ ਦੇ ਮੂੰਹ 'ਚ ਚਲੀ ਗਈ। ਇਸ ਮਗਰੋਂ ਉਹ ਰੌਲਾ ਪਾਉਂਦੀ ਹੋਈ ਘਰ ਤੋਂ ਬਾਹਰ ਭੱਜ ਗਈ ਅਤੇ ਬੇਹੋਸ਼ ਹੋ ਕੇ ਡਿੱਗ ਗਈ।ਦੂਜੇ ਪਾਸੇ, ਮਹਿਲਾ ਪੁਲੀਸ ਅਧਿਕਾਰੀਆਂ ਨੇ ਦੱਸਿਆ ਕਿ ਹਸਪਤਾਲ ਵਿੱਚ ਇਲਾਜ ਅਧੀਨ ਵਿਆਹੁਤਾ ਦੇ ਬਿਆਨ ਦਰਜ ਕੀਤੇ ਜਾ ਰਹੇ ਹਨ।

# ਐੱਮ.ਏ .ਪੰਜਾਬੀ ਦੇ ਨਤੀਜਿਆਂ 'ਚ ਵਿਦਿਆਰਥਣਾਂ ਅੱਵਲ

**ਯਮੁਨਾ ਨਗਰ, 8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਗੁਰੂ ਨਾਨਕ ਗਰਲਜ਼ ਕਾਲਜ ਸਤੰਪੁਰਾ ਦੀਆਂ ਪੰਜਾਬੀ ਵਿਭਾਗ ਦੀਆਂ ਵਿਦਿਆਰਥਣਾਂ ਦੇ ਕੁਰੂਕਸ਼ੇਤਰ ਯੂਨੀਵਰਸਿਟੀ ਦੇ ਨਤੀਜਿਆਂ ਵਿੱਚ ਮੈਰਿਟ ਸੂਚੀ ਵਿੱਚ ਨਾਮ ਦਰਜ ਕਰਵਾ ਕੇ ਕਾਲਜ ਦਾ ਨਾਂ ਰੌਸ਼ਨ ਕੀਤਾ ਹੈ । ਕਾਲਜ ਦੀ ਕਾਰਜਕਾਰੀ ਪ੍ਰਿੰਸੀਪਲ ਪ੍ਰੋ. ਨਰਿੰਦਰ ਪਾਲ ਕੌਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਕਾਲਜ ਦੀ ਐੱਮਏ ਪੰਜਾਬੀ ਤੀਜੇ ਸਮੈਸਟਰ ਦੀ ਵਿਦਿਆਰਥਣ ਗੁਰਪ੍ਰੀਤ ਕੌਰ ਨੇ 70 ਫ਼ੀਸਦ ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਪ੍ਰਾਪਤ ਕੀਤਾ ਅਤੇ ਸਿਮਰਨ ਨੇ 68 ਫ਼ੀਸਦ ਅੰਕ ਪ੍ਰਾਪਤ ਕਰਕੇ ਯੂਨੀਵਰਸਿਟੀ ਵਿੱਚੋਂ ਤੀਜਾ ਸਥਾਨ ਪ੍ਰਾਪਤ ਕੀਤਾ।



ਇਸ ਮੌਕੇ ਕਾਲਜ ਡਾਇਰੈਕਟਰ ਡਾ. ਵਰਿੰਦਰ ਗਾਂਧੀ ਅਤੇ ਜਨਰਲ ਸਕੱਤਰ ਮਨੋਰੰਜਨ ਸਿੰਘ ਸਾਹਣੀ ਨੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਸਫਲਤਾ 'ਤੇ ਅਸ਼ੀਰਵਾਦ ਦਿੱਤਾ ਅਤੇ ਉਨ੍ਹਾਂ ਦੇ ਉਂਜਵਲ ਭਵਿੱਖ ਦੀ ਕਾਮਨਾ ਕੀਤੀ।

# ਮਾਤਾ ਮਨਸਾ ਦੇਵੀ ਮੰਦਰ 'ਚ 26.14 ਲੱਖ ਚੜ੍ਹਾਵਾ ਚੜ੍ਹਿਆ

**ਪੰਚਕੂਲਾ , 8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਚੇਤ ਦੇ ਨਰਾਤਿਆਂ ਦੇ ਮੇਲੇ ਦੌਰਾਨ ਇਥੇ ਮਾਤਾ ਮਨਸਾ ਦੇਵੀ ਅਤੇ ਕਾਲੀ ਮਾਤਾ ਮੰਦਰ ਕਾਲਕਾ ਵਿੱਚ ਲਗਪਗ 26.14 ਲੱਖ ਰੁਪਏ ਦਾ ਚੜ੍ਹਾਵਾ ਚੜ੍ਹਿਆ। 48 ਹਜ਼ਾਰ ਸ਼ਰਧਾਲੂਆਂ ਨੇ ਮਾਤਾ ਮਨਸਾ ਦੇਵੀ ਮੰਦਰ ਦੇ ਦਰਸ਼ਨ ਕੀਤੇ। ਇਸ ਦੌਰਾਨ ਮਾਤਾ ਮਨਸਾ ਦੇਵੀ ਮੰਦਰ ਵਿੱਚ ਲਗਪਗ 22.11 ਲੱਖ ਰੁਪਏ, ਕਾਲੀ ਮਾਤਾ ਮੰਦਰ ਕਾਲਕਾ ਵਿੱਚ 3.88 ਲੱਖ ਅਤੇ ਚੰਡੀ ਮਾਤਾ ਮੰਦਰ ਵਿੱਚ 13 ਹਜ਼ਾਰ 480 ਰੁਪਏ ਭੇਟ ਕੀਤੇ ਗਏ। ਇਸ ਤੋਂ ਇਲਾਵਾ ਮੰਦਰ 'ਚ 61 ਚਾਂਦੀ ਦੇ ਸਿੱਕੇ ਦਾਨ ਕੀਤੇ ਗਏ ਅਤੇ ਕਾਲੀ ਮਾਤਾ ਮੰਦਰ ਕਾਲਕਾ ਵਿੱਚ 86 ਚਾਂਦੀ ਦੇ ਨੱਗ ਭੇਟ ਕੀਤੇ ਗਏ।

# ਰਜਿਸਟਰੀ ਬਦਲੇ ਇਕ ਲੱਖ ਦੀ ਰਿਸ਼ਵਤ ਲੈਂਦਾ ਅਰਜ਼ੀ ਨਵੀਸ ਕਾਬੂ

**ਟੋਹਾਣਾ, 8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਐਂਟੀ ਕੁਰਪਸ਼ਨ ਬਿਊਰੋ ਦੀ ਟੀਮ ਨੇ ਸਕੱਤਰੇਤ ਗੋਹਾਣਾ ਦੇ ਅਰਜ਼ੀ ਨਵੀਸ ਰਾਜੀਵ ਕੁਮਾਰ ਮਲਹੋਤਰਾ ਨੂੰ ਇਕ ਪਲਾਟ ਦੀ ਰਜਿਸਟਰੀ ਕਰਾਉਣ ਬਦਲੇ ਕਥਿਤ ਤੌਰ 'ਤੇ ਇਕ ਲੱਖ ਰੁਪਏ ਦੀ ਰਿਸ਼ਵਤ ਲੈਂਦਿਆਂ ਮੌਕੇ 'ਤੇ ਰੰਗੇ ਹੱਥੀਂ ਕਾਬੂ ਕਰ ਲਿਆ ਹੈ। ਦੂਜੇ ਪਾਸੇ ਮੁਲਜ਼ਮ ਦਾ ਦਾਅਵਾ ਹੈ ਕਿ ਉਸ ਨੇ ਇਹ ਪੈਸੇ ਤਹਿਸੀਲਦਾਰ ਵਾਸਤੇ ਲਏ ਸਨ।

ਅਧਿਕਾਰੀਆਂ ਨੇ ਦੱਸਿਆ ਕਿ ਪਿੰਡ ਖੰਦਰਾਈ ਦੇ 667 ਵਰਗ ਗਜ਼ ਪਲਾਟ ਦੇ ਖ਼ਰੀਦਦਾਰ ਨੇ ਬਿਊਰੋ ਕੋਲ ਸ਼ਿਕਾਇਤ ਕੀਤੀ ਸੀ ਕਿ ਰਜਿਸਟਰੀ ਕਰਨ ਬਦਲੇ ਉਸ ਤੋਂ ਇਕ ਲੱਖ ਦੀ ਮੰਗ ਕੀਤੀ ਗਈ ਸੀ। ਬਿਊਰੋ ਦੀ ਟੀਮ ਨੇ ਰਿਸ਼ਵਤ ਦੀ ਸ਼ਿਕਾਇਤ ਮਿਲਣ 'ਤੇ ਪੂਰਾ ਜਾਲ ਵਿਛਾ ਕੇ ਅਰਜ਼ੀ ਨਵੀਸ ਰਾਜੀਵ ਮਲਹੋਤਰਾ ਉਰਫ਼ ਜਸ਼ਪਾਲ ਮਲਹੋਤਰਾ ਨੂੰ ਇਕ ਲੱਖ ਰੁਪਏ ਲੈਂਦੇ ਗ੍ਰਿਫ਼ਤਾਰ ਕਰ ਲਿਆ।

ਕੌਮੀ ਪੱਤ੍ਰਿਕਾ

ਬਾਲ ਕਵਿਤਾਵਾਂ

## ਪੇਪਰ

ਪੇਪਰ ਖਤਮ ਹੋਣ ਦੀ ਆ ਗਈ ਵਾਰੀ,
ਬੱਚਿਓ ਨਾਨਕੇ ਜਾਣ ਦੀ ਕਰ ਲਓ ਤਿਆਰੀ,
ਨਾਨੀ ਘਰ ਜਾਵਾਂਗੇ, ਲੱਡੂ ਪੇੜੇ ਖਾਵਾਂਗੇ,
ਖੂਬ ਰੌਣਕਾਂ ਲਾਵਾਂਗੇ, ਮੋਟੇ ਹੋ ਕੇ ਘਰ ਨੂੰ
ਵਾਪਸ ਆਵਾਂਗੇ,
ਫਿਰ ਛੁੱਟੀਆਂ ਕੱਟ ਕੇ ਅਗਲੀ ਜਮਾਤ ਵਿਚ
ਦਾਖ਼ਲਾ ਕਰਵਾਵਾਂਗੇ।
ਅਗਲੀ ਜਮਾਤ ਵਿਚ ਫਿਰ ਨਵੇਂ ਦੋਸਤ ਬਣਾਵਾਂਗੇ,
ਪੜ੍ਹ-ਲਿਖ ਕੇ ਫਿਰ ਪੇਪਰ ਪਾਵਾਂਗੇ,
ਪੇਪਰਾਂ ਦਾ ਇਹ ਸਿਲਸਿਲਾ, ਪੜ੍ਹਦੇ ਰਹਿਣ
ਤਕ ਚੱਲੇਗਾ, ਜਦ ਪੜ੍ਹ ਲਿਖ ਕੇ ਅਸੀ,
ਆਪਣੀ ਮੰਜ਼ਿਲ ਵੱਲ ਜਾਵਾਂਗੇ,
ਫਿਰ ਜ਼ਿੰਦਗੀ ਦਾ ਅਸਲੀ ਪੇਪਰ ਪਾਵਾਂਗੇ।

• ਨਵਜੋਤ ਕੌਰ

## ਮੈਂ ਹੋ ਗਿਆ ਪਾਸ

ਮੰਮੀ ਜੀ ਮੈਂ ਹੋ ਗਿਆ ਪਾਸ,
ਮਿਹਨਤ ਕੀਤੀ ਆ ਗਈ ਰਾਸ,

ਨਤੀਜਾ ਜਦੋਂ ਸਰ ਸੁਣਾਇਆ,
ਦਰਜ਼ਾ ਮੇਰਾ ਪਹਿਲਾ ਆਇਆ,
ਤਾੜੀਆਂ ਮਾਰ ਕੇ ਬੱਚਿਆਂ ਨੇ,
ਗੂੰਜਣ ਲਗਾ ਦਿੱਤਾ ਆਕਾਸ਼,
ਮੰਮੀ ਜੀ ਮੈਂ ਹੋ ਗਿਆ ਪਾਸ।

ਸਨਮਾਨਾਂ ਦੀ ਫਿਰ ਆਈ ਵਾਰੀ,
ਟਰਾਫ਼ੀ ਮਿਲੀ ਮੈਨੂੰ ਪਿਆਰੀ-ਪਿਆਰੀ,
ਪ੍ਰਿੰਸੀਪਲ ਸਰ ਕਹਿੰਦੇ ਸਾਰੇ ਸਿੱਖੋ,
ਮਿਹਨਤ ਵਿਚ ਰੱਖਣਾ ਵਿਸ਼ਵਾਸ,
ਮੰਮੀ ਜੀ ਮੈਂ ਹੋ ਗਿਆ ਪਾਸ।

ਮਨ ਚਿੱਤ ਲਾ ਜੋ ਨੇ ਪੜ੍ਹਦੇ,
ਸਫ਼ਲਤਾ ਦੀ ਪੌੜੀ ਉਹੀ ਚੜ੍ਹਦੇ,
ਨਕਲਾਂ 'ਤੇ ਜਿਨ੍ਹਾਂ ਲਾਈਆਂ ਸੀ ਆਸਾਂ,
ਨਤੀਜਾ ਉਨ੍ਹਾਂ ਨੂੰ ਕਰ ਗਿਆ ਨਿਰਾਸ਼,
ਮੰਮੀ ਜੀ ਮੈਂ ਹੋ ਗਿਆ ਪਾਸ।

ਵਿੱਦਿਆ ਇਕ ਵਡਮੁੱਲਾ ਗਹਿਣਾ,
ਸਾਡੇ ਸਰਾਂ ਦਾ ਇਹੋ ਕਹਿਣਾ,
'ਬਿੰਦਰ' ਬਿਨ ਮਿਹਨਤ ਮੁਸ਼ਕਿਲ ਮਿਲਣਾ,
ਜ਼ਿੰਦਗੀ ਦੇ ਵਿਚ ਰੁਤਬਾ ਖ਼ਾਸ,
ਮੰਮੀ ਜੀ ਮੈਂ ਹੋ ਗਿਆ ਪਾਸ,
ਮਿਹਨਤ ਕੀਤੀ ਆ ਗਈ ਰਾਸ।

• ਬਿੰਦਰ ਸਿੰਘ ਖੁੱਡੀ ਕਲਾਂ
98786-05965

## ਪਾਸ ਫੇਲ੍ਹ

ਦਿਨ ਨਤੀਜੇ ਵਾਲਾ,
ਆ ਗਿਆ ਏ ਨੇੜੇ ਬੇਲੀਓ।
ਪਾਸ ਫੇਲ੍ਹ ਵਾਲੇ ਹੋਣੇ,
ਹੁਣ ਨਬੇੜੇ ਬੇਲੀਓ।
ਮਿਹਨਤਾਂ ਨੂੰ ਲੱਗਦੇ ਨੇ,
ਸਦਾ ਮਿੱਠੇ-ਮਿੱਠੇ ਫਲ।
ਉਨ੍ਹਾਂ ਵੱਲ ਭੱਜੇ ਆਉਂਦੇ,
ਸਾਰੇ ਖੁਸ਼ੀਆਂ ਦੇ ਪਲ।
ਸਫ਼ਲਤਾ ਰਹਿੰਦੀ ਸਦਾ,
ਨੇੜੇ-ਤੇੜੇ ਬੇਲੀਓ।
ਪਾਸ ਫੇਲ੍ਹ ਵਾਲੇ ਹੋਣੇ,
ਹੁਣ ਨਬੇੜੇ ਬੇਲੀਓ।
ਜਿਹੜੇ ਰਹੇ ਸਾਰਾ ਸਾਲ,
ਵੇਖੋ ਮੌਜ਼ਾਂ ਮਾਣਦੇ।
ਗਲੀਆਂ ਬਜ਼ਾਰਾਂ ਵਿਚ,
ਰਹੇ ਘੱਟਾ ਛਾਣਦੇ।
ਓਸੇ ਜਮਾਤ ਵਿਚ ਲਾਉਣੇ,
ਉਨ੍ਹਾਂ ਗੇੜੇ ਬੇਲੀਓ।
ਪਾਸ ਫੇਲ੍ਹ ਵਾਲੇ ਹੁਣ,
ਹੁਣ ਨਬੇੜੇ ਬੇਲੀਓ।
ਸਮਾਂ ਉਸ ਨੂੰ ਰੁਆਵੇ,
ਜੋ ਸਮੇਂ ਨੂੰ ਗੁਆਵੇ।
ਤਲਵੰਡੀ ਦਾ ਅਮਰੀਕ,
ਨਿੱਤ ਸਕੂਲੇ ਸਮਝਾਵੇ।
ਹਿੰਮਤਾਂ ਨਾਲ ਹੁੰਦੇ ਸਦਾ,
ਪਾਰ ਬੇੜੇ ਬੇਲੀਓ।
ਪਾਸ ਫੇਲ੍ਹ ਵਾਲੇ ਹੋਣੇ,
ਹੁਣ ਨਬੇੜੇ ਬੇਲੀਓ।

• ਅਮਰੀਕ ਸਿੰਘ ਤਲਵੰਡੀ ਕਲਾਂ, 9463542896

## ਕੀਤੀ ਪੜ੍ਹਾਈ

ਸਾਰਾ ਸਾਲ ਜਿਹੜੀ ਆਪਾਂ ਕੀਤੀ ਪੜ੍ਹਾਈ,
ਅੱਜ ਉਹ ਨਤੀਜੇ ਰਾਹੀਂ ਸਾਹਮਣੇ ਹੈ ਆਈ,
ਹੋ ਗਿਆ ਮੈਂ ਜਮਾਤ ਵਿੱਚੋਂ ਪਾਸ ਮੰਮੀ ਜੀ,
ਪੂਰੀ ਕੀਤੀ ਸਭ ਥੋਡੀ ਸਭ ਆਸ ਮੰਮੀ ਜੀ,
ਨੰਬਰ ਵੀ ਪੂਰੇ ਮੈਂ ਲਿਆਇਆਂ ਪਾਪਾ ਜੀ,
ਫਸਟ ਹਾਂ ਜਮਾਤ ਵਿੱਚੋਂ ਆਇਆ ਪਾਪਾ ਜੀ,
ਬੜਾ ਸਾਨੂੰ ਪਿਆਰ ਨਾਲ ਮੈਡਮ ਪੜ੍ਹਾਉਂਦੇ ਸੀ,
ਬੁੱਕਲ 'ਚ ਲੈ ਕੇ ਮੰਮੀ ਵਾਂਗ ਸਮਝਾਉਂਦੇ ਸੀ,
ਅੱਗੇ ਵਧਣ ਦੀ ਗੱਲ ਆਪਾਂ ਮਨ 'ਚ ਵਸਾ ਲਈ,
ਤਾਂਹਿਓਂ ਤਾਂ ਪੁਜੀਸ਼ਨ ਮੈਂ ਪਹਿਲੀ ਪਾ ਲਈ,
ਗੱਲ ਮਨ ਵਿਚ ਧਾਰੀ ਉੱਚਾ ਨਾਂ ਕਰੂੰਗਾ,
ਉੱਚੇ ਅਹੁਦੇ ਨਾਲ ਚੰਗਾ ਇਨਸਾਨ ਬਣੂੰਗਾ,
ਘੱਲੇ-ਘੱਲੇ ਜੱਗ 'ਤੇ ਕਰਾਊਂਗਾ ਮੈਂ ਅੰਮੀਏ,
'ਸਿੱਧੂ' ਮਨਵੀਰ ਵਾਂਗ ਛਾਊਂਗਾ ਮੈਂ ਅੰਮੀਏ।

• ਸੁਖਵਿੰਦਰ ਕੌਰ ਸਿੱਧੂ
94654-34177



## ਆ ਗਿਆ ਨਤੀਜਾ

ਪੇਪਰਾਂ ਦਾ ਆ ਗਿਆ ਨਤੀਜਾ,
ਸਥਾਨ ਆਇਆ ਹੈ ਮੇਰਾ ਤੀਜਾ।
ਫਸਟ ਸੈਕਿੰਡ ਚਾਰੂ, ਛੱਬੀ ਆਏ,
ਖ਼ੁਸ਼ੀ ਦੇ ਨਾਲ ਫੁੱਲੇ ਨੇ ਸਮਾਏ।
ਸਭ ਨੇ ਦਿੱਤੀ ਸਾਨੂੰ ਵਧਾਈ,
ਕਹਿੰਦੇ ਮਿਹਨਤ ਰੰਗ ਲਿਆਈ।
ਖ਼ੁਸ਼ੀ ਦੇ ਵਿਚ ਫਿਰਾਂ ਭੱਜਦਾ,
ਹਰ ਕੋਈ ਮੈਥੋਂ ਪਾਰਟੀ ਮੰਗਦਾ।
ਮਾਤਾ-ਪਿਤਾ ਗਲ ਲੱਗ ਕੇ ਰੋਏ,
ਖ਼ੁਸ਼ੀ ਦੇ ਹੰਝੂ ਬੰਦ ਨਾ ਹੋਏ।
ਸਾਰੇ ਕਹਿਣ ਕਰ ਦਿੱਤਾ ਏ ਕਮਾਲ,
'ਮੇਹੀ' ਤੂੰ ਬੜੀ ਉੱਚੀ ਲਗਾਈ ਛਾਲ।
ਪ੍ਰਿੰਸੀਪਲ ਸਰ ਜੀ ਨੇ ਕੀਤਾ ਸਨਮਾਨ,
ਇਨ੍ਹਾਂ ਵਾਂਗ ਪੜ੍ਹਾਈ 'ਤੇ ਦਿਓ ਧਿਆਨ।
ਸ਼ੁਰੂ ਕਰ ਲਵੋ ਸਭ ਸਾਥਿਓ ਪੜ੍ਹਨਾ,
ਜੇ ਤੁਸੀ ਇਸ ਮੁਕਾਮ 'ਤੇ ਖੜ੍ਹਨਾ।
ਚਮਨ ਕਹੇ ਗੁਰੂਆਂ ਦਾ ਕਰੋ ਸਤਿਕਾਰ,
ਸਫ਼ਲਤਾ ਦੇ ਖੁੱਲ੍ਹ ਜਾਣਗੇ ਦੁਆਰ।

• ਚਮਨਦੀਪ ਸ਼ਰਮਾ
95010 33005

**ਕਿਸੇ ਨੂੰ ਵੀ ਐਪਰਲ ਫੂਲ ਬਣਾ ਕੇ ਤੁਸੀਂ ਆਪਣੀ ਸਮਾਰਟਨੈੱਸ 'ਤੇ ਬਹੁਤ ਖ਼ੁਸ਼ ਹੁੰਦੇ ਹੋਵੋਗੇ ਪਰ ਕੀ ਤੁਹਾਨੂੰ ਪਤਾ ਹੈ ਕਿ ਤੁਹਾਨੂੰ ਵੀ ਕੋਈ ਚੋਰੀ-ਚੋਰੀ ਫੂਲ (ਪਾਗਲ) ਬਣਾ ਰਿਹਾ ਹੈ। ਆਮਤੌਰ 'ਤੇ ਤੁਹਾਨੂੰ ਲਗਦਾ ਹੈ ਕਿ ਸਮਾਰਟਫੋਨ ਕਿੰਨਾ ਫ਼ਾਇਦੇਮੰਦ ਹੈ ਪਰ ਜੇ ਇਸ ਦਾ ਸਹੀ ਇਸਤੇਮਾਲ ਨਾ ਹੋਵੇ ਤਾਂ ਇਸ ਦੇ ਕਈ ਨੁਕਸਾਨ ਵੀ ਹਨ...**

# ਸਮਾਰਟ ਤਕਨਾਲੋਜੀ ਰੋਜ਼ ਬਣਾ ਰਹੀ ਹੈ ਐਪਰਲ ਫੂਲ



ਸਮਾਰਟਫੋਨ, ਲੈਪਟਾਪ ਜਾਂ ਆਈਪੈਡ ਨਾਲ ਤੁਸੀ ਖ਼ੁਦ ਨੂੰ ਬੇਵਕੂਫ਼ ਬਣਾਉਂਦੇ ਰਹਿੰਦੇ ਹੋ ਅਤੇ ਕਈ ਵਾਰ ਤੁਹਾਨੂੰ ਇਸ ਬਾਰੇ ਪਤਾ ਵੀ ਨਹੀ ਲਗਦਾ। ਇਸ ਲਈ ਸਮਾਰਟਫੋਨ ਟੈਕਨਾਲੋਜੀ ਦੇ ਅੱਗੇ ਖ਼ੁਦ ਨੂੰ ਬੁੱਧੂ ਨਾ ਬਣਨ ਦਿਓ, ਬਲਕਿ ਸਮਾਰਟ ਟੈਕਨਾਲੋਜੀ ਦੀ ਵਰਤੋਂ ਸਹੀ ਤਰੀਕੇ ਨਾਲ ਕਰੋ।

### ਸਮਾਰਟਫੋਨ ਚੋਰੀ ਕਰਦਾ ਹੈ ਨੀਂਦ

ਤੁਹਾਨੂੰ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਸਮਾਰਟਫੋਨ ਤੁਹਾਡੀ ਨੀਂਦ ਚੋਰੀ ਕਰ ਲੈਂਦਾ ਹੈ। ਵਿਗਿਆਨੀਆਂ ਦੀ ਖੋਜ ਅਨੁਸਾਰ ਸਮਾਰਟਫੋਨ, ਟੈਬਲੇਟ, ਲੈਪਟਾਪ ਅਤੇ ਟੈਲੀਵਿਜ਼ਨ ਤੋਂ ਨਿਕਲਣਵਾਲੀ ਵਲੂ ਵ੍ਹਾਈਟ ਰੇਅ ਸਰੀਰ 'ਚ ਮਿਲਣ ਵਾਲੇ ਮੇਲਾਟੋਨਿਨ ਹਾਰਮੋਨ ਨੂੰ ਘੱਟ ਕਰਦੀ ਹੈ। ਇਹ ਹਾਰਮੋਨ ਤੁਹਾਨੂੰ ਅਹਿਸਾਸ ਕਰਵਾਉਂਦਾ ਹੈ ਕਿ ਰਾਤ ਹੋ ਗਈ ਹੈ। ਸਮਾਰਟਫੋਨ ਤੋਂ ਨਿਕਲਣ ਵਾਲੀਆਂ ਬਲੂ ਕਿਰਨਾਂ ਇਸ ਹਾਰਮੋਨ ਦੇ ਅਸਰ ਨੂੰ ਘੱਟ ਕਰਨ ਲਗਦੀਆਂ ਹਨ ਅਤੇ ਤੁਸੀ ਅਨਜਾਣੇ 'ਚ ਹੀ ਬੇਵਕੂਫ਼ ਬਣਦੇ ਰਹਿੰਦੇ ਹੋ।

### ਧਿਆਨ ਕੇਂਦਰਿਤ ਨਾ ਕਰਨਾ

ਤੁਸੀ ਹਮੇਸ਼ਾ ਇਹੀ ਸੋਚਦੇ ਹੋਵੋਗੇ ਕਿ ਸਮਾਰਟ ਟੈਕਨਾਲੋਜੀ ਦੀ ਮਦਦ ਨਾਲ ਤੁਸੀ ਇਕ ਵਾਰ 'ਚ ਕਈ ਕੰਮਾਂ ਨੂੰ ਮੁਕਾ ਸਕਦੇ ਹੋ ਪਰ ਖੋਜ ਦੱਸਦੀ ਹੈ ਕਿ ਕੋਈ ਵੀ ਵਿਅਕਤੀ ਇਕ ਵਾਰ 'ਚ ਕਈ ਕੰਮਾਂ ਨੂੰ ਨਹੀ ਨਿਪਟਾ ਸਕਦਾ। ਜਦੋਂ ਤੁਸੀ ਸਮਾਰਟਫੋਨ 'ਤੇ ਇਕ ਸਮੇਂ ਕਈ ਟੈਬ ਖੋਲ ਕੇ ਕਈ ਜਾਣਕਾਰੀਆਂ ਇਕੱਠਾ ਕਰਨਾ ਚਾਹੁੰਦੇ ਹੋ ਤਾਂ ਦਰਅਸਲ ਤੁਸੀ ਇਨ੍ਹਾਂ 'ਚੋਂ ਕਿਸੇ ਵੀ ਇਕ 'ਤੇ ਧਿਆਨ ਕੇਂਦਰਿਤ ਨਹੀ ਕਰ ਪਾਉਂਦੇ। ਇਸ 'ਚ ਹੀ ਤੁਹਾਡਾ ਕਾਫ਼ੀ ਸਮਾਂ ਖ਼ਰਾਬ ਹੋ ਜਾਂਦਾ ਹੈ। ਇਸ ਤਰ੍ਹਾਂ ਤੁਸੀ ਸਮਾਰਟ ਬਣਨ ਦੇ ਚੱਕਰ 'ਚ ਬੁੱਧੂ ਬਣ ਜਾਂਦੇ ਹੋ।

### ਯਾਦ ਰੱਖਣ ਦੀ ਸਮਰੱਥਾ 'ਚ ਆਉਂਦੀ ਹੈ ਕਮੀ

*ਇਹ ਸੱਚ ਹੈ ਕਿ ਪਹਿਲੇ ਲੋਕ ਕਿਸੇ ਦਾ ਫੋਨ ਨੰਬਰ, ਘਰ ਦਾ ਪਤਾ, ਟੇਬਲ ਤੇ ਆਮ ਜਾਣਕਾਰੀ ਯਾਦ ਕਰ ਕੇ ਰੱਖਦੇ ਸੀ। ਕੈਲਕੂਲੇਟਰ, ਸਮਾਰਟਫੋਨ ਆਦਿ ਦੀ ਵਜ੍ਹਾ ਨਾਲ ਜੋੜ-ਘਟਾਓ ਮਨ 'ਚ ਜਾਂ ਕਾਪੀ 'ਤੇ ਕਰਨਾ ਅਸੀ ਭੁੱਲਦੇ ਜਾ ਰਹੇ ਹਾਂ। ਅਸੀ ਕਿਤਾਬ ਪੜ੍ਹਦੇ ਸਮੇਂ ਜੇ ਈਮੇਲ ਜਾਂ ਟੈਕਸਟ ਮੈਸੇਜ ਪੜ੍ਹਨ ਦਾ ਕੰਮ ਵੀ ਲਗਾਤਾਰ ਕਰਦੇ ਰਹਿੰਦੇ ਹਨ। ਤਾਂ ਕਈ ਘੰਟਿਆਂ ਦੀ ਪੜ੍ਹਾਈ ਤੋਂ ਬਾਅਦ ਵੀ ਅਸੀ ਜ਼ਿਆਦਾ ਕੁਝ ਧਿਆਨ ਨਹੀ ਰੱਖ ਸਕਦੇ।*



### ਹਰ ਜਾਣਕਾਰੀ ਲਈ ਗੂਗਲ 'ਤੇ ਨਿਰਭਰਤਾ

ਪਹਿਲਾਂ ਅਸੀ ਕੋਈ ਵੀ ਜਾਣਕਾਰੀ ਲੈਣੀ ਹੁੰਦੀ ਸੀ ਤਾਂ ਕਿਤਾਬਾਂ ਜਾਂ ਵੱਡਿਆਂ ਦਾ ਸਹਾਰਾ ਲੈਂਦੇ ਸੀ। ਇਸ ਨਾਲ ਅਸੀ ਦੋਵਾਂ ਨਾਲ ਕਰੀਬ ਨਾਲ ਜੁੜਦੇ ਸੀ। ਹੁਣ ਜੇ ਅਸੀ ਕਿਸੇ ਤਰ੍ਹਾਂ ਦੀ ਵੀ ਜਾਣਕਾਰੀ ਲੈਣਾ ਚਾਹੁੰਦੇ ਹੋਈਏ ਤਾਂ ਗੂਗਲ ਦਾ ਸਹਾਰਾ ਲੈਂਦੇ ਹਾਂ, ਜਿਸ ਨਾਲ ਸਾਡੇ ਯਾਦ ਰੱਖਣ ਦੀ ਸਮਰੱਥਾ 'ਚ ਵੀ ਕਮੀ ਆ ਗਈ ਹੈ। ਤੇ ਨਾਲ ਹੀ ਅਸੀ ਆਪਣੇ ਦਾਦਾ-ਦਾਦੀ ਅਤੇ ਨਾਨਾ-ਨਾਨੀ ਤੋਂ ਦੂਰ ਹੋ ਰਹੇ ਹੋ।

### ਘੱਟ ਹੋ ਰਹੀ ਹੈ ਐਕਸਪਲੋਰ ਕਰਨ ਦੀ ਆਦਤ

ਸਮਾਰਟਫੋਨ 'ਤੇ ਖੇਡ ਖੇਡਣੀ ਅਤੇ ਗੂਗਲ ਮੈਪ 'ਤੇ ਦੇਸ਼-ਦੁਨੀਆ ਦਾ ਪਤਾ ਲੱਭਣਾ ਬਹੁਤ ਆਸਾਨ ਕੰਮ ਹੈ। ਕੀ ਤੁਹਾਨੂੰ ਪਤਾ ਹੈ ਕਿ ਇਸ ਚੱਕਰ 'ਚ ਤੁਸੀ ਬੁੱਧੂ ਬਣਦੇ ਜਾ ਰਹੇ ਹੋ। ਮਨੋਰੰਜਨ ਲਈ ਵੀਡੀਓ ਖੇਡਾਂ ਖੇਡ ਰਹੇ ਹੋ ਪਰ ਇਸ ਦੀ ਆਦਤ ਲੱਗਣੀ ਬਹੁਤ ਹੀ ਬੁਰੀ ਚੀਜ਼ ਹੈ। ਬਾਹਰਲੀਆਂ ਖੇਡਾਂ ਭਾਵ ਆਊਟਡੋਰ ਖੇਡਾਂ ਖੇਡਣ ਨਾਲ ਸਰੀਰਿਕ ਤੇ ਮਾਨਸਿਕ ਵਿਕਾਸ ਨਾਲ-ਨਾਲ ਹੁੰਦਾ ਹੈ। ਉੱਥੇ ਘਰ ਬੈਠੇ ਰਹਿਣ ਨਾਲ ਕਈ ਬੱਚੇ ਬਿਮਾਰੀਆਂ ਦਾ ਸ਼ਿਕਾਰ ਵੀ ਹੋ ਜਾਂਦੇ ਹਨ। •

ਅਪਰੈਲ ਫੂਲ 'ਤੇ ਅਸੀ ਸਾਰਿਆਂ ਨੂੰ ਇਕ-ਦੂਜੇ ਨਾਲ ਬਹੁਤ ਮਜ਼ਾਕ ਕਰਦੇ ਹਾਂ। ਆਪਣੀ ਮਸਤੀ ਨੂੰ ਵਧਾਉਣ ਲਈ ਕੁਝ ਐਪਸ ਦੀ ਮਦਦ ਵੀ ਲੈ ਸਕਦੇ ਹੋ।

### ਫਨ ਕਿਡਜ਼ ਕਾਰਜ਼

ਇਹ ਬੱਚਿਆਂ ਨਾਲ ਸਬੰਧਤ ਫਨੀ ਕਾਰ ਖੇਡ ਹੈ। ਇੱਥੇ ਤੁਸੀ ਕਾਰ ਦੀ ਰੇਸ ਲਗਾ ਸਕਦੇ ਹੋ। ਬਹੁਤ ਫਨੀ ਜਗ੍ਹਾਵਾਂ 'ਤੇ ਇਹ ਰੇਸਾਂ ਹੁੰਦੀਆਂ ਹਨ। ਜੋ ਕਾਰ ਅੱਗੇ ਲੰਘ ਜਾਂਦੀ ਹੈ, ਉਸ ਨੂੰ ਜੇਤੂ ਮੰਨਿਆ ਜਾਂਦਾ ਹੈ। ਬੱਚਿਆਂ ਨੂੰ ਧਿਆਨ 'ਚ ਰੱਖ ਕੇ ਇਸ ਐਪ ਨੂੰ ਬਹੁਤ ਸਾਧਾਰਨ ਤਰੀਕੇ ਨਾਲ ਤਿਆਰ ਕੀਤਾ ਗਿਆ ਹੈ। ਇੱਥੇ ਕਾਰ ਦੇ ਨਾਲ ਫਨ ਵੀ ਕੀਤਾ ਜਾ ਸਕਦਾ ਹੈ। ਕਦੇ ਕਾਰ ਭਜਾਉਣਾ ਤੇ ਰੋਕਣਾ ਤੇ ਕਦੇ ਫਨੀ ਹਾਰਨ ਤੇ ਕਦੇ ਕਾਰ ਜੰਪ ਕਰਨ ਦੇ ਮਜ਼ੇ ਲੈ ਸਕਦੇ ਹੋ। ਇਸ 'ਚ ਐਂਗਰੀ ਗ੍ਰਾਫਿਕਸ, ਬੈਲੂਨ ਆਦਿ ਵੀ ਦਿੱਤੇ ਗਏ ਹਨ। ਇਹ ਖੇਡ ਐਪ ਗੂਗਲ ਪਲੇਅ ਸਟੋਰ 'ਤੇ ਉਪਲਬਧ ਹੈ।


### ਫਨੀ ਕਿਡਜ਼ ਫਰੇਮਸ ਐਂਡ ਫੇਸੇਜ਼

ਇਹ ਇਕ ਫਨੀ ਐਪ ਹੈ, ਜਿੱਥੇ ਤੁਸੀ ਆਪਣੀਆਂ ਫੋਟੋਆਂ ਨੂੰ ਵੱਖ-ਵੱਖ ਰੂਪ ਦੇ ਸਕਦੇ ਹੋ। ਇੱਥੇ ਬੱਚਿਆਂ ਨਾਲ ਸਬੰਧਤ ਬਹੁਤ ਸਾਰੇ ਕੂਲ ਫੋਟੋ ਟੈਂਪਲੇਟਸ ਦਿੱਤੇ ਗਏ ਹਨ। ਸਾਫ਼ਟਵੇਅਰ ਦੀ ਮਦਦ ਨਾਲ ਤੁਸੀ ਆਪਣੀਆਂ ਫੋਟੋਆਂ ਨੂੰ ਵੱਖ-ਵੱਖ ਫਨੀ ਫਰੇਮਸ ਬਣਾ ਸਕਦੇ ਹੋ ਤੇ ਨਾਲ ਹੀ ਫੋਟੋ ਨੂੰ ਇਕ ਨਵਾਂ ਰੂਪ ਵੀ ਦੇ ਸਕਦੇ ਹੋ। ਇੱਥੇ ਕਈ ਖ਼ੂਬਸੂਰਤ ਫੋਟੋ ਫਰੇਮ ਦਿੱਤੇ ਗਏ ਹਨ। ਇਸ ਐਪ ਨੂੰ ਵੀ ਗੂਗਲ ਪਲੇਅ ਸਟੋਰ ਤੋਂ ਡਾਊਨਲੋਡ ਕੀਤਾ ਜਾ ਸਕਦਾ ਹੈ।

**ਬੱਚਿਓ, ਅਪਰੈਲ ਫੂਲ ਡੇਅ ਆਉਣ ਵਾਲਾ ਹੈ। ਕੀ ਤੁਸੀਂ ਇਸ ਮੌਕੇ 'ਤੇ ਕੁਝ ਮਸਤੀ ਕਰਨਾ ਚਾਹੁੰਦੇ ਹੋ। ਅਸੀਂ ਤੁਹਾਨੂੰ ਕੁਝ ਅਜਿਹੇ ਐਪਸ ਬਾਰੇ ਦੱਸਾਂਗੇ, ਜਿੱਥੇ ਤੁਸੀਂ ਆਪਣੇ ਦੋਸਤ ਦੀ ਫੋਟੋ ਬਦਲ ਸਕਦੇ ਹੋ ਜਾਂ ਫਿਰ ਫਨੀ ਖੇਡ ਸਕਦੇ ਹੋ ਅਤੇ ਫਨੀ ਸਟੋਰੀ ਵੀ ਤਿਆਰ ਕਰ ਸਕਦੇ ਹੋ...**

# ਐਪਸ ਨਾਲ ਬਣਾਓ ਦੋਸਤਾਂ ਨੂੰ ਮੂਰਖ







### ਫੇਸ ਚੇਂਜਰ

ਬੱਚਿਆਂ ਲਈ ਇਹ ਬਹੁਤ ਮਜ਼ੇਦਾਰ ਐਪ ਹੈ। ਸਮਾਰਟਫੋਨ ਤੋਂ ਸੈਲਫ਼ੀ ਲੈਣ ਤੋਂ ਬਾਅਦ ਚਿਹਰੇ ਨੂੰ ਮਨਚਾਹੇ ਅੰਦਾਜ਼ 'ਚ ਬਦਲਿਆ ਜਾ ਸਕਦਾ ਹੈ। ਇਸ 'ਚ ਫੇਸ ਸਵੈਪ ਫ਼ੀਚਰ ਹੈ, ਜਿਸ ਦੀ ਮਦਦ ਨਾਲ ਤੁਸੀ ਆਪਣੀ ਫੋਟੋ ਦੇ ਨਾਲ ਦੋਸਤਾਂ ਜਾਂ ਫਿਰ ਦੁਨੀਆ ਦੇ ਕਿਸੇ ਹੋਰ ਵਿਅਕਤੀ ਦੀ ਫੋਟੋ ਨਾਲ ਜੋੜਿਆ ਸਕਦਾ ਹੈ। ਫਾਰਮ ਫੇਸ ਫ਼ੀਚਰ ਦੀ ਮਦਦ ਨਾਲ ਚਿਹਰੇ ਨੂੰ ਏਲੀਅਨ, ਫੈਟ, ਮੌਸਟਰ ਆਦਿ ਦਾ ਰੂਪ ਦਿੱਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਫੇਸ ਪਾਰਟ ਦੀ ਮਦਦ ਨਾਲ ਅੱਖਾਂ, ਨੱਕ, ਹੈਟ ਆਦਿ ਨੂੰ ਵੱਖਰਾ ਆਕਾਰ ਦਿੱਤਾ ਜਾ ਸਕਦਾ ਹੈ। ਇਸ 'ਚ ਕਈ ਫਨੀ ਸਟਿੱਕਰ ਦਿੱਤੇ ਗਏ ਹਨ, ਜਿਸ ਨੂੰ ਵੱਖ-ਵੱਖ ਸਬਜੈਕਟ ਦੇ ਹਿਸਾਬ ਨਾਲ ਇਸਤੇਮਾਲ ਕੀਤਾ ਜਾ ਸਕਦਾ ਹੈ। ਇਹ ਵੀ ਗੂਗਲ ਪਲੇਅ ਸਟੋਰ 'ਤੇ ਉਪਲਬਧ ਹੈ।

### ਮੈਡ ਲਿਬਸ

ਇਹ ਬਹੁਤ ਫਨੀ ਐਪ ਹੈ। ਇੱਥੇ ਫਨੀ ਕਹਾਣੀਆਂ ਤਿਆਰ ਕੀਤੀਆਂ ਜਾ ਸਕਦੀਆਂ ਹਨ। ਇਨ੍ਹਾਂ ਕਹਾਣੀਆਂ ਨੂੰ ਤਿਆਰ ਕਰਨ ਲਈ ਇੱਥੇ ਖ਼ੁਦ ਨਾਲ ਜੁੜੀਆਂ ਜਾਣਕਾਰੀਆਂ ਪਾਉਣੀਆਂ ਹੁੰਦੀਆਂ ਹਨ। ਇਸ ਲਈ ਖ਼ਾਲੀ ਜਗ੍ਹਾ ਮਿਲੇਗੀ, ਉੱਥੇ ਆਪਣੇ ਬਾਰੇ ਲਿਖਣਾ ਪਵੇਗਾ, ਇਸ ਤੋਂ ਬਾਅਦ ਇਹ ਐਪ ਤੁਹਾਡੀ ਫਨੀ ਸਟੋਰੀ ਤਿਆਰ ਕਰ ਦੇਵੇਗਾ। •



**ਬੱਚਿਓ! ਇਸ ਵਾਰ ਅਸੀਂ ਤੁਹਾਨੂੰ ਇਕ ਅਨੋਖੇ ਕੰਗਾਰੂ ਬਾਰੇ ਦਸ ਰਹੇ ਹਾਂ। ਇਸ ਨੂੰ ਟ੍ਰੀ ਕੰਗਾਰੂ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਆਓ ਜਾਣੀਏ ਦਰੱਖ਼ਤਾਂ 'ਤੇ ਰਹਿਣ ਵਾਲੇ ਇਸ ਕੰਗਾਰੂ ਦੀਆਂ ਕੁਝ ਖ਼ਾਸੀਅਤਾਂ ਬਾਰੇ...**


# ਟ੍ਰੀ ਕੰਗਾਰੂ

- ਟ੍ਰੀ ਕੰਗਾਰੂ, ਕੰਗਾਰੂ ਫੈਮਿਲੀ ਦੇ ਹੀ ਮੈਂਬਰ ਹੁੰਦੇ ਹਨ, ਜੋ ਦਰੱਖ਼ਤਾਂ 'ਤੇ ਰਹਿੰਦੇ ਹਨ।
- ਟ੍ਰੀ ਕੰਗਾਰੂ ਦੀਆਂ ਕੁਲ 14 ਪ੍ਰਜਾਤੀਆਂ ਹਨ, ਜੋ ਆਸਟ੍ਰੇਲੀਆ, ਇੰਡੋਨੇਸ਼ੀਆ ਅਤੇ ਪਾਪੂਆ ਨਿਊ ਗਿਨੀ 'ਚ ਮਿਲਦੀਆਂ ਹਨ।
- ਟ੍ਰੀ ਕੰਗਾਰੂ ਇਕ ਦਰੱਖ਼ਤ ਤੋਂ ਦੂਜੇ ਦਰੱਖ਼ਤ 'ਤੇ ਛਲਾਂਗ ਲਗਾਉਂਦੇ ਹਨ। ਇਨ੍ਹਾਂ ਦੀ ਛਲਾਂਗ 30 ਫੁੱਟ ਤਕ ਲੰਬੀ ਹੋ ਸਕਦੀ ਹੈ, ਜਦਕਿ 60 ਫੁੱਟ ਦੀ ਉਚਾਈ ਤੋਂ ਜ਼ਮੀਨ 'ਤੇ ਕੁੱਦਦੇ ਹਨ।
- ਸਾਧਾਰਨ ਕੰਗਾਰੂ ਦੇ ਮੁਕਾਬਲੇ ਟ੍ਰੀ ਕੰਗਾਰੂ ਕਦ 'ਚ ਛੋਟੇ ਹੁੰਦੇ ਹਨ। ਇਨ੍ਹਾਂ ਦੇ ਪਿਛਲੇ ਪੈਰ ਲੰਬੇ ਅਤੇ ਚੌੜੇ ਹੁੰਦੇ ਹਨ। ਨਹੁੰ ਘੁਮਾਓਦਾਰ, ਪੂਛ ਪਤਲੀ ਅਤੇ ਲੰਬੀ ਹੁੰਦੀ ਹੈ। ਹੱਥ ਦੇ ਪੰਜੇ ਅਤੇ ਪੈਰਾਂ ਦੀਆਂ ਤਲੀਆਂ ਸਪੰਜ ਵਰਗੀਆਂ ਹੁੰਦੀਆਂ ਹਨ। ਮਾਦਾ ਦੇ ਪੇਟ 'ਤੇ ਇਕ ਥੈਲੀ ਹੁੰਦੀ ਹੈ।
- ਟ੍ਰੀ ਕੰਗਾਰੂ ਦੀ ਪਿੱਠ ਦਾ ਰੰਗ ਹਰਾ-ਭੂਰਾ ਹੁੰਦਾ ਹੈ। ਪੇਟ 'ਤੇ ਹਲਕਾ ਪੀਲਾ, ਚਿਹਰੇ 'ਤੇ ਸਫ਼ੈਦ ਰੰਗ ਹੁੰਦਾ ਹੈ। ਇਸ ਤੋਂ ਇਲਾਵਾ ਪੈਰ ਅਤੇ ਕੰਨ ਲਾਲ ਰੰਗ ਦੇ ਹੁੰਦੇ ਹਨ।
- ਟ੍ਰੀ ਕੰਗਾਰੂ ਦੇ ਸਰੀਰ ਦੀ ਲੰਬਾਈ ਲਗਪਗ 37 ਤੋਂ 70 ਇੰਚ ਹੁੰਦੀ ਹੈ। ਭਾਰ 37 ਤੋਂ 70 ਪਾਊਂਡ ਤਕ ਹੁੰਦਾ ਹੈ। ਨਰ ਦਾ ਆਕਾਰ ਮਾਦਾ ਦੀ ਤੁਲਨਾ 'ਚ ਵੱਡਾ ਹੁੰਦਾ ਹੈ। •

**ਜੰਗਲ 'ਚ ਰਹਿਣ ਵਾਲੇ ਕੁੱਤੇ ਜ਼ਮੀਨ 'ਚ ਆਪਣੇ ਬੈਠਣ ਦੇ ਆਕਾਰ ਦਾ ਗੱਡਾ ਪੁੱਟ ਕੇ ਉਸ 'ਚ ਗਰਮੀ ਤੇ ਸੁਰੱਖਿਆ ਦੇ ਹਿਸਾਬ ਨਾਲ ਆਪਣੇ ਸਰੀਰ ਨੂੰ ਘੁਮਾ ਕੇ ਸੌਂਦੇ ਹਨ...**

# ਅਜੀਬ ਢੰਗ ਨਾਲ ਸੌਂਦੇ ਨੇ ਜਾਨਵਰ ਸਲੀਪਿੰਗ ਹੈਬਿਟਸ





ਆਮਤੌਰ 'ਤੇ ਸਾਨੂੰ ਆਪਣੇ ਘਰਾਂ 'ਚ ਕੁੱਤਿਆਂ ਨੂੰ ਪਾਲਣ ਦਾ ਸ਼ੌਕ ਹੁੰਦਾ ਹੈ। ਤੁਹਾਡੇ ਘਰ 'ਚ ਪਲਿਆ ਹੋਇਆ ਡਾਗੀ ਭਾਵ ਕੁੱਤਾ ਤੁਹਾਡੇ ਬਿਛਾਏ ਹੋਏ ਬਿਸਤਰ 'ਚ ਆਰਾਮ ਨਾਲ ਸੌਂਦਾ ਹੈ ਪਰ ਕੀ ਤੁਸੀ ਇਕ ਗੱਲ 'ਤੇ ਧਿਆਨ ਦਿੱਤਾ ਹੈ ਕਿ ਜੇ ਉਹ ਆਪਣੇ ਪੈਰ ਪਸਾਰ ਕੇ ਸੌਂਦਾ ਹੈ ਤਾਂ ਉਹ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰ ਰਿਹਾ ਹੁੰਦਾ ਹੈ।

### 14 ਘੰਟੇ ਸੌਂਦੀ ਹੈ ਬਿੱਲੀ ਮਾਸੀ

ਘਰੇਲੂ ਬਿੱਲੀਆਂ ਤੇ ਜੰਗਲੀ ਬਿੱਲੀਆਂ ਜ਼ਿਆਦਾਤਰ 13 ਤੋਂ 14 ਘੰਟੇ ਤਕ ਦਿਨ ਸਮੇਂ ਸੌਂਦੀਆਂ ਹਨ। ਉਹ ਜ਼ਿਆਦਾਤਰ ਆਪਣਾ ਸ਼ਿਕਾਰ ਰਾਤ ਦੇ ਸਮੇਂ ਕਰਦੀਆਂ ਹਨ।

### ਹੱਥ ਫੜ ਕੇ ਸੌਂਦੇ ਹਨ ਨਿਓਲੇ

ਜਾਨਵਰਾਂ ਦੀ ਦੁਨੀਆ 'ਚ ਇਕ ਹੋਰ ਬਹੁਤ ਪਿਆਰਾ ਨੀਂਦ ਲੈਣ ਦਾ ਤਰੀਕਾ ਨਿਓਲਿਆਂ ਦਾ ਹੁੰਦਾ ਹੈ। ਇਹ ਜੀਵ ਜਦੋਂ ਸਮੁੰਦਰੀ ਸਤ੍ਹਾ 'ਤੇ ਹੁੰਦੇ ਹਨ ਤਾਂ ਹੱਥ ਫੜ ਕੇ ਸੌਂਦੇ ਹਨ ਤਾਂ ਕਿ ਉਹ ਵਿਛੜ ਨਾ ਜਾਣ। ਉੱਤਰੀ ਅਮਰੀਕਾ 'ਚ ਮਿਲਣ ਵਾਲੇ ਨਿਓਲੇ ਆਮ ਤੌਰ 'ਤੇ 18 ਤੋਂ 27 ਕਿੱਲੋ ਭਾਰ ਦੇ ਹੁੰਦੇ ਹਨ। ਉਨ੍ਹਾਂ ਨੂੰ ਕਾਫ਼ੀ ਸਨਮਾਨ ਦਿੱਤਾ ਜਾਂਦਾ ਹੈ।

### ਬੱਤਖ਼ਾਂ ਦਾ ਸੌਣ ਦਾ ਅੰਦਾਜ਼ ਨਿਰਾਲਾ


ਬੱਤਖ਼ਾਂ ਦੇ ਸੌਣ ਦਾ ਆਪਣਾ ਹੀ ਤਰੀਕਾ ਹੁੰਦਾ ਹੈ। ਉਹ ਇਕ ਲਾਈਨ ਬਣਾ ਕੇ ਸੌਂਦੀਆਂ ਹਨ। ਲਾਈਨ 'ਚ ਪਹਿਲੀ ਤੇ ਆਖ਼ਰੀ ਬੱਤਖ਼ ਇਕ ਅੱਖ ਖੁੱਲ੍ਹੀ ਰੱਖਦੀ ਹੈ, ਜਿਸ ਨਾਲ ਕਿਸੇ ਵੀ ਹਿੰਸਕ ਜਾਨਵਰ 'ਤੇ ਨਜ਼ਰ ਰੱਖੀ ਜਾ ਸਕੇ। ਲਾਇਨ ਵਿਚਕਾਰ ਜੋ ਬੱਤਖ਼ਾਂ ਹੁੰਦੀਆਂ ਹਨ ਉਹ ਆਪਣੀਆਂ ਅੱਖਾਂ ਬੰਦ ਕਰ ਕੇ ਸੌਂਦੀਆਂ ਹਨ।

### ਗਰਦਨ ਘੁਮਾ ਕੇ ਸੌਂਦੇ ਜ਼ਿਰਾਫ਼ ਦੇ ਬੱਚੇ

ਜ਼ਿਰਾਫ਼ ਦੇ ਸੌਣ ਦਾ ਤਰੀਕਾ ਬਿਲਕੁਲ ਵੱਖਰਾ ਹੈ। ਉਹ ਥੋੜ੍ਹੇ-ਥੋੜ੍ਹੇ ਅੰਤਰਾਲ 'ਤੇ ਸੌਂਦਾ ਹੈ। ਇਕ ਵਾਰ 'ਚ ਪੰਜ ਮਿੰਟ ਤੋਂ ਜ਼ਿਆਦਾ ਨਹੀ ਸੌਂਦਾ। ਇਹ ਖੜ੍ਹਾ ਹੀ ਸੌਂ ਜਾਂਦਾ ਹੈ, ਜਦਕਿ ਇਸ ਦੇ ਬੱਚੇ ਆਪਣੀ ਗਰਦਨ ਘੁਮਾ ਕੇ ਆਰਾਮ ਕਰਦੇ ਹਨ। ਜ਼ਿਰਾਫ਼ ਜ਼ਿਆਦਾ ਤੋਂ ਜ਼ਿਆਦਾ ਚਾਰ ਘੰਟੇ ਹੀ ਸੌਂਦਾ ਹੈ।







### ਇਕ ਦੂਜੇ 'ਤੇ ਸੌਂਦੇ ਹਨ ਨਟਖਟ ਮੀਰਕੇਟਸ

ਟੀਵੀ 'ਤੇ ਛੋਟੇ ਮੀਰਕੇਟਸ ਦੀਆਂ ਸ਼ਰਾਰਤਾਂ ਤੁਸੀ ਕਈ ਵਾਰ ਦੇਖੀਆਂ ਹੋਣਗੀਆਂ ਪਰ ਕੀ ਤੁਹਾਨੂੰ ਉਨ੍ਹਾਂ ਬਾਰੇ ਇਹ ਰੋਚਕ ਗੱਲ ਜਾਣਦੇ ਹੋ ਕਿ ਉਹ ਝੁੰਡ ਬਣਾ ਕੇ ਸੌਂਦੇ ਹਨ। ਕਈ ਵਾਰ ਤਾਂ ਇਹ ਇਕ ਦੂਜੇ 'ਤੇ ਸੌਂਦੇ ਹਨ। ਇਸ ਨਾਲ ਇਕ ਤਾਂ ਠੰਢੀਆਂ ਰਾਤਾਂ 'ਚ ਗਰਮੀ ਬਣੀ ਰਹਿੰਦੀ ਹੈ ਦੂਜਾ ਇਹ ਸੁਰੱਖਿਅਤ ਰਹਿੰਦੇ ਹਨ।

### ਸਰੀਰ ਨੂੰ ਬਰਫ਼ ਵਾਂਗ ਜਮਾਂ ਲੈਂਦਾ ਡੱਡੂ


ਅਸਲ 'ਚ ਡੱਡੂ ਸਰਦੀ 'ਚ ਡੂੰਘੀ ਨੀਂਦ ਚਲਿਆ ਜਾਂਦਾ ਹੈ। ਤੁਹਾਨੂੰ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਉਹ ਇਸ ਸਮੇਂ ਆਪਣੀ ਸਰੀਰ ਨੂੰ ਬਰਫ਼ ਵਾਂਗ ਜਮਾ ਲੈਂਦਾ ਹੈ ਅਤੇ ਸਾਹ ਵੀ ਹੌਲੀ ਕਰ ਲੈਂਦਾ ਹੈ।


### ਛੋਟੀ-ਛੋਟੀ ਨੀਂਦ ਲੈਂਦਾ ਐਲਬੇਟ੍ਰਾਸ


ਐਲਬੇਟ੍ਰਾਸ ਇਕ ਵੱਡਾ ਸਮੁੰਦਰੀ ਪੰਛੀ ਹੈ। ਇਹ ਇਕ ਸਮੇਂ 'ਚ ਕਈ ਕੰਮ ਕਰਨ 'ਚ ਮਾਹਿਰ ਹੁੰਦਾ ਹੈ ਅਤੇ ਜ਼ਿਆਦਾ ਤੋਂ ਜ਼ਿਆਦਾ ਸਮਾਂ ਸ਼ਿਕਾਰ ਕਰਨ 'ਚ ਲਗਾਉਂਦਾ ਹੈ। ਜਦੋਂ ਇਹ ਹਵਾ 'ਚ ਉੱਡਦਾ ਹੈ ਤਾਂ ਵੀ ਛੋਟੀਆਂ-ਛੋਟੀਆਂ ਝਪਕੀਆਂ ਦੇ ਰੂਪ 'ਚ ਵਧੀਆ ਨੀਂਦ ਲੈ ਸਕਦਾ ਹੈ।


### ਵਾਰੀ-ਵਾਰੀ ਇਕ ਅੱਖ ਖੋਲ੍ਹ ਕੇ ਸੌਂਦੀ ਹੈ ਡਾਲਫਿਨ

ਡਾਲਫਿਨ ਦੇ ਸੌਣ ਦਾ ਆਪਣਾ ਹੀ ਅੰਦਾਜ਼ ਹੈ। ਉਹ ਸੌਂਦੇ ਸਮੇਂ ਆਪਣੇ ਦਿਮਾਗ਼ ਦਾ ਅੱਧਾ ਹਿੱਸਾ ਬੰਦ ਕਰਦੀ ਹੈ। ਹਰ ਘੰਟੇ 'ਚ ਵਾਰੀ-ਵਾਰੀ ਇਕ ਅੱਖ ਖੋਲ੍ਹ ਕੇ ਉਹ ਖ਼ਤਰੇ ਨੂੰ ਮਾਪਦੀ ਹੈ। ਉਹ ਉਸ ਸਮੇਂ ਪਾਣੀ 'ਚ ਉੱਪਰ ਆ ਜਾਂਦੀ ਹੈ।









### 20 ਘੰਟੇ ਤਕ ਸੌਂਦਾ ਚਮਗਿੱਦੜ

ਚਮਗਿੱਦੜ ਦੇ ਖੰਭ ਬਹੁਤ ਮਜ਼ਬੂਤ ਨਹੀ ਹੁੰਦੇ ਇਸ ਲਈ ਉਹ ਉਲਟਾ ਹੋ ਕੇ ਸੌਂਦਾ ਹੈ। ਚਮਗਿੱਦੜ ਜਦੋਂ ਸੌਂਦਾ ਹੈ ਤਾਂ ਬਹੁਤ ਦੇਰ ਤਕ ਗਹਿਰੀ ਨੀਂਦ 'ਚ ਸੌਂਦਾ ਹੈ ਅਤੇ ਮਜ਼ੇਦਾਰ ਗੱਲ ਇਹ ਹੈ ਕਿ ਉਹ ਦੇਰ ਤਕ ਸੌਣ ਦੇ ਮਾਮਲੇ 'ਚ ਤਾਂ ਵਾਲਰਸ ਨੂੰ ਵੀ ਪਿੱਛੇ ਛੱਡ ਦਿੰਦਾ ਹੈ। ਕੁਲ ਮਿਲਾ ਕੇ ਉਹ 20 ਘੰਟੇ ਤਕ ਲਗਾਤਾਰ ਸੌਂਦਾ ਹੈ।

### ਕਿਤੇ ਵੀ ਸੌਂ ਜਾਂਦਾ ਹੈ ਵਾਲਰਸ

ਵਾਲਰਸ ਭਾਵ ਦਰਿਆਈ ਘੋੜਾ। ਇਸ 'ਚ ਇਕ ਵੱਡੀ ਖ਼ੂਬੀ ਹੁੰਦੀ ਹੈ ਕਿ ਇਹ ਕਿਤੇ ਵੀ ਅਤੇ ਕਿਸੇ ਸਮੇਂ ਵੀ ਸੌਂ ਸਕਦਾ ਹੈ। ਇਹ ਜ਼ਮੀਨ 'ਤੇ ਲੇਟ ਕੇ, ਪਾਣੀ 'ਚ ਤੈਰ ਕੇ ਜਾਂ ਪਾਣੀ ਹੇਠਾਂ ਕਿਤੇ ਵੀ ਸੌਂ ਜਾਂਦਾ ਹੈ। ਇਹ ਆਪਣਾ ਸਾਹ ਪੰਜ ਮਿੰਟ ਤਕ ਰੋਕ ਸਕਦਾ ਹੈ। ਜ਼ਮੀਨ 'ਤੇ ਤਾਂ ਇਹ 19 ਘੰਟੇ ਤਕ ਸੌਂ ਸਕਦਾ ਹੈ। •

# ਜੀਵ-ਜੰਤੂਆਂ ਦੀ ਵਿਲੱਖਣ ਦੁਨੀਆ

- ਕੀੜੀਆਂ ਦੇ ਫੇਫੜੇ ਨਹੀਂ ਹੁੰਦੇ, ਇਸ ਲਈ ਉਹ ਸਰੀਰ ਦੇ ਚਾਰੇ ਪਾਸੇ ਬਣੇ ਹੋਏ ਛੇਕਾਂ ਤੋਂ ਸਾਹ ਲੈਂਦੀਆਂ ਹਨ।
- ਚਿੰਪਾਜ਼ੀ ਸਭ ਤੋਂ ਜ਼ਿਆਦਾ ਸਮਝਦਾਰ ਜਾਨਵਰ ਹੈ। ਸਿਖਾਏ ਜਾਣ 'ਤੇ ਉਹ ਇਸਟਰੂਮੈਂਟ ਵੀ ਵਜਾ ਲੈਂਦਾ ਹੈ ਤੇ ਪੇਂਟਿੰਗ ਵੀ ਕਰ ਲੈਂਦਾ ਹੈ। ਛੁਰੀ-ਕਾਂਟੇ ਨਾਲ ਖਾਣਾ ਤਾਂ ਇਸ ਲਈ ਇਕ ਖੇਡ ਹੈ।
- ਘੋੜੇ ਅਤੇ ਹਾਥੀਆਂ ਵਾਂਗ ਮੱਧ ਯੁੱਗ 'ਚ ਕੁੱਤੇ ਵੀ ਕੱਵਚ ਪਾ ਕੇ ਯੁੱਧ ਭੂਮੀ ਵਿਚ ਉਤਾਰੇ ਜਾਂਦੇ ਸਨ।
- ਪੈਂਗੁਇਨ ਇਕ ਅਜਿਹਾ ਪੰਛੀ ਹੈ ਜਿਹੜਾ ਉੱਡ ਨਹੀ ਸਕਦਾ ਪਰ ਤੈਰਨ 'ਚ ਮੱਛੀਆਂ ਨੂੰ ਵੀ ਪਿੱਛੇ ਛੱਡ ਜਾਂਦਾ ਹੈ।
- ਨੀਲ ਵੇਲ੍ਹ ਇੰਨੀ ਲੰਬੀ ਹੁੰਦੀ ਹੈ ਕਿ ਇਸ ਦੀ ਪਿੱਠ ਉੱਪਰ ਇੱਕ ਲਾਈਨ 'ਚ 8 ਤੋਂ 10 ਹਾਥੀ ਖੜ੍ਹੇ ਹੋ ਸਕਦੇ ਹਨ।
- ਸ਼ਾਰਕ ਵੇਲ੍ਹ ਦਾ ਭਾਰ 40 ਕਾਰਾਂ ਬਰਾਬਰ ਹੁੰਦਾ ਹੈ। ਇਹ ਵਿਸ਼ਵ ਦੀ ਸਭ ਤੋਂ ਵੱਡੀ ਮੱਛਲੀ ਹੈ।
- ਜ਼ਿਰਾਫ਼ ਧਰਤੀ 'ਤੇ ਪਾਇਆ ਜਾਣ ਵਾਲਾ ਸਭ ਤੋਂ ਲੰਮਾ ਜਾਨਵਰ ਹੈ। ਆਪਣੀ ਲੰਬੀ ਗਰਦਨ ਕਾਰਨ ਇਹ ਦੋ ਮੰਜ਼ਿਲਾ ਇਮਾਰਤ ਦੀ ਉਚਾਈ ਤਕ ਪਹੁੰਚ ਜਾਂਦਾ ਹੈ।
- ਮਧੂ ਮੱਖੀਆਂ ਨੇਮਬੱਧ ਸਮੂਹਾਂ ਵਿਚ ਰਹਿੰਦੀਆਂ ਹਨ, ਜਿਨ੍ਹਾਂ ਵਿਚ ਹਰ ਮੱਖੀ ਦੇ ਲਈ ਵਿਸ਼ੇਸ਼ ਤਰ੍ਹਾਂ ਦਾ ਕੰਮ ਨਿਸ਼ਚਿਤ ਕੀਤਾ ਗਿਆ ਹੁੰਦਾ ਹੈ।
- ਗਿਰਗਿਟ ਦਾ ਰੰਗ ਉਸ ਦੇ ਮੂਡ ਮੁਤਾਬਕ ਬਦਲਦਾ ਹੈ। ਸਾਧਾਰਨ ਤੌਰ 'ਤੇ ਜਿਨਾ ਇਹ ਸ਼ਾਂਤ ਹੋਵੇਗਾ, ਉਨਾ ਹੀ ਜ਼ਿਆਦਾ ਇਸ ਦਾ ਰੰਗ ਪੀਲੇਪਨ ਵਾਲਾ ਹੋਵੇਗਾ।
- ਜ਼ਹਿਰੀਲੀ ਸਟੋਨ ਫਿਸ਼ ਗਰਮ ਪਾਣੀ ਵਿਚ ਰਹਿੰਦੀ ਹੈ। ਇਸ ਦਾ ਸਰੀਰ ਚਿੱਤੀਦਾਰ ਢੇਲੇ ਵਰਗਾ ਹੁੰਦਾ ਹੈ, ਜਿਸ ਕਾਰਨ ਇਹ ਸਮੁੰਦਰ ਦੀ ਸਤ੍ਹਾ 'ਚ ਪਏ ਪੱਥਰਾਂ ਵਿਚਕਾਰ ਵਿਖਾਈ ਨਹੀਂ ਦਿੰਦੀ ਅਤੇ ਉੱਥੇ ਹੀ ਉਹ ਆਪਣੇ ਸ਼ਿਕਾਰ 'ਤੇ ਝਪਟਾ ਮਾਰਨ ਲਈ ਇੰਤਜ਼ਾਰ 'ਚ ਲੇਟੀ ਰਹਿੰਦੀ ਹੈ।
- ਪ੍ਰਦੂਸ਼ਿਤ ਸ਼ਹਿਰਾਂ 'ਚ ਰਹਿਣ ਵਾਲੇ ਪਤੰਗੇ ਗੂੜ੍ਹੇ ਭੂਰੇ ਰੰਗ ਦੇ ਹੋ ਜਾਂਦੇ ਹਨ। ਇਸੇ ਜਾਤੀ ਦੇ ਦਿਹਾਤੀ ਖੇਤਰਾਂ ਵਿਚ ਰਹਿਣ ਵਾਲੇ ਪਤੰਗਿਆਂ ਦਾ ਰੰਗ ਚਿੱਤੀਦਾਰ ਸਫ਼ੈਦ ਹੀ ਰਹਿੰਦਾ ਹੈ।
- ਪੱਤਾ ਕੀੜੇ ਦੀ ਇਕ ਜਾਤੀ ਦਾ ਸਰੀਰ ਚਪਟਾ ਹੁੰਦਾ ਹੈ ਅਤੇ ਖੰਭ ਵੀ ਉਨ੍ਹਾਂ ਪੱਤਿਆਂ ਵਾਂਗ ਵਿਖਾਈ ਦਿੰਦੇ ਹਨ ਜਿਨ੍ਹਾਂ ਨੂੰ ਉਹ ਖਾਂਦਾ ਹੈ। ਇਹ ਭੇਸ ਬਦਲਣ 'ਚ ਇੰਨਾ ਸਫ਼ਲ ਹੁੰਦਾ ਹੈ ਕਿ ਪੱਤਾ ਕੀੜੇ ਕਈ ਵਾਰ ਇਕ - ਦੂਸਰੇ ਨੂੰ ਹੀ ਖਾਣ ਦੀ ਕੋਸ਼ਿਸ਼ ਕਰਦੇ ਹਨ।

• ਸੁਖਮੰਦਰ ਸਿੰਘ ਤੂਰ

## ਬਾਲ ਕੈਨਵਸ



ਜਸਕਰਨ
ਜਮਾਤ : ਸੱਤਵੀ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਕੀਰਤਪੁਰ।



ਮਹਾਂਵੀਰ
ਜਮਾਤ : ਸੱਤਵੀ
ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਕੀਰਤਪੁਰ।



ਸੋਰਵ
ਜਮਾਤ : ਸੱਤਵੀ
ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਕੀਰਤਪੁਰ।



ਅੰਜਲੀ
ਜਮਾਤ : ਅੱਠਵੀ
ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਕੀਰਤਪੁਰ।



ਸੰਜੀਵ
ਜਮਾਤ : ਅੱਠਵੀ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਕੀਰਤਪੁਰ।

# ਆਈ.ਏ.ਐਸ., ਆਈ.ਪੀ.ਐਸ., ਆਈ.ਐਫ.ਐਸ. ਅਧਿਕਾਰੀ ਵਿਦਿਆਰਥੀਆਂ ਨੂੰ ਆਪਣੀ ਜ਼ਿੰਦਗੀ ਦੇ ਵੱਡੇ ਟੀਚੇ ਮਿੱਥਣ ਲਈ ਕਰਨਗੇ ਪ੍ਰੇਰਿਤ : ਹਰਜੋਤ ਸਿੰਘ ਬੈਂਸ

**ਚੰਡੀਗੜ੍ਹ, 8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਕੂਲ ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਨੇ ਐਲਾਨ ਕੀਤਾ ਕਿ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਸਮਰੱਥ ਬਣਾਉਣ ਦੀ ਦਿਸ਼ਾ ਵਿੱਚ ਨਿਵੇਕਲਾ ਤੇ ਅਹਿਮ ਕਦਮ ਚੁੱਕਦਿਆਂ ਸੂਬਾ ਸਰਕਾਰ ਵੱਲੋਂ ਦੇਸ਼ ਭਰ ਵਿੱਚ ਆਪਣੀ ਕਿਸਮ ਦਾ ਪਹਿਲਾ ÷ਸਕੂਲ ਮੈਂਟਰਸ਼ਿਪ ਪ੍ਰੋਗਰਾਮ÷ ਸ਼ੁਰੂ ਕੀਤਾ ਗਿਆ ਹੈ, ਜਿਸ ਵਿੱਚ ਵਿਦਿਆਰਥੀਆਂ ਨੂੰ ਆਪਣੀ ਜ਼ਿੰਦਗੀ ਦੇ ਵੱਡੇ ਟੀਚੇ ਮਿੱਥਣ ਲਈ ਪ੍ਰੇਰਿਤ ਅਤੇ ਮਾਰਗਦਰਸ਼ਨ ਕਰਨ ਵਾਸਤੇ ਸੀਨੀਅਰ ਆਈਏਐੱਸ ਤੇ ਆਈਪੀਐੱਸ ਅਧਿਕਾਰੀਆਂ ਨੂੰ ਸ਼ਾਮਲ ਕੀਤਾ ਜਾ ਰਿਹਾ ਹੈ।

ਅੱਜ ਇੱਥੇ ਪੰਜਾਬ ਭਵਨ ਵਿਖੇ ਪ੍ਰੈੱਸ ਕਾਨਫਰੰਸ ਦੌਰਾਨ ਮੀਡੀਆ ਨੂੰ ਸੰਬੋਧਨ ਕਰਦਿਆਂ ਸ. ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਇਸ ਪ੍ਰੋਗਰਾਮ ਤਹਿਤ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਪੇਂਡੂ ਸਰਕਾਰੀ ਸਕੂਲਾਂ ਵਿੱਚ ਸਿੱਖਿਆ ਪ੍ਰਣਾਲੀ ਨੂੰ ਹੋਰ ਮਜ਼ਬੂਤ ਕਰਨ ਅਤੇ ਵਿਦਿਆਰਥੀਆਂ ਦਾ ਜੀਵਨ ਵਿੱਚ ਉੱਤਮਤਾ ਹਾਸਲ ਕਰਨ ਲਈ ਮਾਰਗਦਰਸ਼ਨ ਕਰਨ ਵਾਸਤੇ ਆਈ.ਏ.ਐਸ., ਆਈ.ਪੀ.ਐਸ., ਆਈ.ਐਫ.ਐਸ. ਅਤੇ ਹੋਰ ਸਿਵਲ ਅਧਿਕਾਰੀਆਂ ਨੂੰ ਸੱਦਾ ਦਿੱਤਾ ਗਿਆ ਹੈ। ਹਰਜੋਤ ਸਿੰਘ ਬੈਂਸ ਨੇ ਕਿਹਾ ਹਰ ਸਫ਼ਲ ਬੱਚੇ ਦੇ ਪਿੱਛੇ ਕੋਈ ਨਾ ਕੋਈ ਅਜਿਹਾ ਵਿਅਕਤੀ ਹੁੰਦਾ ਹੈ ਜਿਸ ਨੇ ਉਸ ਬੱਚੇ ਵਿੱਚ ਕਦੇ ਨਾ ਕਦੇ ਆਪਣਾ ਵਿਸ਼ਵਾਸ ਜਤਾਇਆ ਸੀ। ਇਸ ਪ੍ਰੋਗਰਾਮ ਰਾਹੀਂ ਸਫ਼ਲ ਅਧਿਕਾਰੀ ਅਜਿਹੇ ਸਕੂਲਾਂ ਦੇ ਰਾਹ ਦਸੇਰੇ ਬਣਨਗੇ। ਇਹ ਕਾਰਜ ਸਿਵਲ ਅਧਿਕਾਰੀਆਂ ਲਈ ਪ੍ਰਸ਼ਾਸਕੀ ਫ਼ਰਜ਼ਾਂ ਦੇ ਨਾਲ-ਨਾਲ ਵਿਦਿਆਰਥੀਆਂ ਦੀਆਂ ਜ਼ਿੰਦਗੀਆਂ ਨੂੰ ਰੁਸ਼ਨਾਉਣ ਦਾ ਮੌਕਾ ਹੈ।

ਪ੍ਰੋਗਰਾਮ ਬਾਰੇ ਵਿਸਥਾਰ ਵਿੱਚ ਜਾਣਕਾਰੀ ਸਾਂਝੀ ਕਰਦਿਆਂ ਸਿੱਖਿਆ ਮੰਤਰੀ ਨੇ ਕਿਹਾ ਕਿ ਮਾਰਗਦਰਸ਼ਨ ਕਰਨ ਲਈ ਸੀਨੀਅਰ ਨੌਕਰਸ਼ਾਹ ਸਵੈ-



ਇੱਛਾ ਨਾਲ ਇੱਕ ਸਰਕਾਰੀ ਸਕੂਲ ਦੀ ਚੋਣ ਕਰ ਸਕਦੇ ਹਨ।

ਉਨ੍ਹਾਂ ਕਿਹਾ ਕਿ ਅਧਿਕਾਰੀ ਵਿਦਿਆਰਥੀਆਂ, ਅਧਿਆਪਕਾਂ ਅਤੇ ਪ੍ਰਿੰਸੀਪਲਾਂ ਨਾਲ ਜੁੜਨਗੇ ਤਾਂ ਜੋ ਵਿਦਿਆਰਥੀਆਂ ਨੂੰ ਵੱਡੇ ਸੁਪਨੇ ਦੇਖਣ ਅਤੇ ਮਹੱਤਵਪੂਰਨ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਪ੍ਰੇਰਿਤ ਕੀਤਾ ਜਾ ਸਕੇ। ਇਸ ਨਾਲ ਅਧਿਆਪਕਾਂ ਨੂੰ ਨਵੀਨਤਾਕਾਰੀ ਸਿੱਖਿਆ ਪ੍ਰਣਾਲੀ ਅਪਣਾਉਣ ਵਿੱਚ ਸਹਾਇਤਾ ਮਿਲੇਗੀ ਅਤੇ ਸਕੂਲ ਦੇ ਬੁਨਿਆਦੀ ਢਾਂਚੇ, ਸਰੋਤਾਂ ਅਤੇ ਮੌਕਿਆਂ ਵਿੱਚ ਸੁਧਾਰ ਲਿਆਉਣ ਲਈ ਉਨ੍ਹਾਂ ਦੇ ਤਜ਼ਰਬੇ ਅਤੇ ਨੈੱਟਵਰਕ ਦੀ ਵਰਤੋਂ ਕੀਤੀ ਜਾ ਸਕੇਗੀ।

ਸ. ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਅਧਿਕਾਰੀਆਂ ਨੂੰ ਦੂਰ-ਦੁਰਾਡੇ, ਪੇਂਡੂ ਜਾਂ ਚੁਣੌਤੀਪੂਰਨ ਸਥਿਤੀਆਂ ਵਾਲੇ ਸਕੂਲਾਂ ਨੂੰ ਚੁਣਨ ਲਈ ਉਤਸ਼ਾਹਿਤ ਕੀਤਾ ਜਾਵੇਗਾ ਅਤੇ ਇੱਕ ਵਾਰ ਸਕੂਲ ਚੁਣਨ ਬਾਅਦ ਅਧਿਕਾਰੀ ਘੱਟੋ-ਘੱਟ ਪੰਜ ਸਾਲਾਂ ਲਈ ਮਾਰਗਦਰਸ਼ਨ ਕਰਨਗੇ ਜੋ ਲੰਬੇ ਸਮੇਂ ਲਈ ਆਪਣੀ ਸ਼ਮੂਲੀਅਤ ਅਤੇ ਸਲਾਹ ਦੇਣ ਨੂੰ ਯਕੀਨੀ ਬਣਾਉਣਗੇ। ਉਨ੍ਹਾਂ ਅੱਗੇ ਕਿਹਾ ਕਿ ਇਹ ਅਧਿਕਾਰੀ ਆਪਣੇ ਤਬਾਦਲਿਆਂ ਅਤੇ ਤਾਇਨਾਤੀਆਂ ਦੇ ਬਾਵਜੂਦ ਸਬੰਧਤ ਸਕੂਲਾਂ ਦੇ ਮੈਂਟਰ ਦੀ ਭੂਮਿਕਾ ਨਿਭਾਉਂਦੇ ਰਹਿਣਗੇ।

ਉਨ੍ਹਾਂ ਅੱਗੇ ਦੱਸਿਆ ਕਿ ਸਿਵਲ ਸਰਵਿਸ ਅਫ਼ਸਰ ਆਪਣੇ ਨਾਲ ਵਿਸ਼ਾਲ ਤਜਰਬਾ, ਪ੍ਰਸ਼ਾਸਨ ਚਲਾਉਣ ਦਾ ਅਨੁਭਵ ਅਤੇ ਉੱਤਮਤਾ ਦਾ ਟਰੈਕ ਰਿਕਾਰਡ ਲੈ ਕੇ ਆਉਂਦੇ ਹਨ। ਉਨ੍ਹਾਂ ਦਾ ਅਨੁਭਵ ਵਿਦਿਆਰਥੀਆਂ ਨੂੰ ਆਈ.ਆਈ.ਟੀਜ਼, ਏਮਜ਼, ਐਨ.ਡੀ.ਏ. ਅਤੇ ਯੂ.ਪੀ.ਐਸ.ਸੀ. ਵਰਗੇ ਸੰਸਥਾਨਾਂ ਵੱਲ ਧਿਆਨ ਦੇਣ ਲਈ ਪ੍ਰੇਰਿਤ ਕਰ ਸਕਦਾ ਹੈ, ਜਦੋਂ ਕਿ ਉਨ੍ਹਾਂ ਦੇ ਨੈੱਟਵਰਕ ਸਕੂਲਾਂ ਨੂੰ ਸਰੋਤਾਂ, ਭਾਈਵਾਲੀ ਅਤੇ ਨਵੇਂ ਸਿੱਖਣ ਦੇ ਮੌਕਿਆਂ ਤੱਕ ਪਹੁੰਚ ਕਰਨ ਵਿੱਚ ਮਦਦ ਕਰ ਸਕਦੇ ਹਨ।

ਅਧਿਕਾਰੀਆਂ ਨੂੰ ਸਰਕਾਰੀ ਸਕੂਲਾਂ ਨੂੰ ਚੁਣਨ ਦੀ ਅਪੀਲ ਕਰਦਿਆਂ ਸ. ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਮਾਨਸਾ ਦੇ ਸਕੂਲ, ਫਾਜ਼ਿਲਕਾ ਦੇ ਪਿੰਡ ਜਾਂ ਤਰਨ ਤਾਰਨ ਦੇ ਸਰਹੱਦੀ ਜ਼ਿਲ੍ਹੇ ਦੇ ਹਰ ਬੱਚੇ ਦੇ ਭਵਿੱਖੀ ਸੁਪਨੇ ਹੁੰਦੇ ਹਨ, ਪਰ ਉਹਨਾਂ ਕੋਲ ਅਕਸਰ ਮਾਰਗਦਰਸ਼ਨ ਦੀ ਘਾਟ ਹੁੰਦੀ ਹੈ ਅਤੇ ਸਿਵਲ ਅਫ਼ਸਰਾਂ ਦੀ ਸੇਧ ਉਹਨਾਂ ਨੂੰ ਨਵੀਂ ਦਿਸ਼ਾ ਪ੍ਰਦਾਨ ਕਰ ਸਕਦੀ ਹੈ। ਉਹਨਾਂ ਅੱਗੇ ਕਿਹਾ ਕਿ ਸਿਰਫ਼ ਇੱਕ ਸੈਸ਼ਨ, ਇੱਕ ਸਕਾਲਰਸ਼ਿਪ ਜਾਂ ਇੱਕ ਯੂਨੀਵਰਸਿਟੀ ਦੌਰੇ ਰਾਹੀਂ ਨੌਕਰਸ਼ਾਹ ਕਿਸੇ ਬੱਚੇ ਦੇ ਭਵਿੱਖ ਨੂੰ ਬਦਲ ਸਕਦੇ ਹਨ।

ਉਨ੍ਹਾਂ ਕਿਹਾ ਕਿ ਅਨੁਭਵੀ ਅਧਿਕਾਰੀ ਆਪਣੇ ਸਕੂਲ ਦਾ ਦੌਰਾ ਕਰਨਗੇ ਅਤੇ ਉਨ੍ਹਾਂ ਨਾਲ ਸਹਿਯੋਗ ਕਰਨਗੇ ਅਤੇ ਵਿਦਿਆਰਥੀਆਂ ਦੀ ਕਰੀਅਰ ਕਾਊਂਸਲਿੰਗ, ਐਕਸਪੋਜ਼ਰ ਵਿਜ਼ਿਟ, ਨਵੀਨਤਾਕਾਰੀ ਸਿੱਖਿਆ ਪ੍ਰਣਾਲੀ ਲਈ ਅਧਿਆਪਕਾਂ ਦੀ ਸਿਖਲਾਈ, ਸਕੂਲ ਵਿੱਚ ਮਾਪਿਆਂ ਦੀ ਭਾਗੀਦਾਰੀ ਵਧਾਉਣਾ, ਨਵੀਨਤਾਕਾਰੀ ਵਿਚਾਰਾਂ ਨੂੰ ਉਭਾਰਨਾ ਅਤੇ ਸਕੂਲਾਂ ਦੇ ਸਿੱਖਣ ਦੇ ਵਾਤਾਵਰਣ ਨੂੰ ਹੋਰ ਬਿਹਤਰ ਬਣਾਉਣ ਵਿੱਚ ਸਹਾਇਤਾ ਕਰਨਗੇ। ਉਨ੍ਹਾਂ ਅੱਗੇ ਕਿਹਾ ਕਿ ਇਹ ਪਹੁੰਚ ਨਤੀਜਾ-ਮੁਖੀ ਹੋਵੇਗੀ। ਦੱਸਣਯੋਗ ਹੈ ਕਿ ਅਨੁਭਵੀ ਅਧਿਕਾਰੀਆਂ ਦੇ ਯਤਨਾਂ ਦਾ ਸਨਮਾਨ ਕਰਨ ਲਈ ਰਾਜ-ਪੱਧਰੀ ਸਿੱਖਿਆ ਸਮਾਗਮਾਂ ਵਿੱਚ ਉਹਨਾਂ ਦੇ ਸ਼ਾਨਦਾਰ ਯੋਗਦਾਨਾਂ ਨੂੰ ਮਾਨਤਾ ਦਿੱਤੀ ਜਾਵੇਗੀ। ਇੱਛੁਕ ਅਧਿਕਾਰੀ 20 ਅਪ੍ਰੈਲ, 2025 ਤੱਕ ਗੂਗਲ ਫਾਰਮ (ਲਿੰਕ: https://forms.gle/VDkcHjjVfsomdJzIA) ਭਰ ਕੇ ਕਿਸੇ ਵੀ ਸਕੂਲ ਦੀ ਚੋਣ ਕਰ ਸਕਦੇ ਹਨ।

# ਵਧ ਰਹੇ ਤਾਪਮਾਨ ਨੂੰ ਲੈ ਕੇ ਸਿਹਤ ਵਿਭਾਗ ਵੱਲੋਂ ਲੋਕਾਂ ਨੂੰ ਸੁਨੇਹਾ

**ਮਲੇਰਕੋਟਲਾ, 8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਵੀਰ ਸਿੰਘ ਦੀ ਅਗਵਾਈ ਹੇਠ ਅਪ੍ਰੈਲ ਮਹੀਨੇ ਵਿੱਚ ਤੇਜੀ ਨਾਲ ਵਧ ਰਹੇ ਤਾਪਮਾਨ ਨੂੰ ਲੈ ਕੇ ਜਿਲ੍ਹਾ ਸਿਹਤ ਪ੍ਰਸਾਸ਼ਨ ਵੱਲੋਂ ਸਿਵਲ ਸਰਜਨ ਡਾ. ਸੰਜੇ ਗੋਇਲ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਲੋਕਾਂ ਨੂੰ ਹੀਟ ਵੇਵ ਤੋਂ ਬਚਾਅ ਲਈਂ ਸੁਨੇਹਾ ਦਿੱਤਾ ਗਿਆ ਹੈ,ਇਸ ਮੌਕੇ ਸਿਵਲ ਸਰਜਨ ਡਾ. ਸੰਜੇ ਗੋਇਲ ਨੇ ਕਿਹਾ ਕੇ ਅਨੁਮਾਨ ਹੈ ਕੇ ਤਾਪਮਾਨ ਹੋਰ ਵਧ ਸਕਦਾ ਹੈ ਇਸ ਲਈਂ ਜਿਲ੍ਹੇ ਦੀਆਂ ਸਾਰੀਆਂ ਸਿਹਤ ਸੰਸਥਾਵਾਂ ਨੂੰ ਹੀਟ ਵੇਵ ਤੋਂ ਬਚਾਅ ਲਈਂ ਸਿਹਤ ਕਾਰਜਾਂ ਦੀ ਤਿਆਰੀ ਲਈਂ ਕਿਹਾ ਗਿਆ ਹੈ ਅਤੇ ਅਜਿਹੇ ਕੇਸਾਂ ਨਾਲ ਨਜਿੱਠਣ ਲਈਂ ਸਿਹਤ ਸੰਸਥਾਵਾਂ ਵਿੱਚ ਪ੍ਰਬੰਧ ਕੀਤੇ ਜਾਣਗੇ।

ਉਹਨਾਂ ਲੋਕਾਂ ਨੂੰ ਵੀ ਅਪੀਲ ਕਰਦਿਆਂ ਕਿਹਾ ਕੇ ਲੋਕ ਵਧ ਰਹੇ ਤਾਪਮਾਨ ਦਾ ਖ਼ਿਆਲ ਰੱਖਣ ਅਤੇ ਸਹੀ ਮਾਤਰਾ ਵਿੱਚ ਪਾਣੀ ਪੀਣ, ਉਹਨਾਂ ਕਿਹਾ ਕੇ ਬਾਹਰ ਜਾਣ ਮੌਕੇ ਪਾਣੀ ਨਾਲ ਰੱਖਿਆ ਜਾਵੇ ਅਤੇ ਸਿੱਧੀ ਤੇਜ ਧੁੱਪ ਵਿੱਚ ਨਿੱਕਲਣ ਤੋਂ ਬਚਾਅ ਕੀਤਾ ਜਾਵੇ, ਇਸ ਮੌਕੇ ਉਹਨਾਂ ਜ਼ਿਲ੍ਹੇ ਦੇ ਸਿਹਤ ਕਰਮਚਾਰੀਆਂ ਨੂੰ ਆਦੇਸ਼ ਦਿੱਤੇ ਕੇ ਉਹ ਹੀਟ ਵੇਵ ਵਿੱਚ ਕੀ ਕਰਨਾ ਅਤੇ ਕੀ ਨਹੀਂ ਕਰਨਾ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਦੇ ਲਈਂ ਗਤੀਵਿਧੀਆਂ ਤੇਜ ਕਰ ਦੇਣ ਤਾ ਜੋ ਲੋਕ ਤਾਪਮਾਨ ਦੇ ਵਧਣ ਤੋਂ ਪਹਿਲਾਂ ਹੀ ਜਾਗਰੂਕ ਹੋ ਕੇ ਆਪਣਾ ਬਚਾਅ ਕਰ ਸਕਣ, ਅਤੇ ਜਿਲ੍ਹੇ ਦੇ ਵਿੱਚ ਲੋਕਾਂ ਦਾ ਹੀਟ ਵੇਵ ਦੇ ਮਾਰੂ ਪ੍ਰਭਾਵ ਤੋਂ ਬਚਾਅ ਹੋ ਸਕੇ ਇਸ ਮੌਕੇ ਜਿਲ੍ਹਾ ਐਪੀਡੀਮਾਲੋਜਿਸਟ ਡਾ. ਮੁਨੀਰ ਮੁਹੰਮਦ ਨੇ ਕਿਹਾ ਕੇ ਜ਼ੇਕਰ ਜਿਲ੍ਹੇ ਵਿੱਚ ਹੀਟ ਵੇਵ ਦੇ ਪ੍ਰਭਾਵ ਦਾ ਕੋਈ ਵੀ ਕੇਸ ਸਾਹਮਣੇ ਆਉਂਦਾ ਹੈ ਤਾ ਉਸਦੀ ਸੂਚਨਾ ਆਈ ਐਚ ਆਈ ਪੀ ਪੋਰਟਲ ਰਾਹੀਂ ਜਰੂਰ ਕੀਤੀ ਜਾਵੇ ਅਤੇ ਬਚਾਅ ਲਈਂ ਯੋਗ ਉਪਰਾਲੇ ਕੀਤੇ ਜਾਣ ਇਸ ਮੌਕੇ ਸਹਾਇਕ ਸਿਵਲ ਸਰਜਨ ਡਾ. ਸਜ਼ੀਲਾ ਖਾਨ, ਡੀ. ਐਚ. ਓ ਡਾ. ਪੁਨੀਤ ਸਿੱਧੂ, ਡੀ.ਆਈ. ਓ ਡਾ. ਰਾਜੀਵ ਬੈਂਸ, ਡੀ. ਐਫ. ਪੀ. ਓ ਡਾ. ਰਾਜ ਕੁਮਾਰ, ਮਾਸ ਮੀਡੀਆ ਵਿੰਗ ਤੋਂ ਰਣਵੀਰ ਸਿੰਘ ਢੰਡੇ, ਐਨ. ਵੀ. ਬੀ ਡੀ ਸੀ ਪੀ ਮੀਡੀਆ ਵਿੰਗ ਤੋਂ ਰਾਜੇਸ਼ ਰਿਖੀ, ਮੁਹੰਮਦ ਰਾਸ਼ਿਦ ਅਤੇ ਵਿਕਰਮ ਸਿੰਘ ਵੀ ਹਾਜ਼ਰ ਸਨ।

# ਰੋਪੜ ਪੁਲਿਸ ਰੇਂਜ ਦੇ ਤਿੰਨਾਂ ਜ਼ਿਲ੍ਹਿਆਂ 'ਚ ਨਸ਼ਾ ਤਸਕਰਾਂ ਖ਼ਿਲਾਫ਼ 273 ਮੁਕੱਦਮੇ ਦਰਜ : ਡੀ ਆਈ ਜੀ ਹਰਚਰਨ ਸਿੰਘ ਭੁੱਲਰ

**➢ 438 ਨਸ਼ਾ ਸਮੱਗਲਰਾਂ ਦੀ ਗ੍ਰਿਫ਼ਤਾਰੀ ਕੀਤੀ ਗਈ ➢ 108 ਭਗੌੜੇ ਤੇ 2 ਗੈਂਗਸਟਰ ਕਾਬੂ ਕੀਤੇ ਗਏ ➢ 435 ਪੰਚਾਇਤਾਂ ਨੇ ਨਸ਼ਾ ਤਸਕਰਾਂ ਦੀ ਮੱਦਦ ਨਾ ਕਰਨ ਅਤੇ ਪਿੰਡ 'ਚ ਨਸ਼ੇ ਖ਼ਿਲਾਫ਼ ਮਤੇ ਪਾਏ ➢ ਪਿੰਡਾਂ 'ਚ 1228 ਅਤੇ ਸ਼ਹਿਰਾਂ 'ਚ 168 ਵਿਲੇਜ/ਵਾਰਡ ਡਿਫੈਂਸ ਕਮੇਟੀਆਂ ਗਠਿਤ**

**ਮੁਹਾਲੀ, 8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੇ ਆਦੇਸ਼ਾਂ 'ਤੇ ਪੰਜਾਬ ਪੁਲਿਸ ਵੱਲੋਂ ਡੀ ਜੀ ਪੀ ਸ਼੍ਰੀ ਗੌਰਵ ਯਾਦਵ ਦੀ ਅਗਵਾਈ 'ਚ ਚਲਾਈ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਪੁਲਿਸ ਰੇਂਜ ਰੂਪਨਗਰ ਦੇ ਤਿੰਨਾਂ ਜ਼ਿਲ੍ਹਿਆਂ ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਫ਼ਤਿਹਗੜ੍ਹ ਸਾਹਿਬ ਅਤੇ ਰੋਪੜ 'ਚ ਪੁਲਿਸ ਨੂੰ ਮਿਲੀ ਸਫ਼ਲਤਾ ਬਾਰੇ ਜਾਣਕਾਰੀ ਦਿੰਦਿਆਂ ਡੀ ਆਈ ਜੀ ਰੂਪਨਗਰ ਰੇਂਜ ਹਰਚਰਨ ਸਿੰਘ ਭੁੱਲਰ ਨੇ ਅੱਜ ਦੱਸਿਆ ਕਿ ਤਿੰਨਾਂ ਜ਼ਿਲ੍ਹਿਆਂ ਵਿੱਚ ਨਸ਼ਾ ਤਸਕਰਾਂ ਖ਼ਿਲਾਫ਼ 273 ਮੁਕੱਦਮੇ ਦਰਜ ਕਰਕੇ 438 ਨਸ਼ਾ ਸਮੱਗਲਰਾਂ ਦੀ ਗ੍ਰਿਫ਼ਤਾਰੀ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਮਾਮਲਿਆਂ 'ਚੋਂ 41 'ਚ ਬ੍ਰਾਮਦ ਕੀਤੇ ਗਏ ਨਸ਼ੀਲੇ ਪਦਾਰਥਾਂ ਦੀ ਮਾਤਰਾ ਕਮਰਸ਼ੀਅਲ ਪਾਈ ਗਈ ਹੈ।

ਅੱਜ ਜ਼ਿਲ੍ਹਾ ਪੁਲਿਸ ਐਸ ਏ ਐਸ ਨਗਰ ਦੇ ਕਾਨਫ਼ਰੰਸ ਹਾਲ ਵਿਖੇ ਮੀਡੀਆ ਨਾਲ ਗੱਲਬਾਤ ਦੌਰਾਨ ਉਨ੍ਹਾਂ ਨੇ ਇਨ੍ਹਾਂ ਮੁਕੱਦਮਿਆਂ ਦੌਰਾਨ ਹੋਈ ਬ੍ਰਾਮਦਗੀ ਦਾ ਵੇਰਵਾ ਦਿੰਦਿਆਂ ਦੱਸਿਆ ਕਿ ਮਿਤੀ 01.01.2025 ਤੋਂ 03.04.2025 ਤੱਕ ਕੁੱਲ 77 ਸ਼ੱਕੀ ਥਾਵਾਂ ਤੇ ਕਾਸੋ ਓਪਰੇਸ਼ਨ ਕੀਤੇ ਗਏ ਅਤੇ 858 ਸ਼ੱਕੀ ਵਿਅਕਤੀਆਂ ਦੀ ਚੈਕਿੰਗ ਕੀਤੀ ਗਈ। ਇਨ੍ਹਾਂ ਵਿੱਚ ਕੈਮਿਸਟ ਸ਼ਾਪਸ, ਰੇਲਵੇ ਸਟੇਸ਼ਨਾਂ ਅਤੇ ਬੱਸ ਸਟੈਂਡਾਂ ਅਤੇ ਪੇਇੰਗ ਗੈਸਟ ਹਾਊਸਜ਼ ਸ਼ਾਮਿਲ ਹਨ।

ਉਨ੍ਹਾਂ ਦੱਸਿਆ ਕਿ ਗ੍ਰਿਫ਼ਤਾਰ 438 ਨਸ਼ਾ ਸਮੱਗਲਰਾਂ ਪਾਸੋਂ 35.325 ਕਿਲੋਗ੍ਰਾਮ ਅਫੀਮ, 121.974 ਕਿਲੋਗ੍ਰਾਮ ਭੁੱਕੀ ਚੂਰਾ ਪੋਸਤ, 2.186 ਕਿਲੋਗ੍ਰਾਮ ਨਸ਼ੀਲਾ ਪਾਊਡਰ, 419978 ਨਸ਼ੀਲੀਆਂ ਗੋਲੀਆ/ਕੈਪਸੂਲ, 1.124 ਕਿਲੋਗ੍ਰਾਮ ਹੈਰੋਇਨ, 4.73 ਕਿਲੋਗ੍ਰਾਮ ਗਾਂਜਾ, 197530 ਨਸ਼ੀਲੇ ਟੀਕੇ, 0.032 ਗ੍ਰਾਮ ਸਮੈਕ, 1.290 ਕਿਲੋਗ੍ਰਾਮ ਕੋਕੀਨ, 3.22 ਕਿਲੋਗ੍ਰਾਮ ਚਰਸ, 8,74,820/- ਰੁਪਏ ਡਰੱਗ ਮਨੀ ਬਰਾਮਦ ਕੀਤੀ ਗਈ ਅਤੇ ਨਸ਼ਾ ਤਸਕਰਾਂ ਪਾਸੋਂ 05 ਪਿਸਟਲ/ਗੰਨ, 04 ਮੈਗਜ਼ੀਨਾਂ, ਕਈ ਜਿੰਦਾਂ ਕਾਰਤੂਸ ਅਤੇ 03 ਲਗਜ਼ਰੀ ਗੱਡੀਆਂ ਵੀ ਬਰਾਮਦ ਕਰਨ ਵਿੱਚ ਸਫ਼ਲਤਾ ਹਾਸਲ ਕੀਤੀ ਗਈ ਹੈ। ਇਸ ਦੌਰਾਨ 108 ਭਗੌੜੇ ਅਤੇ 2 ਗੈਂਗਸਟਰ ਵੀ ਕਾਬੂ ਕੀਤੇ ਗਏ।

ਡੀ ਆਈ ਜੀ ਭੁੱਲਰ ਨੇ ਅੱਗੇ ਦੱਸਿਆ ਕਿ ਡੀ.ਜੀ.ਪੀ. ਪੰਜਾਬ ਵੱਲੋਂ ਸ਼ੁਰੂ ਕੀਤੇ ਗਏ ਸੰਪਰਕ ਪ੍ਰੋਗਰਾਮ ਤਹਿਤ ਰੋਪੜ ਰੇਂਜ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ 347 ਪੁਲਿਸ-ਪਬਲਿਕ ਸੰਪਰਕ



ਮੀਟਿੰਗਾਂ ਕੀਤੀਆਂ ਗਈਆਂ ਤਾਂ ਜੋ ਪੁਲਿਸ ਅਤੇ ਪਬਲਿਕ ਵਿੱਚ ਨਸ਼ਿਆਂ ਨੂੰ ਰੋਕਣ ਲਈ ਤਾਲਮੇਲ ਵੱਧ ਸਕੇ। ਇਸ ਤੋਂ ਇਲਾਵਾ ਪਿੰਡਾਂ ਵਿੱਚ ਕੁੱਲ 1228 ਵਿਲੇਜ ਡਿਫ਼ੈਂਸ ਕਮੇਟੀਆਂ ਅਤੇ ਸ਼ਹਿਰਾਂ ਵਿੱਚ 160 ਵਾਰਡ ਡਿਫੈਂਸ ਕਮੇਟੀਆਂ ਬਣਾਈਆਂ ਜਾ ਚੁੱਕੀਆਂ ਹਨ ਜਿਨ੍ਹਾਂ ਨਾਲ ਅਲੱਗ-ਅਲੱਗ ਅਧਿਕਾਰੀਆਂ ਵੱਲੋ ਮੀਟਿੰਗਾਂ ਕੀਤੀਆਂ ਜਾ ਚੁੱਕੀਆਂ ਹਨ। ਮੀਟਿੰਗਾਂ ਦੌਰਾਨ ਮੋਹਤਬਰ ਵਿਆਕਤੀਆਂ ਅਤੇ ਸਾਰੇ ਵਰਗ ਦੇ ਆਮ ਲੋਕਾਂ ਨੂੰ ਪ੍ਰੇਰਿਤ ਜਾ ਰਿਹਾ ਹੈ ਕਿ ਉਹ ਆਪਣੇ ਬੱਚਿਆਂ ਨਸ਼ਿਆਂ ਦੇ ਇਸ ਕੋਹੜ ਤੋ ਦੂਰ ਰਹਿਣ ਲਈ ਜਾਗਰੂਕ ਕਰਨ ਅਤੇ ਉਹਨਾਂ ਦੇ ਗਲੀ ਮੁਹੱਲੇ ਵਿੱਚ ਜੇਕਰ ਕੋਈ ਵਿਅਕਤੀ ਨਸ਼ਾ ਵੇਚਦਾ ਹੈ ਤਾਂ ਉਸਦੀ ਜਾਣਕਾਰੀ ਪੁਲਿਸ ਨੂੰ ਦਿੱਤੀ ਜਾਵੇ, ਸੂਚਨਾ ਦੇਣ ਵਾਲੇ ਵਿਅਕਤੀ ਦੀ ਪਹਿਚਾਣ ਗੁਪਤ ਰੱਖੀ ਜਾਵੇਗੀ। ਉਨ੍ਹਾਂ ਦੱਸਿਆ ਕਿ ਪੰਜਾਬ ਨੂੰ ਡਰੱਗ ਮੁਕਤ ਸੂਬਾ ਬਣਾਉਣ ਲਈ ਇੱਕ ਐਂਟੀ-ਡਰੱਗ ਹੈਲਪਲਾਈਨ ਨੰਬਰ 97791-00200 ਵੀ ਜਾਰੀ ਕੀਤਾ ਗਿਆ ਹੈ। ਇਸ ਤੋਂ ਇਲਾਵਾ ਸਕੂਲਾਂ ਦੇ ਅਧਿਆਪਕਾਂ ਨੂੰ ਵੀ ਪ੍ਰੇਰਿਤ ਕੀਤਾ ਜਾ ਰਿਹਾ ਹੈ ਕਿ ਉਹ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਨਸ਼ਿਆਂ ਤੋਂ ਦੂਰ ਰਹਿਣ ਲਈ ਵੀ ਪ੍ਰੇਰਿਤ ਕਰਨ।

ਉਨ੍ਹਾਂ ਦੱਸਿਆ ਕਿ ਰੋਪੜ ਰੇਂਜ ਅੰਦਰ ਕੁੱਲ 435 ਪੰਚਾਇਤਾਂ ਅਤੇ ਵਾਰਡਾਂ ਵੱਲੋ ਵਿਸ਼ੇਸ਼ ਤੌਰ 'ਤੇ ਮਤੇ ਪਾਸ ਕੀਤੇ ਗਏ ਹਨ ਕਿ ਜੇਕਰ ਕੋਈ ਵਿਅਕਤੀ ਨਸ਼ਾ ਵੇਚਦਾ ਕਾਬੂ ਕੀਤਾ ਜਾਂਦਾ ਹੈ ਤਾਂ ਉਸਦਾ ਸਮਾਜਿਕ ਤੌਰ 'ਤੇ ਪੂਰਨ ਬਾਈਕਾਟ ਕਰਨਣਗੇ ਅਤੇ ਕਿਸੇ ਵੀ ਨਸ਼ਾ ਵੇਚਣ ਵਾਲੇ ਦੀ ਜ਼ਮਾਨਤ ਨਹੀਂ ਦੇਣਗੇ। ਇਸ ਤੋਂ ਇਲਾਵਾ ਨਸ਼ਾ ਤਸਕਰਾਂ ਵਿਰੁੱਧ ਸਖਤ ਤੋਂ ਸਖਤ ਕਾਰਵਾਈ ਕਰਵਾਉਣ ਲਈ ਸੂਬਾ ਸਰਕਾਰ ਦਾ ਪੂਰਨ ਸਹਿਯੋਗ ਦੇਣਗੇ।

ਡੀ ਆਈ ਜੀ ਹਰਚਰਨ ਸਿੰਘ ਭੁੱਲਰ ਨੇ ਕਿਹਾ ਕਿ ਪੰਜਾਬ ਸਰਕਾਰ ਅਤੇ ਪੰਜਾਬ ਪੁਲਿਸ ਵੱਲੋ ਨਸ਼ਿਆਂ ਦੇ ਕਾਰੋਬਾਰ ਦਾ ਪੂਰਨ ਤੌਰ 'ਤੇ ਖਾਤਮੇ ਕਰਨ ਲਈ ਤੱਤਪਰ ਹੈ। ਇਸ ਤਹਿਤ ਨਸ਼ੇ ਦਾ ਕਾਰੋਬਾਰ ਕਰਨ ਵਾਲੇ ਵਿਆਕਤੀਆਂ ਵੱਲੋ ਜੋ ਨਜਾਇਜ਼ ਤੌਰ 'ਤੇ ਇਮਾਰਤਾਂ ਬਣਾਈਆਂ ਜਾ ਉਸਾਰੀਆਂ ਗਈਆਂ ਹਨ, ਜ਼ਾਬਤੇ ਅਨੁਸਾਰ ਸਬਧੰਤ ਅਥਾਰਟੀ ਤੋਂ ਹੁਕਮ ਹਾਸਲ ਕਰਕੇ ਹੁਣ ਤੱਕ ਕੁੱਲ 09 ਪ੍ਰਾਪਰਟੀਆਂ ਨੂੰ ਢਾਹਿਆ ਜਾ ਚੁੱਕਾ ਹੈ ਅਤੇ ਐਨ ਡੀ ਪੀ ਐਸ ਦੀ ਧਾਰਾ 68/ਐਫ ਤਹਿਤ ਪ੍ਰਾਪਰਟੀਆਂ ਨੂੰ ਫ੍ਰੀਜ਼ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਸੂਬਾ ਸਰਕਾਰ ਵੱਲੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਤਿੰਨ-ਨੁਕਾਤੀ ਰਣਨੀਤੀ; ਇੰਨਫੋਰਸਮੈਂਟ, ਡੀ-ਅਡਿਕਸ਼ਨ ਅਤੇ ਪ੍ਰੀਵੈਨਸ਼ਨ (ਈ.ਡੀ.ਪੀ) ਲਾਗੂ ਕੀਤੀ ਜਾ ਰਹੀ ਹੈ ਜਿਸ ਦੇ ਤਹਿਤ ਪੰਜਾਬ ਪੁਲਿਸ ਵੱਲੋਂ ਨਸ਼ੇ ਛੁਡਾਉਣ, ਮੁੜ ਵਸੇਬੇ ਅਤੇ ਇਨ੍ਹਾਂ ਦੇ ਪੁਨਰਵਾਸ ਲਈ ਨਸ਼ੇ ਦੇ 39 ਆਦੀਆਂ ਨੂੰ ਪ੍ਰੇਰਿਤ ਕਰਕੇ ਉਨ੍ਹਾਂ ਨੂੰ ਡੀ-ਅਡਿਕਸ਼ਨ ਸੈਂਟਰਾਂ ਵਿੱਚ ਭੇਜਿਆ ਜਾ ਚੁੱਕਾ ਹੈ ਅਤੇ ਹੋਰ ਵੀ ਨਸ਼ੇ ਦੇ ਆਦੀ ਵਿਅਕਤੀਆਂ ਨੂੰ ਇਸ ਲਈ ਰਾਜ਼ੀ ਕਰਨ ਦੇ ਨਿਰੰਤਰ ਉਪਰਾਲੇ ਕੀਤੇ ਜਾ ਰਹੇ ਹਨ। ਇਸ ਤੋਂ ਇਲਾਵਾ ਸੰਗੀਨ ਜੁਰਮ ਜਿਵੇਂ ਕਿ ਕਤਲ, ਇਰਾਦਾ ਕਤਲ, ਪੋਸਕੋ ਐਕਟ, ਅਗਵਾ, ਡਕੈਤੀ, ਜਬਰ-ਜਨਾਹ ਅਤੇ ਲੁੱਟ-ਖੋਹ ਆਦਿ ਦੇ ਕੁੱਲ 154 ਮੁਕੱਦਮੇ ਟਰੇਸ ਕਰਕੇ ਕੁੱਲ 223 ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ। ਮਾਲ ਵਿਰੁੱਧ ਅਪਰਾਧ ਦੇ ਮੁਕੱਦਮਿਆਂ ਵਿੱਚ ਟੈਕਨੀਕਲ ਸਾਧਨਾਂ ਦੀ ਵਰਤੋਂ ਕਰਦੇ ਹਏਂ ਥੋੜ੍ਹੇ ਹੀ ਸਮੇਂ ਵਿੱਚ 79,84,000/- ਰੁਪਏ ਦੀ ਕੇਸ ਪ੍ਰਾਪਰਟੀ ਬਰਾਮਦ ਕਰਨ ਵਿੱਚ ਸਫਲਤਾ ਹਾਸਲ ਕੀਤੀ ਗਈ ਹੈ। ਰੋਪੜ ਰੇਂਜ ਵਿੱਚ ਵੱਖ-ਵੱਖ ਕੇਸਾਂ ਦੇ ਕੁੱਲ 2062 ਮੁਕਦਮੇਂ ਅਦਾਲਤ ਵਿੱਚ ਭੇਜੇ ਜਾ ਚੁੱਕੇ ਹਨ ਜਿਨ੍ਹਾਂ ਵਿੱਚੋਂ 265 ਵਿੱਚ ਸਜ਼ਾ ਸੁਣਾਈ ਜਾ ਚੁੱਕੀ ਹੈ। ਇਸ ਤੋਂ ਇਲਾਵਾ 3148 ਸ਼ਿਕਾਇਤਾਂ ਦਾ ਸਮੇਂ ਸਿਰ ਨਿਪਟਾਰਾ ਕੀਤਾ ਜਾ ਚੁੱਕਾ ਹੈ। ਉਨ੍ਹਾਂ ਦੱਸਿਆ ਕਿ ਟ੍ਰੈਫਿਕ ਪੁਲਿਸ ਵੱਲੋਂ ਟ੍ਰੈਫਿਕ ਸਮੱਸਿਆ ਦਾ ਹੱਲ ਕਰਨ ਲਈ ਅਤੇ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਵਾਉਣ ਹਿੱਤ ਦਿਨ ਵਿੱਚ ਕੁੱਲ 64976, ਰਾਤ ਵਿੱਚ ਕੁੱਲ 12338 ਵਾਹਨਾਂ ਦੇ ਚਲਾਨ ਕੀਤੇ ਗਏ ਹਨ। ਇਸ ਤੋਂ ਇਲਾਵਾ ਜ਼ਿਲ੍ਹਾ ਐਸ.ਏ.ਐਸ.ਨਗਰ ਵਿਖੇ ਈ-ਚਲਾਨ ਪਾਲਿਸੀ ਦੀ ਸ਼ੁਰੂਆਤ ਕੀਤੀ ਗਈ ਹੈ ਜਿਸ ਤਹਿਤ ਕੁੱਲ 57839 ਈ-ਚਲਾਨ ਵੀ ਕੀਤੇ ਗਏ ਹਨ।

ਡੀ ਆਈ ਜੀ ਭੁੱਲਰ ਨੇ ਵਚਨਬੱਧਤਾ ਪ੍ਰਗਟਾਈ ਕਿ ਤਿੰਨਾਂ ਪੁਲਿਸ ਜ਼ਿਲ੍ਹਿਆ ਵਿੱਚ ਨਸ਼ਿਆਂ ਖ਼ਿਲਾਫ਼ ਪੰਜਾਬ ਸਰਕਾਰ ਦੀ ਜ਼ੀਰੋ ਸਹਿਣਸ਼ੀਲਤਾ ਨੀਤੀ ਨੂੰ ਪੂਰੀ ਸਖ਼ਤੀ ਨਾਲ ਲਾਗੂ ਕੀਤਾ ਜਾ ਰਿਹਾ ਹੈ।

# ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫਾਰ ਵਿਮੈਨ ਝਾੜ ਸਾਹਿਬ ਵਿਖੇ ਕਨਵੋਕੇਸ਼ਨ ਸਮਾਗਮ ਅੱਜ

**ਮਾਛੀਵਾੜਾ ਸਾਹਿਬ, 8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਅਧੀਨ ਸਿੱਖਿਆ ਤੇ ਖੇਤਰ ਵਿੱਚ ਮੱਲਾਂ ਮਾਰ ਰਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਵਿੱਦਿਅਕ ਸੰਸਥਾ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫਾਰ ਵਿਮੈਨ ਝਾੜ ਸਾਹਿਬ ਵਿਖੇ ਅੱਜ ਕਨਵੋਕੇਸ਼ਨ ਸਮਾਗਮ ਕਰਵਾਇਆ ਜਾ ਰਿਹਾ।ਜਿਸ ਵਿੱਚ ਵੱਖ-ਵੱਖ ਵਿਸ਼ਿਆਂ ਵਿੱਚ ਡਿਗਰੀ ਪ੍ਰਾਪਤ ਹੋਣਹਾਰ ਵਿਦਿਆਰਥਣਾਂ ਨੂੰ ਡਿਗਰੀਆਂ ਤਕਸੀਮ ਕੀਤੀਆਂ ਜਾਣਗੀਆਂ।

ਇਸ ਸਮਾਗਮ ਵਿੱਚ ਪ੍ਰਧਾਨਗੀ ਭਾਸ਼ਣ ਡਾਕਟਰ ਇੰਦਰਪਾਲ ਸਿੰਘ ਸਿੱਧੂ ਸੈਨੇਟਰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਕਰਨਗੇ ਜਦਕਿ ਮੁੱਖ ਮਹਿਮਾਨ ਵਜੋਂ ਸੁਖਵਿੰਦਰ ਸਿੰਘ (ਸਕੱਤਰ ਵਿਦਿਆ )ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ਼੍ਰੀ ਅੰਮ੍ਰਿਤਸਰ ਸਾਹਿਬ ਸ਼ਿਰਕਤ ਕਰਨਗੇ।

ਕਾਲਜ ਪ੍ਰਿੰਸੀਪਲ ਡਾਕਟਰ ਰਜਿੰਦਰ ਕੌਰ ਅਤੇ ਸਮੂਹ ਸਟਾਫ ਵੱਲੋਂ ਇਸ ਕਨਵੋਕੇਸ਼ਨ ਸਮਾਗਮ ਦੀਆਂ ਤਿਆਰੀਆਂ ਪੂਰੀਆਂ ਕਰ ਲਈਆਂ ਗਈਆਂ ਹਨ।

# ਡਰਗਜ ਕੰਟਰੋਲ ਅਫਸਰ ਬਰਨਾਲਾ ਪ੍ਰਨੀਤ ਕੌਰ ਨੇ ਮੈਡੀਕਲ ਸਟੋਰਾਂ ਦੀ ਚੈਕਿੰਗ ਕੀਤੀ



**ਬਰਨਾਲਾ, 8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਯੁੱਧ ਨਸ਼ਿਆ ਵਿਰੁੱਧ ਮੁਹਿੰਮ ਤਹਿਤ ਕੈਬਿਨਟ ਮੰਤਰੀ ਤਰੁਣਪ੍ਰੀਤ ਸਿੰਘ ਸੋਧ ਦੇ ਦੱਸੇ ਦਿਸ਼ਾ ਨਿਰਦੇਸ਼ਾਂ ਨੂੰ ਜਾਣੂ ਕਰਵਾਉਣ ਲਈ ਅਤੇ ਪੰਜਾਬ ਦੇ ਨੌਜਵਾਨਾਂ ਨੂੰ ਨਸ਼ੇ ਦੀ ਲਤ ਤੋਂ ਬਚਾਉਣ ਲਈ ਜ਼ਿਲ੍ਹਾ ਬਰਨਾਲਾ ਦੇ ਕੈਮਿਸਟ ਐਸੋਸ਼ੀਏਸ਼ਨ ਦੀਆਂ ਯੂਨਿਟਾਂ ਦੇ ਪ੍ਰਧਾਨ ਅਤੇ ਸੈਕਟਰੀ ਨਾਲ ਮੀਟਿੰਗ ਕੀਤੀ ਗਈ ਅਤੇ ਓਹਨਾਂ ਨੂੰ ਡਰੱਗਜ ਅਤੇ ਕਾਸਮੈਟਿਕ ਐਕਟ ਦੀ ਧਾਰਾਵਾਂ ਦੀ ਪਾਲਣਾ ਕਰਨ ਲਈ ਕਿਹਾ ਗਿਆ।

ਇਸ ਸਬੰਧੀ ਡਰਗਜ ਕੰਟਰੋਲ ਅਫਸਰ ਬਰਨਾਲਾ ਪ੍ਰਨੀਤ ਕੌਰ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਬਰਨਾਲਾ ਸ੍ਰੀ ਟੀ. ਬੈਨਿਥ ਦੇ ਹੁਕਮਾਂ ਅਨੁਸਾਰ ਹਰ ਇੱਕ ਮੈਡੀਕਲ ਸਟੋਰ ਦੇ ਅੰਦਰ ਅਤੇ ਬਾਹਰ ਕੈਮਰੇ ਲਗਵਾਉਣੇ ਜ਼ਰੂਰੀ ਹਨ ਅਤੇ ਇਹਨਾਂ ਆਦੇਸ਼ਾ ਦੀ ਪਾਲਣਾ ਸਖਤੀ ਨਾਲ ਕੀਤੀ ਜਾਵੇ। ਡਿਪਟੀ ਕਮਿਸ਼ਨਰ ਦੇ ਆਦੇਸਾਂ 'ਤੇ ਜ਼ਿਲ੍ਹਾ ਬਰਨਾਲਾ ਅੰਦਰ ਪ੍ਰੀਗਾਬਾਲੀਨ 300ਐਮ. ਜੀ (ਸੀਗਨੇਚਰ ਕੈਪਸੂਲ) ਦੀ ਸੇਲ 'ਤੇ ਪੂਰੀ ਤਰ੍ਹਾਂ ਪਾਬੰਦੀ ਹੈ ਅਤੇ ਜੇਕਰ ਕੋਈ ਦੁਕਾਨਦਾਰ ਇਹ ਦਵਾਈ ਰੱਖਦਾ ਜਾਂ ਵੇਚਦਾ ਹੈ ਤਾਂ ਉਸ ਦੇ ਲਾਇਸੈਂਸ ਤੁਰੰਤ ਰੱਦ ਕਰ ਦਿੱਤੇ ਜਾਣਗੇ ਅਤੇ ਕਾਨੂੰਨੀ ਕਾਰਵਾਈ ਵੀ ਕੀਤੀ ਜਾਵੇਗੀ। ਇਸੇ ਲੜੀ ਤਹਿਤ ਮੈਸ. ਰਵੀ ਮੈਡੀਕੋਜ, ਪਿੰਡ ਧੌਲਾ ਜਿਲ੍ਹਾ ਬਰਨਾਲਾ ਅਤੇ ਅਲਜਾਨ ਫਾਰਮਾਸਿਊਟਿਕਲ, ਬਰਨਾਲਾ ਦੇ ਲਾਇਸੈਂਸ ਸਰਕਾਰ ਵੱਲੋਂ ਪਹਿਲਾਂ ਹੀ ਰੱਦ ਕਰ ਦਿੱਤੇ ਗਏ ਹਨ।

ਡਰਗਜ ਕੰਟਰੋਲ ਅਫਸਰ ਬਰਨਾਲਾ ਨੇ ਦੱਸਿਆ ਕਿ ਪਿੰਡ ਖੁੱਡੀ ਕਲਾਂ, ਚੀਮਾਂ, ਜੋਧਪੁਰ ਸਥਿਤ ਮੈਡੀਕਲ ਸਟੋਰਾਂ ਦੀ ਚੈਕਿੰਗ ਕੀਤੀ ਗਈ।

ਇਸ ਦੌਰਾਨ ਮੰਨਤ ਮੈਡੀਕੋਜ ਗੁਰਦਵਾਰਾ ਰੋਡ ਪਿੰਡ ਜੋਧਪੁਰ ਅਤੇ ਗਰਗ ਮੈਡੀਕਲ ਹਾਲ ਪਿੰਡ ਚੀਮਾਂ ਦੇ ਫਾਰਮਾਸਿਸਟ ਗੈਰ-ਹਾਜ਼ਰ ਪਾਏ ਗਏ। ਚੈਕਿੰਗ ਦੌਰਾਨ ਕੋਈ ਨਸ਼ੀਲੀ ਦਵਾਈ ਪ੍ਰਾਪਤ ਨਹੀ ਹੋਈ ਪ੍ਰੰਤੂ ਡਰਗਜ ਅਤੇ ਕਾਸਮੈਟਿਕ ਐਕਟ,1940 ਦੀਆਂ ਧਾਰਾਵਾਂ ਦੀ ਉਲਘੰਣਾ ਪਾਈ ਗਈ। ਇਸ ਸੰਬੰਧੀ ਉੱਚ ਅਧਿਕਾਰੀਆਂ ਨੂੰ ਅਗਲੀ ਕਾਰਵਾਈ ਲਈ ਸੂਚਿਤ ਕੀਤਾ ਗਿਆ ਹੈ ਅਤੇ ਉਹਨਾਂ 'ਤੇ ਡਰੰਗਜ ਅਤੇ ਕਾਸਮੈਟਿਕ ਐਕਟ ਤਹਿਤ ਕਾਰਵਾਈ ਕੀਤੀ ਜਾਵੇਗੀ

ਉਹਨਾਂ ਪੰਜਾਬ ਸਰਕਾਰ ਦੇ ਉਪਰਾਲੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਤਾੜਨਾ ਕੀਤੀ ਕਿ ਅਗਰ ਕੋਈ ਦੁਕਾਨਦਾਰ ਨਸ਼ੀਲੀ ਗੋਲੀਆਂ, ਕੈਪਸੂਲ ਵੇਚਦਾ ਹੈ ਤਾਂ ਉਸ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ। ਜੇਕਰ ਕੋਈ ਦੁਕਾਨਦਾਰ ਇਹਨਾਂ ਨਸ਼ੀਲੀਆਂ ਦਵਾਈਆਂ ਦੇ ਕਾਰੋਬਾਰ ਕਰਦਾ ਹੈ ਤਾਂ ਉਸ ਨੂੰ ਵੀ ਬਖਿਸ਼ਆ ਨਹੀਂ ਜਾਵੇਗਾ ਅਤੇ ਉਸ ਦਾ ਲਾਇਸੈਂਸ ਰੱਦ ਕਰਵਾਇਆ ਜਾਵੇਗਾ।

ਉਹਨਾਂ ਦੱਸਿਆ ਕਿ ਜੋਨਲ ਲਾਇਸੈਂਸਿੰਗ ਅਥਾਰਟੀ, ਸੰਗਰੂਰ ਜੋਨ ਵੱਲੋਂ ਦਿਸ਼ਾ ਨਿਰਦੇਸ਼ ਜਾਰੀ ਕੀਤੇ ਗਏ ਹਨ ਕਿ ਬਿਨ੍ਹਾਂ ਡਾਕਟਰੀ ਪਰਚੀ ਤੋਂ ਦਵਾਈਆਂ ਨਾ ਵੇਚੀਆਂ ਜਾਣ। ਮੈਡੀਕਲ ਸਟੋਰਾਂ 'ਤੇ ਫਾਰਮਾਸਿਸਟ ਦੀ ਮੌਜੂਦਗੀ ਲਾਜ਼ਮੀ ਬਣਾਈ ਜਾਵੇ। ਡਰਗਜ ਅਤੇ ਕਾਸਮੈਟਿਕ ਐਕਟ, 1940 ਦੀਆਂ ਧਾਰਾਵਾਂ ਦੀ ਪਾਲਣਾ ਕਰੀ ਜਾਵੇ।

# ਪੰਜਾਬ ਸਿਰ.ਫ ਇੱਕ ਭੂਗੋਲਕ ਹਿੱਸਾ ਨਹੀਂ, ਬਲਕਿ ਇੱਕ ਸੋਚ, ਇੱਕ ਸੰਸਕ੍ਰਿਤਿਕ ਅਹਿਸਾਸ ਅਤੇ ਇੱਕਜੁੱਟਤਾ ਦਾ ਰਿਸ਼ਤਾ: ਕੁਲਤਾਰ ਸਿੰਘ ਸੰਧਵਾ

**ਮਲੇਰਕੋਟਲਾ, 8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾ ਨੇ ਮਾਲੇਰਕੋਟਲਾ ਵਿਖੇ ਆਯੋਜਤ ÷ਸ਼ਾਮ-ਏ-ਈਦ÷ ਸਮਾਗਮ ਵਿੱਚ ਸ਼ਿਰਕਤ ਕੀਤੀ। ਉਨ੍ਹਾਂ ਨੇ ਇਸ ਮੌਕੇ 'ਤੇ ਅਵਾਮ ਨੂੰ ਈਦ ਦੀ ਮੁਬਾਰਕਬਾਦ ਦਿੱਤੀ ਅਤੇ ਸਮੂਹ ਪੰਜਾਬ ਵਾਸੀਆਂ ਲਈ ਸਾਂਝ,ਪਿਆਰ ਅਤੇ ਭਾਈਚਾਰੇ ਦੇ ਸੰਦੇਸ਼ ਨੂੰ ਵਧਾਉਣ ਦੀ ਅਪੀਲ ਕੀਤੀ।

ਵਿਧਾਇਕ ਮਾਲੇਰਕੋਟਲਾ ਡਾ ਜਮੀਲ ਉਰ ਰਹਿਮਾਨ ਅਤੇ ਵਿਧਾਇਕ ਅਮਰਗੜ੍ਹ ਪ੍ਰੋ.ਜਸਵੰਤ ਸਿੰਘ ਗੱਜਣਮਾਜਰਾ, ਵਿਧਾਇਕ ਨਾਭਾ ਗੁਰਦੇਵ ਸਿੰਘ ਮਾਨ,ਵਧੀਕ ਮਹਿਲਕਲ੍ਹਾ ਕੁਲਵੰਤ ਸਿੰਘ, ਪੰਜਾਬੀ ਅਦਾਕਾਰ ਹੋਬੀ ਧਾਲੀਵਾਲ, ਜ਼ਿਲ੍ਹਾ ਪੁਲਿਸ ਮੁਖੀ ਗਗਨ ਅਜੀਤ ਸਿੰਘ , ਇਤਿਹਾਸਕਾਰ ਸਿਮਰਜੀਤ ਸਿੰਘ ਸਮੇਤ ਵੱਡੀ ਗਿਣਤੀ 'ਚ ਸ਼ਖ਼ਸੀਅਤਾਂ ਤੇ ਮਾਲੇਰਕੋਟਲਾ ਨਿਵਾਸੀਆਂ ਨੇ ਸੂਫ਼ੀ ਗਾਇਕੀ ਦੀ ਇਸ ਖ਼ੂਬਸੂਰਤ ਸ਼ਾਮ ਦਾ ਆਨੰਦ ਮਾਣਿਆ । ਲਵਜੀਤ ਅਤੇ



ਮੰਗਲਮੰਗੀ ਨੇ ਸੱਭਿਆਚਾਰਕ ਤੇ ਸੂਫ਼ੀ ਗੀਤਾਂ ਸਮੇਤ ਦਰਸ਼ਕਾਂ ਦੀ ਮੰਗ ਮੁਤਾਬਕ ਆਪਣੇ ਚਰਚਿਤ ਗੀਤ ਗਾ ਕੇ ਖ਼ੂਬ ਰੰਗ ਬੰਨ੍ਹਿਆ ਅਤੇ ਸਮਾਗਮ ਵਿੱਚ ਪੁੱਜੇ ਦਰਸ਼ਕਾਂ ਨੂੰ ਝੂਮਣ ਲਾ ਦਿੱਤਾ । ਇਸ ਮੌਕੇ ਅਕਾਲ ਸਹਾਇ ਅਜੈਬਘਰ ਲੁਧਿਆਣਾ ਵਲੋਂ ਸਿੱਖ ਇਤਿਹਾਸ ਨਾਲ ਸਬੰਧਤ ਪ੍ਰਦਰਸਨੀ ਦਾ ਸਪੀਕਰ ਕੁਲਤਾਰ ਸਿੰਘ ਸੰਧਵਾ ਨੇ ਭਰਪੂਰ ਆਨੰਦ ਮਾਣਿਆ।

ਸਪੀਕਰ ਸੰਧਵਾ ਨੇ ਆਖਿਆ ਕਿ ਮਾਲੇਰਕੋਟਲਾ ਸਦਾ ਹੀ ਸਾਂਝੀ ਵਿਰਾਸਤ, ਭਾਈਚਾਰੇ ਅਤੇ ਸ਼ਾਂਤੀ ਦੀ ਧਰਤੀ ਰਿਹਾ ਹੈ। ਇੱਥੇ ਦੇ ਲੋਕ ਅਮੀਰ ਰਵਾਇਤਾਂ ਅਤੇ ਮਾਣਯੋਗ ਇਤਿਹਾਸ ਨਾਲ ਜੁੜੇ ਹੋਏ ਹਨ। ਉਨ੍ਹਾਂ ਕਿਹਾ ਕਿ ÷ਸ਼ਾਮ-ਏ-ਈਦ÷ ਵਰਗੇ ਸਮਾਗਮ ਸਾਨੂੰ ਇੱਕ-ਦੂਜੇ ਨਾਲ ਪਿਆਰ ਅਤੇ ਇੱਕਜੁੱਟਤਾ ਨਾਲ ਜੀਣ ਦੀ ਪ੍ਰੇਰਣਾ ਦਿੰਦੇ ਹਨ।

ਸਪੀਕਰ ਸੰਧਵਾ ਨੇ ਸੰਬੋਧਨ ਕਰਦਿਆਂ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ÷ ਨਸ਼ਿਆਂ ਅਤੇ ਭ੍ਰਿਸ਼ਟਾਚਾਰ ਵਿਰੁੱਧ ÷ ਮੁਹਿੰਮ ਨੂੰ ਰੰਗਲਾ ਪੰਜਾਬ ਵੱਲ ਇਕ ਮਹੱਤਵਪੂਰਨ ਕਦਮ ਕਰਾਰ ਦਿੰਦਿਆ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪ੍ਰਸ਼ਾਸਨ ਨੂੰ ਪਾਰਦਰਸ਼ੀ ਅਤੇ ਭ੍ਰਿਸ਼ਟਾਚਾਰ-ਮੁਕਤ ਬਣਾਉਣ ਲਈ ਸੰਕਲਪਬੱਧ ਯਤਨ ਕੀਤੇ ਜਾ ਰਹੇ ਹਨ ਤਾਂ ਜੋ ਅਵਾਮ ਨੂੰ ਸਾਫ ਸੁਥਰੀ ਪ੍ਰਸ਼ਾਸ਼ਨਿਕ ਸੁਵਿਧਾਵਾਂ ਮਿਲ ਸਕਣ । ਉਨ੍ਹਾਂ ਪੰਜਾਬ ਸਰਕਾਰ ਵਲੋਂ ਪੰਜਾਬ ਦੀ ਜਵਾਨੀ ਨੂੰ ਬਚਾਉਣ ਲਈ ਆਰੰਭੀ ਨਸ਼ਿਆਂ ਵਿਰੁੱਧ ਮੁਹਿੰਮ ਦੀ ਕਾਮਯਾਬੀ ਲਈ ਸੂਬੇ ਦੇ ਲੋਕਾਂ ਨੂੰ ਸਰਕਾਰ ਦਾ ਸਾਥ ਦੇਣ ਲਈ ਪ੍ਰੇਰਿਤ ਕੀਤਾ ।

ਸਪੀਕਰ ਸੰਧਵਾ ਨੇ ਕਿਹਾ ਕਿ ਸੂਫ਼ੀ ਸੰਗੀਤ ਪੰਜਾਬ ਦੀ ਸੰਸਕ੍ਰਿਤਿਕ ਪਛਾਣ ਹੈ ਅਤੇ ਇਹ ਪਿਆਰ, ਸ਼ਾਂਤੀ ਅਤੇ ਰੂਹਾਨੀਅਤ ਦਾ ਪੈਗਾਮ ਦਿੰਦਾ ਹੈ। ਉਨ੍ਹਾਂ ਕਿਹਾ ਕਿ ਅੱਜ ਦੀ ਨਵੀਂ ਪੀੜ੍ਹੀ ਨੂੰ ਸੂਫ਼ੀ ਕਲਾਮ, ਗਜ਼ਲ, ਕਵਿਤਾਵਾਂ ਅਤੇ ਪੰਜਾਬ ਦੀ ਧਾਰਮਿਕ ਸੰਗੀਤਕ ਵਿਰਾਸਤ ਨਾਲ ਜੋੜਨਾ ਅਹਿਮ ਹੈ ਤਾਂ ਜੋ ਉਹ ਆਪਣੇ ਧਰਮਿਕ ਅਤੇ ਸੰਸਕ੍ਰਿਤਿਕ ਮੁੱਲ ਨੂੰ ਸਮਝ ਸਕਣ। ਉਨ੍ਹਾਂ ਸੂਫ਼ੀ ਸੰਗੀਤ – ਨਵੀਂ ਪੀੜ੍ਹੀ ਨੂੰ ਅਮੀਰ ਵਿਰਾਸਤ ਨਾਲ ਜੋੜਨ ਵਾਲੀ ਅਹਿਮ ਕੜੀ ਦੱਸਿਆ।

ਸਪੀਕਰ ਨੇ ਅੱਗੇ ਕਿਹਾ ਕਿ ਪੰਜਾਬੀ ਨੌਜਵਾਨਾਂ ਨੂੰ ਆਪਣੀ ਅਸਲ ਵਿਰਾਸਤ ਵੱਲ ਵਧਾਉਣ ਲਈ ਸਰਕਾਰੀ ਪੱਧਰ 'ਤੇ ਵੀ ਸਾਹਿਤ, ਕਲਾ, ਅਤੇ ਸੰਗੀਤ ਨੂੰ ਵਧਾਵਾ ਦਿੱਤਾ ਜਾਵੇਗਾ। ਸੂਫ਼ੀ ਰਚਨਾਵਾਂ ਅਤੇ ਪੁਰਾਤਨ ਕਲਾਵਾਂ ਨੂੰ ਪ੍ਰਚਾਰਤ ਕਰਕੇ ਇਹ ਸਾਂਝੀ ਵਿਰਾਸਤ ਨਵੀਆਂ ਪੀੜ੍ਹੀਆਂ ਤੱਕ ਪਹੁੰਚਾਈ ਜਾਵੇਗੀ।

ਸਪੀਕਰ ਕੁਲਤਾਰ ਸਿੰਘ ਸੰਧਵਾ ਨੇ ਇਕਜੁੱਟਤਾ, ਭਾਈਚਾਰੇ ਅਤੇ ਅਮੀਰ ਪੰਜਾਬੀ ਵਿਰਾਸਤ ਨੂੰ ਸੰਭਾਲਣ ਦੀ ਅਪੀਲ ਕੀਤੀ। ਉਨ੍ਹਾਂ ਨੇ ਕਿਹਾ ਕਿ ÷ਪੰਜਾਬ ਸਿਰਫ਼ ਇੱਕ ਭੂਗੋਲਕ ਹਿੱਸਾ ਨਹੀਂ, ਬਲਕਿ ਇੱਕ ਸੋਚ, ਇੱਕ ਸੰਸਕ੍ਰਿਤਿਕ ਅਹਿਸਾਸ ਅਤੇ ਇੱਕਜੁੱਟਤਾ ਦਾ ਰਿਸ਼ਤਾ ਹੈ। ਉਨ੍ਹਾਂ ਨੇ ਪ੍ਰਬੰਧਕਾ ਦੇ ਇਸ ਸਮਾਗਮ ਨੂੰ ਆਯੋਜਿਤ ਕਰਨ ਲਈ ਵਿਸ਼ੇਸ਼ ਤੌਰ 'ਤੇ ਸਲਾਘਾ ਕੀਤੀ ਅਤੇ ਆਉਣ ਵਾਲੇ ਸਮਿਆਂ ਵਿੱਚ ਇਸ ਤਰ੍ਹਾਂ ਦੇ ਆਯੋਜਨ ਜਾਰੀ ਰੱਖਣ ਦੀ ਵੀ ਅਪੀਲ ਕੀਤੀ । ਇਸ ਮੌਕੇ ਪੰਜਾਬੀ ਅਦਾਕਾਰ ਹੋਬੀ ਥਾਲੀਵਾਲ ਦੀ ਧਰਮ ਪਤਨੀ ਦੇ ਜਨਮ ਦਿਨ ਦਾ ਕੇਕ ਵੀ ਕੱਟੀਆਂ ਗਿਆ । ਇਸ ਮੌਕੇ ਐਸ.ਪੀ. ਸਵਰਨਜੀਤ ਕੌਰ,ਚੇਅਰਮੈਨ ਮਾਰਕਿਟ ਕਮੇਟੀ ਮਾਲੇਰਕੋਟਲਾ ਜਾਫ਼ਰ ਅਲੀ, ਗੁਰਮੁੱਖ ਸਿੰਘ, ਮੁਹੰਮਦ ਨਾਸਰ,ਮੁਹੰਮਦ ਹਲੀਮ,ਐਮ.ਡੀ ਸਿਟੀ ਸੈਂਟਰ ਮਾਲੇਰਕੋਟਲਾ ਸਿਮਰਨਜੀਤ ਸਿੰਘ, ਗੁਰਸਿਮਰਨ ਸਿੰਘ, ਸਿਮਰਦੀਪ ਸਿੰਘ ਮਾਨ,ਜਗਦੀਪ ਸਿੰਘ,ਡਾ ਉਨਕਾਰ ਸਿੰਘ ਤੋਂ ਇਲਾਵਾ ਹੋਰ ਪਤਵੰਤੇ ਹਾਜ਼ਰ ਸਨ।

# ਸ਼ੰਕਰਦਾਸ ਸਰਕਾਰੀ ਸਕੂਲ ਦੇ ਲੜਕਿਆਂ ਨੇ ਵਜ਼ੀਫਾ ਪ੍ਰੀਖਿਆ ਵਿੱਚ ਮਾਰੀਆਂ ਮੱਲਾਂ



**ਮਾਛੀਵਾੜਾ ਸਾਹਿਬ, 8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਇਲਾਕ ? ਦਾ ਨਾਮਵਰ ਅਤੇ ਕੱਦਾਵਰ ਵਿੱਦਿਅਕ ਅਦਾਰਾ ਐੱਸ. ਐੱਸ. ਡੀ. ਸਰਕਾਰੀ ਸੀਨੀਅਰ ਸਕੂਲ ਆਪਣੀਆਂ ਪ੍ਰਾਪਤੀਆਂ ਸਦਕਾ ਨਿਰੰਤਰ ਪ੍ਰਗਤੀ ਪੰਧ ਤੇ ਅੱਗੇ ਵਧਦਾ ਜਾ ਰਿਹਾ। ਉੱਤਮ ਸਕੂਲ ਪੁਰਸਕਾਰ ਵਿਜੇਤਾ ਇਸ ਸਕੂਲ ਦੇ ਸਾਲ 2024-25 ਦੇ ਅੱਠਵੀਂ ਸ਼ਣੀ ਦੇ ਦੋ ਵਿਦਿਆਰਥੀਆਂ ਨੇ ਰਾਸ਼ਟਰੀ ਪੱਧਰ ਦੀ ਸਕਾਲਰਸ਼ਿਪ ਪ੍ਰੀਖਿਆ ਦੀ ਐਨ. ਐਮ. ਐਮ. ਐਸ. ਦੀ ਮੈਰਿਟ ਸੂਚੀ ਵਿੱਚ ਆਪਣਾ ਨਾਂ ਦਰਜ ਕਰਾ ਕੇ ਨਾ ਸਿਰਫ ਸੰਸਥਾ ਬਲਕਿ ਇਲਾਕੇ ਦਾ ਨਾਂ ਰੌਸ਼ਨ ਕੀਤਾ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸਕੂਲ ਦੇ ਕਾਰਜਕਾਰੀ ਪ੍ਰਿੰਸੀਪਲ ਨਿਰੰਜਨ ਕੁਮਾਰ ਨੇ ਦੱਸਿਆ ਕਿ ਕੁਲਦੀਪ ਕੁਮਾਰ ਅਤੇ ਫੁਨਟੁਸ ਨੇ ਇਸ ਮੈਰਿਟ ਪ੍ਰੀਖਿਆ ਵਿੱਚ ਚੰਗੇ ਅੰਕ ਪ੍ਰਾਪਤ ਕਰ ਕੇ ਸਕਾਲਰਸ਼ਿਪ ਹਾਸਲ ਕੀਤੀ ਹੈ। ਇਨ੍ਹਾਂ ਦੋਵਾਂ ਵਿਦਿਆਰਥੀਆਂ ਨੂੰ ਸਵੇਰ ਦੀ ਸਭਾ' ਵਿੱਚ ਸਕੂਲ ਮੁਖੀ ਨਿਰੰਜਨ ਕੁਮਾਰ, ਸ਼੍ਰੇਣੀ ਇੰਚਾਰਜ ਕਮਲਜੀਤ ਕੌਰ ਅਤੇ ਸਟਾਫ ਵੱਲੋਂ ਸਨਮਾਨਿਤ ਕੀਤਾ ਗਿਆ। ਇਸ ਮੌਕੇ ਨਿਰਮਲ ਸਿੰਘ, ਸੁਖਵੀਰ ਕੌਰ, ਮੀਨਾਕਸ਼ੀ ਸ਼ਰਮਾ, ਮਨੋਜ ਜੋਸ਼ੀ, ਸਿਮਰਨਜੀਤ ਸਿੰਘ ਸੰਦੀਪ ਕੌਰ, ਗੁਰਪ੍ਰੀਤ ਕੌਰ, ਰਾਜਵੰਤ ਕੌਰ, ਸੁਮਰਜੀਤ ਕੌਰ, ਅਮਨਪ੍ਰੀਤ ਕੌਰ, ਸੰਦੀਪ ਸਿੰਘ, ਅਰਮਾਨ ਖਾਨ, ਹਰੀਕ੍ਰਿਸ਼ਨ ਅਤੇ ਜਸਪ੍ਰੀਤ ਕੌਰ ਹਾਜਰ ਸਨ।

# ਕਣਕ ਦੇ ਖ਼ਰੀਦ ਸੀਜ਼ਨ ਦੇ ਮੱਦੇਨਜ਼ਰ ਪੰਜਾਬ ਸਰਕਾਰ ਨੇ 8 ਲੱਖ ਤੋਂ ਵੱਧ ਕਿਸਾਨਾਂ ਦੀ ਸਹੂਲਤ ਲਈ ਵਿਆਪਕ ਪ੍ਰਬੰਧ ਯਕੀਨੀ ਬਣਾਏ : ਲਾਲ ਚੰਦ ਕਟਾਰੂਚੱਕ

**ਚੰਡੀਗੜ੍ਹ/ਜਲੰਧਰ, 5 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਖੁਰਾਕ, ਸਿਵਲ ਸਪਲਾਈ ਅਤੇ ਖ਼ਪਤਕਾਰ ਮਾਮਲਿਆਂ ਬਾਰੇ ਮੰਤਰੀ ਸ਼੍ਰੀ ਲਾਲ ਚੰਦ ਕਟਾਰੂਚੱਕ ਨੇ ਅੱਜ ਕਿਹਾ ਕਿ ਮੁੱਖ ਮੰਤਰੀ ਸ਼੍ਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਚੱਲ ਰਹੇ ਕਣਕ ਦੇ ਖ਼ਰੀਦ ਸੀਜ਼ਨ ਨੂੰ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਨ ਲਈ 8 ਲੱਖ ਤੋਂ ਵੱਧ ਕਿਸਾਨਾਂ ਦੀ ਸਹੂਲਤ ਲਈ ਵਿਆਪਕ ਪ੍ਰਬੰਧ ਕੀਤੇ ਗਏ ਹਨ।

ਕੈਬਨਿਟ ਮੰਤਰੀ ਚਾਰ ਜ਼ਿਲ੍ਹਿਆਂ, ਜਿਨ੍ਹਾਂ ਵਿੱਚ ਜਲੰਧਰ, ਹੁਸ਼ਿਆਰਪੁਰ, ਕਪੂਰਥਲਾ ਅਤੇ ਸ਼ਹੀਦ ਭਗਤ ਸਿੰਘ ਨਗਰ ਸ਼ਾਮਲ ਹਨ, ਦੇ ਸੀਨੀਅਰ ਅਧਿਕਾਰੀਆਂ ਨਾਲ ਸਮੀਖਿਆ ਮੀਟਿੰਗ ਦੀ ਪ੍ਰਧਾਨਗੀ ਕਰ ਰਹੇ ਸਨ।

ਮੀਡੀਆ ਨਾਲ ਗੱਲ ਕਰਦਿਆਂ ਕੈਬਨਿਟ ਮੰਤਰੀ ਨੇ ਦੱਸਿਆ ਕਿ ਪੰਜਾਬ ਵਿੱਚ ਇਸ ਸਾਲ ਕਣਕ ਦੀ ਬੰਪਰ ਫ਼ਸਲ ਹੋਣ ਦੀ ਸੰਭਾਵਨਾ ਹੈ ਅਤੇ 124 ਲੱਖ ਮੀਟ੍ਰਿਕ ਟਨ ਕਣਕ ਦੀ ਖ਼ਰੀਦ ਦਾ ਟੀਚਾ ਰੱਖਿਆ ਗਿਆ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਪੂਰੇ ਸੀਜ਼ਨ ਨੂੰ ਸੁਚਾਰੂ ਬਣਾਉਣ ਲਈ ਕਣਕ ਦੀ ਖ਼ਰੀਦ ਲਈ 28,894 ਕਰੋੜ ਰੁਪਏ ਦੀ ਕੈਸ਼ ਕ੍ਰੈਡਿਟ ਲਿਮਿਟ ਪਹਿਲਾਂ ਹੀ ਪ੍ਰਾਪਤ ਕਰ ਲਈ ਹੈ। ਕੈਬਨਿਟ ਮੰਤਰੀ ਨੇ ਇਹ ਵੀ ਦੱਸਿਆ ਕਿ ਲੋੜੀਂਦੇ ਬਾਰਦਾਨੇ 'ਚੋਂ 99 ਫੀਸਦੀ ਦਾ ਪ੍ਰਬੰਧ ਕਰ ਲਿਆ ਗਿਆ ਹੈ ਅਤੇ ਢੁਕਵੀਂ ਸਟੋਰੇਜ ਲਈ ਲੋੜੀਂਦੀ ਜਗ੍ਹਾ ਅਤੇ ਕਰੇਟਾਂ ਦਾ ਵੀ ਇੰਤਜ਼ਾਮ ਵੀ ਯਕੀਨੀ ਬਣਾਇਆ ਗਿਆ ਹੈ।

ਫ਼ਸਲ ਦੀ ਭਾਰੀ ਆਮਦ ਨੂੰ ਧਿਆਨ ਵਿੱਚ ਰੱਖਦਿਆਂ ਪੰਜਾਬ ਸਰਕਾਰ ਵੱਲੋਂ ਰਾਜ ਭਰ ਵਿੱਚ 1864 ਖ਼ਰੀਦ ਕੇਂਦਰ (ਮੰਡੀਆਂ) ਸਥਾਪਤ ਕੀਤੇ ਗਏ ਹਨ, ਜਿੱਥੇ ਕਿਸਾਨ ਆਪਣੀ ਕਣਕ ਦੀ ਫ਼ਸਲ ਦੀ ਵਿਕਰੀ ਕਰ ਸਕਦੇ ਹਨ। ਬੰਪਰ ਫ਼ਸਲ ਦੇ ਮੱਦੇਨਜ਼ਰ 600 ਦੇ ਕਰੀਬ ਆਰਜ਼ੀ ਖ਼ਰੀਦ ਕੇਂਦਰ ਵੀ



ਸਥਾਪਤ ਕੀਤੇ ਗਏ ਹਨ। ਸ਼੍ਰੀ ਕਟਾਰੂਚੱਕ ਨੇ ਕਿਸਾਨਾਂ ਨੂੰ ਭਰੋਸਾ ਦਿਵਾਇਆ ਕਿ ਉਨ੍ਹਾਂ ਨੂੰ ਫ਼ਸਲ ਦੀ ਖ਼ਰੀਦ ਦੇ 24 ਘੰਟਿਆਂ ਦੇ ਅੰਦਰ ਅਦਾਇਗੀ ਪ੍ਰਾਪਤ ਹੋ ਜਾਵੇਗੀ। ਉਨ੍ਹਾਂ ਦੱਸਿਆ ਕਿ ਸਰਕਾਰ ਵੱਲੋਂ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) 2425 ਰੁਪਏ ਪ੍ਰਤੀ ਕੁਇੰਟਲ ਨਿਰਧਾਰਤ ਕੀਤਾ ਗਿਆ ਹੈ।

ਜ਼ਿਲ੍ਹਿਆਂ ਦੇ ਖ਼ਰੀਦ ਟੀਚਿਆਂ ਬਾਰੇ ਦੱਸਦਿਆਂ ਉਨ੍ਹਾਂ ਕਿਹਾ ਕਿ ਹੁਸ਼ਿਆਰਪੁਰ ਵਿੱਚ 3.14 ਲੱਖ ਮੀਟ੍ਰਿਕ ਟਨ ਤੋਂ ਵੱਧ ਕਣਕ ਆਉਣ ਦੀ ਉਮੀਦ ਹੈ, ਜਦਕਿ ਜਲੰਧਰ, ਕਪੂਰਥਲਾ ਅਤੇ ਸ਼ਹੀਦ ਭਗਤ ਸਿੰਘ ਨਗਰ 'ਚ ਕ੍ਰਮਵਾਰ 5.25 ਲੱਖ ਮੀਟਰਕ ਟਨ, 3.61 ਲੱਖ ਮੀਟ੍ਰਿਕ ਟਨ ਅਤੇ 2.64 ਲੱਖ ਮੀਟ੍ਰਿਕ ਟਨ ਫ਼ਸਲ ਦੀ ਆਮਦ ਦੀ ਸੰਭਾਵਨਾ ਹੈ। ਮੰਤਰੀ ਨੇ ਕਿਸਾਨਾਂ ਵੱਲੋਂ ਵਿਕਰੀ ਲਈ ਲਿਆਂਦੀ ਫ਼ਸਲ ਦੇ ਦਾਣੇ-ਦਾਣੇ ਨੂੰ ਖ਼ਰੀਦਣ ਦੀ ਪੰਜਾਬ ਸਰਕਾਰ ਦੀ ਵਚਨਬੱਧਤਾ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਖ਼ਰੀਦ ਪ੍ਰਕਿਰਿਆ ਵਿੱਚ ਕਿਸੇ ਕਿਸਮ ਦੀ ਲਾਪ੍ਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਨੇ ਕਣਕ ਅਤੇ ਝੋਨੇ ਦੇ ਖ਼ਰੀਦ ਕਾਰਜਾਂ ਨੂੰ ਸੁਚਾਰੂ ਬਣਾਉਣ ਲਈ ਪਿਛਲੇ ਤਿੰਨ ਸਾਲਾਂ ਦੌਰਾਨ ਸਰਕਾਰ ਵੱਲੋਂ ਕੀਤੇ ਯਤਨਾਂ 'ਤੇ ਚਾਨਣਾ ਵੀ ਪਾਇਆ। ਸਮੀਖਿਆ ਮੀਟਿੰਗ ਦੌਰਾਨ ਸ਼੍ਰੀ ਕਟਾਰੂਚੱਕ ਨੇ ਮੰਡੀਆਂ ਵਿੱਚ ਕਿਸਾਨਾਂ ਲਈ ਉਪਲੱਬਧ ਸਹੂਲਤਾਂ ਜਿਵੇਂ ਸਾਫ-ਸਫ਼ਾਈ, ਪੀਣ ਵਾਲੇ ਪਾਣੀ ਦੀ ਉਪਲਬਧਤਾ, ਰੌਸ਼ਨੀ ਅਤੇ ਸ਼ੈੱਡ ਆਦਿ ਦਾ ਵੀ ਜਾਇਜ਼ਾ ਲਿਆ। ਉਨ੍ਹਾਂ ਅਧਿਕਾਰੀਆਂ ਨੂੰ ਪੂਰੇ ਸੀਜ਼ਨ ਦੌਰਾਨ ਆਪਣੀਆਂ ਸਬੰਧਤ ਮੰਡੀਆਂ ਵਿੱਚ ਮੌਜੂਦ ਰਹਿਣ ਦੀ ਹਦਾਇਤ ਕੀਤੀ ਤਾਂ ਜੋ ਕਿਸਾਨਾਂ ਨੂੰ ਇਸ ਸਮੇਂ ਦੌਰਾਨ ਕਿਸੇ ਮੁਸ਼ਕਿਲ ਦਾ ਸਾਹਮਣਾ ਨਾ ਕਰਨਾ ਪਵੇ। ਇੰਨੇ ਵੱਡੇ ਪੈਮਾਨੇ 'ਤੇ ਖ਼ਰੀਦ ਕਾਰਜ ਨੂੰ ਸੁਚਾਰੂ ਢੰਗ ਨਾਲ ਚਲਾਉਣ ਦੀ ਰਾਜ ਦੀ ਸਮਰੱਥਾ 'ਤੇ ਮਾਣ ਪ੍ਰਗਟ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਦੇਸ਼ ਦਾ ਅੰਨਦਾਤਾ ਹੈ।

# ਵਕ.ਫ ਕਾਨੂੰਨ: ਰਿਜਿਜੂ ਦੇ ਰੈਡ ਕਾਰਪੈਟ ਸਵਾਗਤ ਲਈ ਵਿਰੋਧੀ ਪਾਰਟੀਆਂ ਵੱਲੋਂ ਉਮਰ ’ਤੇ ਨਿਸ਼ਾਨਾ



**ਸ੍ਰੀਨਗਰ, 8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਸੋਮਵਾਰ ਨੂੰ ਕੇਂਦਰੀ ਮੰਤਰੀ ਕਿਰਨ ਰਿਜਿਜੂ ਨਾਲ ਏਸ਼ੀਆ ਦੇ ਸਭ ਤੋਂ ਵੱਡੇ ਟਿਊਲਿਪ ਗਾਰਡਨ ) ਵਿਖੇ ਮੁਲਾਕਾਤ ਕੀਤੀ। ਦੂਜੇ ਪਾਸੇ ਇਸ ਮੀਟਿੰਗ ਨੂੰ ਵਿਰੋਧੀ ਪਾਰਟੀਆਂ ਨੇ ‘ਵਕ.ਫ ਕਾਨੂੰਨ ਦੀ ਸਾਂਝ’ ਕਰਾਰ ਦਿੰਦਿਆਂ ਇਸ ਦੀ ਆਲੋਚਨਾ ਕੀਤੀ। ਮੀਟਿੰਗ ਦੌਰਾਨ ਹਾਕਮ ਨੈਸ਼ਨਲ ਕਾਨਫਰੰਸ ਦੇ ਪ੍ਰਧਾਨ ਤੇ ਉਮਰ ਦੇ ਪਿਤਾ ਫਾਰੂਕ ਅਬਦੁੱਲਾ ਵੀ ਹਾਜ਼ਰ ਸਨ। ਦੂਜੇ ਪਾਸੇ ਵਿਰੋਧੀ ਧਿਰ ਪੀਪਲਜ਼ ਡੈਮੋਕ੍ਰੇਟਿਕ ਪਾਰਟੀ (ਪੀਡੀਪੀ) ਅਤੇ ਪੀਪਲਜ਼ ਕਾਨਫਰੰਸ ਨੇ ਮੀਟਿੰਗ ਨੂੰ ਲੈ ਕੇ ਸੱਤਾਧਾਰੀ ਨੈਸ਼ਨਲ ਕਾਨਫਰੰਸ ਨੂੰ ਨਿਸ਼ਾਨਾ ਬਣਾਇਆ ਅਤੇ ਇਸ ‘ਤੇ ਵਕ.ਫ ਐਕਟ ਖ਼ਿਲਾਫ਼ ਕੋਈ ਵੀ ਵਿਰੋਧ ਜ਼ਾਹਰ ਕੀਤੇ ਬਿਨਾਂ ਭਾਜਪਾ ਅੱਗੇ ਗੋਡੇ ਟੇਕਣ ਦਾ ਦੋਸ਼ ਲਾਇਆ।

ਪੀਡੀਪੀ ਆਗੂ ਨਈਮ ਅਖ਼ਤਰ ਨੇ ਕਿਹਾ, ਵਕ.ਫ ਕਾਨੂੰਨ ਦੀ ਸਾਂਝ! ਇੰਨੀ ਛੇਤੀ। ਸੱਤਾਧਾਰੀ ਪਾਰਟੀ ਦੇ ਮੈਂਬਰ ਇਸ ਮੁੱਦੇ ‘ਤੇ ਵਿਧਾਨ ਸਭਾ ਵਿੱਚ ਡਰਾਮੇਬਾਜ਼ੀ ਕਰਨ ਦੇ ਬਾਵਜੂਦ ਕੋਈ ਵਿਰੋਧ ਨਹੀਂ ਦਿਖਾ ਸਕੇ। ਸ੍ਰੀ ਰਿਜਿਜੂ ਨੇ ਘੱਟ ਗਿਣਤੀ ਮਾਮਲਿਆਂ ਦੇ ਮੰਤਰੀ ਵਜੋਂ ਸੰਸਦ ਵਿੱਚ ਬਿੱਲ ਪੇਸ਼ ਕੀਤਾ।

ਇੱਕ ਹੋਰ ਪੀਡੀਪੀ ਆਗੂ ਅਤੇ ਪੁਲਵਾਮਾ ਤੋਂ ਪਾਰਟੀ ਦੇ ਵਿਧਾਇਕ ਵਹੀਦ ਪਾਰਾ ਨੇ ਵੀ ਹਾਕਮ ਧਿਰ ਦੀ ਇਸ ਲਈ ਸਖ਼ਤ ਨੁਕਤਾਚੀਨੀ ਕੀਤੀ। ਉਨ੍ਹਾਂ ‘ਐਕਸ’ ਉਤੇ ਇਕ ਪੋਸਟ ਵਿਚ ਕਿਹਾ, ਤਾਮਿਲਨਾਡੂ ਨੇ ਵਕ.ਫ ਬਿੱਲ ਨੂੰ ਪੂਰੀ ਤਰ੍ਹਾਂ ਰੱਦ ਕਰ ਦਿੱਤਾ ਹੈ ਕਿਉਂਕਿ ਉਨ੍ਹਾਂ ਕੋਲ ਵਿਰੋਧ ਦਿਖਾਉਣ ਦੀ ਰੀੜ੍ਹ ਦੀ ਹੱਡੀ ਹੈ। ਪਰ ©3 ਸਾਡੇ ਲੋਕਾਂ ਅਤੇ ਸੰਸਥਾਵਾਂ ਦੀ ਕੀਮਤ ‘ਤੇ ਸਿਆਸੀ ਲਾਭ ਲਈ ਸਮਰਪਣ ਕਰਦੀ ਰਹਿੰਦੀ ਹੈ। ਪੁਲਵਾਮਾ ਦੇ ਵਿਧਾਇਕ ਨੇ ਕਿਹਾ ਕਿ ਐਨਸੀ ਨੇ ਕੇਂਦਰੀ ਮੰਤਰੀ ਲਈ ਟਿਊਲਿਪ ਗਾਰਡਨ ਵਿੱਚ ਲਾਲ ਕਾਰਪੇਟ ਵਿਛਾ ਦਿੱਤਾ ਹੈ, ਜਿਸ ਨੇ ਸੰਸਦ ਵਿੱਚ ਵਕ.ਫ ਸੋਧ ਬਿੱਲ ਪੇਸ਼ ਕੀਤਾ ਅਤੇ ਉਸ ਦਾ ਬਚਾਅ ਕੀਤਾ।

ਪੀਪਲਜ਼ ਕਾਨਫਰੰਸ ਦੇ ਮੁਖੀ ਸੱਜਾਦ ਲੋਨ ਨੇ ਕਿਹਾ ਕਿ ਮੁੱਖ ਮੰਤਰੀ ਨੂੰ ਰੋਸ ਵਜੋਂ ਕੇਂਦਰੀ ਮੰਤਰੀ ਤੋਂ ਦੂਰ ਰਹਿਣਾ ਚਾਹੀਦਾ ਸੀ।

# ਬਟਾਲਾ ਪੁਲੀਸ ਥਾਣੇ ’ਤੇ ਰਾਕੇਟ ਲਾਂਚਰ ਨਾਲ ਹਮਲਾ

## ਵਿਦੇਸ਼ ਬੈਠੇ ਗੈਂਗਸਟਰ ਹੈਪੀ ਪਾਸੀਆ ਨੇ ਸੋਸ਼ਲ ਮੀਡੀਆ ਪੋਸਟ ਰਾਹੀਂ ਕੀਤਾ ਦਾਅਵਾ; ਐੱਸਐੱਸਪੀ ਵੱਲੋਂ ਦਾਅਵਾ ਖਾਰਜ

**ਗੁਰਦਾਸਪੁਰ/ ਬਟਾਲਾ, 8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਦੇਸ਼ ਬੈਠੇ ਗੈਂਗਸਟਰ ਹੈਪੀ ਪਾਸੀਆ ਨੇ ਇੱਕ ਸੋਸ਼ਲ ਮੀਡੀਆ ਪੋਸਟ ਵਿਚ ਕਿਲਾ ਲਾਲ ਸਿੰਘ ਪੁਲੀਸ ਥਾਣੇ ‘ਤੇ ਅੱਜ ਸਵੇਰੇ ਰਾਕੇਟ ਲਾਂਚਰ ਨਾਲ ਹਮਲਾ ਕੀਤੇ ਜਾਣ ਦਾ ਦਾਅਵਾ ਕੀਤਾ ਹੈ। ਸੀਨੀਅਰ ਪੁਲੀਸ ਅਧਿਕਾਰੀਆਂ ਨੇ ਹਾਲਾਂਕਿ ਗੈਂਗਸਟਰ ਦੇ ਇਸ ਦਾਅਵੇ ਨੂੰ ਸਿਰੇ ਤੋਂ ਖਾਰਜ ਕਰ ਦਿੱਤਾ ਹੈ।

ਐੱਸਐੱਸਪੀ ਸੁਹੇਲ ਕਾਸਿਮ ਮੀਰ ਨੇ ਕਿਹਾ ਕਿ ਉਨ੍ਹਾਂ ਨੂੰ ਸਵੇਰੇ 3 ਵਜੇ ਦੇ ਕਰੀਬ ਇੱਕ ਫੋਨ ਆਇਆ ਕਿ ਪੁਲੀਸ ਥਾਣੇ ’ਤੇ ਹਮਲਾ ਹੋਇਆ ਹੈ। ਉਨ੍ਹਾਂ ਕਿਹਾ, “ਮੈਂ ਘਟਨਾ ਦੀ ਜਾਂਚ ਲਈ ਫੌਰੀ ਡੀਐੱਸਪੀ ਰੈਂਕ ਦੇ ਅਧਿਕਾਰੀ ਦੀ ਅਗਵਾਈ ਵਿੱਚ ਇੱਕ ਟੀਮ ਭੇਜੀ। ਹਾਲਾਂਕਿ, ਟੀਮ ਨੇ ਮੈਨੂੰ ਦੱਸਿਆ ਕਿ ਅਜਿਹਾ ਕੁਝ ਨਹੀਂ ਹੋਇਆ ਹੈ। ਉਪਰੰਤ ਵਿਆਪਕ ਮੁਹਿੰਮ ਦਾ ਆਦੇਸ਼ ਦਿੱਤਾ ਪਰ ਫਿਰ ਵੀ ਸਾਨੂੰ ਕੁਝ ਨਹੀਂ ਮਿਲਿਆ।



ਅਸੀਂ ਇਹਤਿਆਤ ਵਜੋਂ ਪੁਲੀਸ ਥਾਣੇ ਵਿੱਚ ਇੱਕ ਐੱਫਆਈਆਰ ਦਰਜ ਕਰਵਾਈ ਹੈ।”

ਪੁਲਿਸ ਅਧਿਕਾਰੀ ਨੇ ਪੁਸ਼ਟੀ ਕੀਤੀ ਕਿ ਹੈਪੀ ਪਾਸੀਆ ਨੇ ਇੱਕ ਸੋਸ਼ਲ ਮੀਡੀਆ ਪੋਸਟ ਵਿਚ ਦਾਅਵਾ ਕੀਤਾ ਹੈ ਕਿ ਇਸ ਕਥਿਤ ਹਮਲੇ ਨੂੰ ਉਸ ਦੇ ਬੰਦਿਆਂ ਨੇ ਅੰਜਾਮ ਦਿੱਤਾ ਹੈ। ਅਧਿਕਾਰੀ ਨੇ ਕਿਹਾ, “ਰਾਤ ਵੇਲੇ ਕੁਝ ਲੋਕਾਂ ਨੇ ਇੱਕ ਅਫਵਾਹ ਫੈਲਾਈ ਕਿ ਕੁਝ ਅਣਸੁਖਾਵਾਂ ਹੋਇਆ ਹੈ। ਹਾਲਾਂਕਿ ਵਿਆਪਕ ਜਾਂਚ ਦੌਰਾਨ ਅਜਿਹਾ ਕੁਝ ਵੀ ਸਾਹਮਣੇ ਨਹੀਂ ਆਇਆ।”

ਐੱਸਐੱਸਪੀ ਬਟਾਲਾ ਸੁਹੇਲ ਕਾਸਿਮ ਮੀਰ ਨੇ ਕਿਹਾ ਕਿ ਇਸ ਸਬੰਧੀ ਸੂਚਨਾ ਮਿਲਦਿਆਂ ਹੀ ਟੀਮਾਂ ਮੌਕੇ ’ਤੇ ਭੇਜ ਥਾਣਾ ਕਿਲਾ ਲਾਲ ਸਿੰਘ ਦੀ ਇਮਾਰਤ ਅਤੇ ਆਲੇ-ਦੁਆਲੇ ਦੀ ਜਾਂਚ ਕੀਤੀ ਗਈ ਜਿੱਥੋਂ ਧਮਾਕੇ ਦਾ ਕੋਈ ਨਿਸ਼ਾਨ ਨਹੀਂ ਮਿਲਿਆ। ਉਨ੍ਹਾਂ ਕਿਹਾ ਕਿ ਇਸ ਤੋਂ ਬਾਅਦ ਅਮਰੀਕਾ ਆਧਾਰਿਤ ਹੈਪੀ ਪਾਸੀਆ ਨਾਂ ਦੇ ਇੱਕ ਅਤਿਵਾਦੀ ਨੇ ਧਮਾਕੇ ਦੀ ਜ਼ਿੰਮੇਵਾਰੀ ਸੋਸ਼ਲ ਮੀਡੀਆ ’ਤੇ ਕਬੂਲ ਕੀਤੀ ਹੈ ਜਿਸ ਤੋਂ ਬਾਅਦ ਪੁਲੀਸ ਨੇ ਕੇਸ ਦਰਜ ਕਰ ਲਿਆ ਹੈ। ਉਨ੍ਹਾਂ ਕਿਹਾ ਕਿ ਪੁਲੀਸ ਫਿਲਾਹਾਲ ਆਲੇ-ਦੁਆਲੇ ਦੇ ਖੇਤਰ ਦੀ ਜਾਂਚ ਕਰ ਰਹੀ ਹੈ। ਦੂਸਰੇ ਪਾਸੇ ਅਤੀ ਭਰੋਸੇਯੋਗ ਸੂਤਰਾਂ ਤੋਂ ਪਤਾ ਲੱਗਾ ਹੈ ਕਿ ਪੁਲੀਸ ਨੂੰ ਰਾਕੇਟ ਲਾਂਚਰ ਦੇ ਧਮਾਕੇ ਦੇ ਸੁਰਾਗ ਮਿਲ ਚੁੱਕੇ ਹਨ ਅਤੇ ਥਾਣੇ ਦੇ ਨੇੜਿਉਂ ਹੀ ਇਕ ਚੱਲਿਆ ਹੋਇਆ ਰਾਕੇਟ ਵੀ ਮਿਲਿਆ ਹੈ।

# ਰਸੋਈ ਗੈਸ ਦੀਆਂ ਕੀਮਤਾਂ ਵਿਚ ਵਾਧਾ

**ਨਵੀਂ ਦਿੱਲੀ, 8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਕੇਂਦਰੀ ਤੇਲ ਮੰਤਰੀ ਹਰਦੀਪ ਸਿੰਘ ਪੁਰੀ ਨੇ ਸੋਮਵਾਰ ਨੂੰ ਕਿਹਾ ਕਿ ਵੰਡ (ਡਿਸਟਰੀਬਿਊਸ਼ਨ) ਕੰਪਨੀਆਂ ਨੇ ਰਸੋਈ ਗੈਸ/ ਐੱਲਪੀਜੀ ਦੀ ਕੀਮਤ 50 ਰੁਪਏ ਪ੍ਰਤੀ ਸਿਲੰਡਰ ਵਧਾ ਦਿੱਤੀ ਹੈ। ਮੰਤਰੀ ਨੇ ਕਿਹਾ ਕਿ ਉੱਜਵਲਾ ਅਤੇ ਆਮ ਸ਼੍ਰੇਣੀ ਦੇ ਗਾਹਕਾਂ ਦੋਵਾਂ ਲਈ ਗੈਸ ਦੀ ਕੀਮਤ ਵਧਾਈ ਗਈ ਹੈ। ਵਾਧੇ ਉਪਰੰਤ 14.2 ਕਿਲੋਗ੍ਰਾਮ ਐੱਲਪੀਜੀ ਸਿਲੰਡਰ ਦੀ ਕੀਮਤ ਆਮ ਉਪਭੋਗਤਾਵਾਂ ਲਈ 803 ਰੁਪਏ ਤੋਂ ਵਧ ਕੇ 853 ਰੁਪਏ ਅਤੇ ਉੱਜਵਲਾ ਯੋਜਨਾ ਦੇ ਤਹਿਤ ਉਪਭੋਗਤਾਵਾਂ ਲਈ 503 ਰੁਪਏ ਤੋਂ ਵਧ ਕੇ 553 ਰੁਪਏ ਪ੍ਰਤੀ 14.2 ਕਿਲੋਗ੍ਰਾਮ ਸਿਲੰਡਰ ਹੋ ਜਾਵੇਗੀ।

# ਪੰਜਾਬ ਸਰਕਾਰ ਨੇ ਪਿਛਲੇ ਤਿੰਨ ਸਾਲਾਂ ’ਚ ਬਦਲੀ ਸਕੂਲਾਂ ਦੀ ਨੁਹਾਰ : ਨੀਨਾ ਮਿੱਤਲ



**ਰਾਜਪੁਰਾ, 8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਰਹਿਨੁਮਾਈ ਅਤੇ ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ ਦੀ ਅਗਵਾਈ ਹੇਠ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਕਾਲਕਾ ਰੋਡ ਰਾਜਪੁਰਾ ਜ਼ਿਲ੍ਹਾ ਪਟਿਆਲਾ ਵਿਖੇ ਲੱਖਾਂ ਰੁਪਏ ਦੀ ਗ੍ਰਾਂਟਾਂ ਨਾਲ ਹੋਏ ਵਿਕਾਸ ਕਾਰਜਾਂ ਨੂੰ ਮੈਡਮ ਨੀਨਾ ਮਿੱਤਲ ਵਿਧਾਇਕਾ ਵਿਧਾਨ ਸਭਾ ਹਲਕਾ ਰਾਜਪੁਰਾ ਨੇ ਲੋਕ ਅਰਪਿਤ ਕੀਤਾ ਗਿਆ। ਸਮਾਰੋਹ ਦੀ ਸ਼ੁਰੂਆਤ ਬੱਚਿਆਂ ਵੱਲੋਂ ਸਵਾਗਤੀ ਗੀਤ ਰਾਹੀਂ ਹੋਈ। ਸਕੂਲ ਮੁਖੀ ਪ੍ਰਿੰਸੀਪਲ ਡਾ: ਨਰਿੰਦਰ ਕੌਰ ਵੱਲੋਂ ਮੁੱਖ ਮਹਿਮਾਨ, ਵਿਸ਼ੇਸ਼ ਮਹਿਮਾਨਾਂ ਅਤੇ ਪਤਵੰਤੇ ਸੱਜਣਾਂ ਦਾ ਸਵਾਗਤ ਕਰਦਿਆਂ ਉਨ੍ਹਾਂ ਨੂੰ ਯਾਦਗਾਰੀ ਚਿੰਨ੍ਹ ਭੇਟ ਕੀਤੇ ਗਏ।

ਸਿੱਖਿਆ ਕ੍ਰਾਂਤੀ ਤਹਿਤ ਸਕੂਲ ਨੂੰ ਸੋਹਣਾ ਬਣਾਉਣ, ਨਵੀ ਚਾਰਦਿਵਾਰੀ, ਨਵੇਂ ਚਾਰ ਕਮਰਿਆਂ ਦੀ ਉਸਾਰੀ ਅਤੇ ਮੁਰੰਮਤ ਕਾਰਜਾਂ ਦੀ ਜਾਣਕਾਰੀ, ਅਧਿਆਪਕਾਂ ਨੂੰ ਫਿਨਲੈਂਡ ਅਤੇ ਸਿੰਘਾਪੁਰ ਭੇਜ ਕੇ ਮਿਆਰੀ ਸਿਖਲਾਈ ਦੇ ਮੌਕੇ ਪ੍ਰਦਾਨ ਕਰਨ ਬਾਰੇ ਮਾਪਿਆਂ ਨਾਲ ਜਾਣਕਾਰੀ ਸਾਂਝੀ ਕੀਤੀ ਗਈ ਅਤੇ ਇਨ੍ਹਾਂ ਦੀ ਮਹੱਤਤਾ ਬਾਰੇ ਵੀ ਵਿਸ਼ੇਸ਼ ਤੌਰ ‘ਤੇ ਰੌਸ਼ਨੀ ਪਾਈ ਗਈ। ਮੁੱਖ ਮਹਿਮਾਨ ਐਮ.ਐਲ.ਏ. ਰਾਜਪੁਰਾ ਨੀਨਾ ਮਿੱਤਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੇ ਅਗਵਾਈ ਹੇਠ ਪੰਜਾਬ ਸਰਕਾਰ ਪਿਛਲੇ ਤਿੰਨ ਸਾਲਾਂ ਵਿੱਚ ਸਕੂਲਾਂ ਦੀ ਨੁਹਾਰ ਬਦਲ ਦਿੱਤੀ ਹੈ ਅਤੇ ਹਰ ਬੱਚੇ ਨੂੰ ਗੁਣਵੱਤਾਪੂਰਨ ਸਿੱਖਿਆ ਅਤੇ ਅਨੁਕੂਲ ਸਿੱਖਣ-ਸਿਖਾਉਣ ਵਾਲਾ ਮਾਹੌਲ ਦੇਣ ਲਈ ਇਹ ਯਤਨ ਕੀਤੇ ਜਾ ਰਹੇ ਹਨ।

# ਸੜਕ ਹਾਦਸੇ ਵਿਚ ਕਾਰ ਸਵਾਰ ਤਿੰਨ ਨੌਜਵਾਨਾਂ ਦੀ ਮੌਤ

**ਅਜੀਤਵਾਲ, 8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਇਥੇ ਬੱਧਨੀ ਕਲਾਂ ਨੇੜੇ ਵੱਡੇ ਤੜਕੇ ਢਾਈ ਵਜੇ ਦੇ ਕਰੀਬ ਵਾਪਰੇ ਸੜਕ ਹਾਦਸੇ ਵਿੱਚ ਕਾਰ ਸਵਾਰ ਤਿੰਨ ਨੌਜਵਾਨਾਂ ਦੀ ਮੌਕੇ ’ਤੇ ਹੀ ਮੌਤ ਹੋ ਗਈ। ਹਾਲਾਂਕਿ ਪੁਲੀਸ ਨੂੰ ਹਾਦਸੇ ਬਾਰੇ ਸਵੇਰੇ ਸੱਤ ਵਜੇ ਦੇ ਕਰੀਬ ਜਾਣਕਾਰੀ ਮਿਲੀ ਹੈ। ਦੋ ਮ੍ਰਿਤਕਾਂ ਦੀ ਸ਼ਨਾਖਤ ਪਰਵਿੰਦਰ ਕੁਮਾਰ (35) ਤੇ ਹਰਪ੍ਰੀਤ ਸਿੰਘ (29) ਦੋਵੇਂ ਵਾਸੀ ਰਣੀਆਂ ਜ਼ਿਲ੍ਹਾ ਮੋਗਾ ਵਜੋਂ ਹੋਈ ਹੈ। ਤੀਜੇ ਵਿਅਕਤੀ ਦੀ ਸ਼ਨਾਖਤ ਨਹੀਂ ਹੋ ਸਕੀ। ਇਹ ਹਾਦਸਾ ਮੋਗਾ ਬਰਨਾਲਾ ਨੈਸ਼ਨਲ ਹਾਈਵੇ ’ਤੇ ਪਿੰਡ ਬੌਡੇ ਨਜ਼ਦੀਕ ਵਾਪਰਿਆ। ਕਾਰ (ਨੰ. ਪੀਬੀ10ਵੀ 7656) ਡਿਵਾਈਡਰ ਨਾਲ ਟਕਰਾਉਣ ਮਗਰੋਂ ਬੇਕਾਬੂ ਹੋ ਕੇ ਸੜਕ ਕੰਢੇ ਖਤਾਨਾਂ ਵਿਚ ਪਲਟ ਗਈ। ਸਵਿਫਟ ਕਾਰ ਵਿਚ ਸਵਾਰ ਤਿੰਨ ਨੌਜਵਾਨਾਂ ਦੀ ਮੌਕੇ ’ਤੇ ਹੀ ਮੌਤ ਹੋ ਗਈ।



ਮੌਕੇ ’ਤੇ ਪੁੱਜੇ ਸਮਾਜ ਸੇਵਾ ਸੁਸਾਇਟੀ ਮੋਗਾ ਦੇ ਆਗੂਆਂ ਨੇ ਲਾਸ਼ਾਂ ਕਾਰ ਵਿਚੋਂ ਕੱਢ ਕੇ ਮੋਗਾ ਦੇ ਸਿਵਲ ਹਸਪਤਾਲ ਭੇਜ ਦਿੱਤੀਆਂ।

ਮ੍ਰਿਤਕ ਨੌਜਵਾਨ ਨੇੜਲੇ ਪਿੰਡ ਰਣੀਆਂ ਦੇ ਰਹਿਣ ਵਾਲੇ ਸਨ।

ਥਾਣਾ ਬਧਨੀ ਕਲਾਂ ਦੇ ਮੁਖੀ ਇੰਸਪੈਕਟਰ ਗੁਰਮੇਲ ਸਿੰਘ ਨੇ ਦੱਸਿਆ ਕਿ ਘਟਨਾ ਦਾ ਪਤਾ ਲੱਗਣ ’ਤੇ ਸੜਕ ਸੁਰੱਖਿਆ ਫੋਰਸ ਅਤੇ ਉਹ ਖੁਦ ਪੁਲੀਸ ਪਾਰਟੀ ਸਮੇਤ ਮੌਕੇ ’ਤੇ ਪੁੱਜੇ।

ਉਨ੍ਹਾਂ ਕਿਹਾ ਕਿ ਸਮਝਿਆ ਜਾਂਦਾ ਹੈ ਕਿ ਤੇਜ਼ ਰਫਤਾਰ ਕਾਰ ਬੇਕਾਬੂ ਹੋ ਕੇ ਡਿਵਾਈਡਰ ਨਾਲ ਟਕਰਾ ਕੇ ਪਲਟ ਗਈ ਤੇ ਕਾਰ ਸਵਾਰ ਤਿੰਨ ਵਿਅਕਤੀਆਂ ਦੀ ਮੌਕੇ ਉੱਪਰ ਹੀ ਮੌਤ ਹੋ ਗਈ।

ਇੰਸਪੈਕਟਰ ਗੁਰਮੇਲ ਸਿੰਘ ਨੇ ਦੱਸਿਆ ਕਿ ਮ੍ਰਿਤਕਾਂ ਦੇ ਵਾਰਸਾਂ ਦੇ ਬਿਆਨਾਂ ’ਤੇ ਪੁਲੀਸ ਵੱਲੋਂ ਕਾਰਵਾਈ ਕੀਤੀ ਜਾ ਰਹੀ ਹੈ।

# ਪੰਜਾਬ ਵਿੱਚ 22 ਅਪ੍ਰੈਲ ਤੱਕ 7ਵਾਂ ਪੋਸ਼ਣ ਪਖਵਾੜਾ ਮਨਾਇਆ ਜਾਵੇਗਾ: ਡਾ. ਬਲਜੀਤ ਕੌਰ

**ਚੰਡੀਗੜ੍ਹ, 8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ 8 ਅਪ੍ਰੈਲ ਤੋਂ 22 ਅਪ੍ਰੈਲ, 2025 ਤੱਕ 7ਵਾਂ ਪੋਸ਼ਣ ਪਖਵਾੜਾ ਮਨਾਉਣ ਦਾ ਐਲਾਨ ਕੀਤਾ ਹੈ। ਦੱਸਣਯੋਗ ਹੈ ਕਿ ਇਹ ਪੋਸ਼ਣ ਪਖਵਾੜਾ ਬੱਚਿਆਂ, ਗਰਭਵਤੀ ਔਰਤਾਂ ਅਤੇ ਦੁੱਧ ਪਿਲਾਉਣ ਵਾਲੀਆਂ ਮਾਵਾਂ ਲਈ ਪੋਸ਼ਣ ਸਬੰਧੀ ਨਤੀਜਿਆਂ ਨੂੰ ਬਿਹਤਰ ਬਣਾਉਣ ਲਈ ਦੇਸ਼ ਵਿਆਪੀ ਪਹਿਲਕਦਮੀ ਦੀ ਤਰਜ਼ ‘ਤੇ ਹੈ। ਇਸ ਸਬੰਧੀ ਵੇਰਵੇ ਸਾਂਝੇ ਕਰਦਿਆਂ ਡਾ. ਬਲਜੀਤ ਕੌਰ ਨੇ ਕਿਹਾ ਕਿ ਇਹ ਪੰਦਰਵਾੜਾ ਮੁਹਿੰਮ ਸੂਬੇ ਭਰ ਵਿੱਚ ਪੋਸ਼ਣ ਜਾਗਰੂਕਤਾ, ਭਾਈਚਾਰਕ ਭਾਗੀਦਾਰੀ ਅਤੇ ਟਿਕਾਊ ਅਭਿਆਸਾਂ ’ਤੇ ਕੇਂਦ੍ਰਿਤ ਗਤੀਵਿਧੀਆਂ ਦੀ ਇੱਕ ਲੜੀ ਰਾਹੀਂ ਚਲਾਈ ਜਾਵੇਗੀ।



ਉਨ੍ਹਾਂ ਦੱਸਿਆ ਕਿ ਇਸ ਸਾਲ ਦੇ ਪੋਸ਼ਣ ਪਖਵਾੜੇ ਦੌਰਾਨ ਬੱਚੇ ਦੇ ਜਨਮ ਦੇ ਪਹਿਲੇ 1,000 ਦਿਨਾਂ ਦੌਰਾਨ ਪੋਸ਼ਣ ਸਬੰਧੀ ਨਤੀਜਿਆਂ ਨੂੰ ਹੋਰ ਬਿਹਤਰ ਬਣਾਉਣ ’ਤੇ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ, ਜੋ ਕਿ ਬੱਚਿਆਂ ਦੇ ਵਿਕਾਸ ਲਈ ਇੱਕ ਮਹੱਤਵਪੂਰਨ ਪਹਿਲ ਹੈ। ਇਹ ਮੁਹਿੰਮ ਪੋਸ਼ਣ ਟਰੈਕਰ ਵਿੱਚ ਲਾਭਪਾਤਰੀ ਮਾਡਿਊਲ ਦੇ ਪ੍ਰਸਿੱਧੀਕਰਨ ’ਤੇ ਵੀ ਜ਼ੋਰ ਦੇਵੇਗੀ ਤਾਂ ਜੋ ਡਿਜੀਟਲ ਨਿਗਰਾਨੀ ਅਤੇ ਪੋਸ਼ਣ ਸੇਵਾਵਾਂ ਦੀ ਡਿਲੀਵਰੀ ਨੂੰ ਹੋਰ ਮਜ਼ਬੂਤ ਕੀਤਾ ਜਾ ਸਕੇ। ਇਸ ਦੇ ਨਾਲ ਹੀ ਸੀ.ਐਮ.ਏ.ਐਮ. ਮਾਡਿਊਲ ਰਾਹੀਂ ਕੁਪੋਸ਼ਣ ਦੇ ਪ੍ਰਬੰਧਨ ‘ਤੇ ਵੀ ਜ਼ੋਰ ਦਿੱਤਾ ਜਾਵੇਗਾ, ਜੋ ਕੁਪੋਸ਼ਿਤ ਬੱਚਿਆਂ ਲਈ ਕਮਿਊਨਿਟੀ-ਅਧਾਰਤ ਇਲਾਜ ਅਤੇ ਦੇਖਭਾਲ ਦਾ ਸਮਰਥਨ ਕਰਦਾ ਹੈ।

ਇਸ ਤੋਂ ਇਲਾਵਾ ਬੱਚਿਆਂ ਲਈ ਸੰਤੁਲਿਤ ਭੋਜਨ, ਸਰੀਰਕ ਗਤੀਵਿਧੀਆਂ ਅਤੇ ਸਿਹਤਮੰਦ ਆਦਤਾਂ ਨੂੰ ਉਤਸ਼ਾਹਿਤ ਕਰਕੇ ਬਚਪਨ ਦੇ ਮੋਟਾਪੇ ਨਾਲ ਨਜਿੱਠਣ ਲਈ ਸਿਹਤਮੰਦ ਜੀਵਨ ਸ਼ੈਲੀ ਨੂੰ ਉਤਸ਼ਾਹਿਤ ਕਰਨ ’ਤੇ ਵਿਸ਼ੇਸ਼ ਜ਼ੋਰ ਦਿੱਤਾ ਜਾਵੇਗਾ। ਇਸ ਪੰਦਰਵਾੜੇ ਵਿੱਚ ਜਨਤਕ ਜਾਗਰੂਕਤਾ ਅਤੇ ਸਰਗਰਮ ਭਾਈਚਾਰਕ ਸ਼ਮੂਲੀਅਤ ਰਾਹੀਂ ਕੁਪੋਸ਼ਣ ਨੂੰ ਖਤਮ ਕਰਨ ਲਈ ਵੱਡੇ ਪੱਧਰ ’ਤੇ ਪਹੁੰਚ ਅਤੇ ਸੰਵੇਦਨਸ਼ੀਲਤਾ ਸਬੰਧੀ ਯਤਨ ਵੀ ਸ਼ਾਮਲ ਹੋਣਗੇ। ਉਨ੍ਹਾਂ ਅੱਗੇ ਕਿਹਾ ਕਿ ਦੇਖਭਾਲ ਅਤੇ ਸ਼ੁਰੂਆਤ ਵਿੱਚ ਧਿਆਨ ਦੇ ਕੇ ਦਸਤ ਪ੍ਰਬੰਧਨ ਅਤੇ ਅਨੀਮੀਆ ਦੇ ਖਾਤਮੇ ਲਈ ਵੀ ਯਤਨ ਕੀਤੇ ਜਾਣਗੇ।

ਡਾ. ਬਲਜੀਤ ਕੌਰ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਔਰਤਾਂ ਅਤੇ ਬੱਚਿਆਂ ਦੇ ਸਰਬਪੱਖੀ ਵਿਕਾਸ ਲਈ ਵਚਨਬੱਧ ਹੈ। ਇਸ ਦੇ ਮੱਦੇਨਜ਼ਰ ਸੂਬਾ ਸਰਕਾਰ ਉਨ੍ਹਾਂ ਦੀ ਭਲਾਈ ਲਈ ਲਗਾਤਾਰ ਯਤਨ ਕਰ ਰਹੀ ਹੈ। ਡਾ. ਬਲਜੀਤ ਕੌਰ ਨੇ ਸਾਰੇ ਭਾਈਵਾਲਾਂ - ਆਂਗਣਵਾੜੀ ਵਰਕਰਾਂ, ਸਿਹਤ ਕਰਮੀਆਂ , ਪੰਚਾਇਤੀ ਰਾਜ ਸੰਸਥਾਵਾਂ ਅਤੇ ਸਥਾਨਕ ਭਾਈਚਾਰਿਆਂ ਨੂੰ ਇਸ ਮੁਹਿੰਮ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਅਤੇ ਇਸਦੀ ਸਫ਼ਲਤਾ ਨੂੰ ਯਕੀਨੀ ਬਣਾਉਣ ਦੀ ਅਪੀਲ ਕੀਤੀ।

ਮੰਤਰੀ ਨੇ ਪੰਜਾਬ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਕੁਪੋਸ਼ਣ ਮੁਕਤ ਪੰਜਾਬ ਬਣਾਉਣ ਅਤੇ ਬੱਚਿਆਂ ਤੇ ਮਾਵਾਂ ਲਈ ਇੱਕ ਸਿਹਤਮੰਦ ਭਵਿੱਖ ਯਕੀਨੀ ਬਣਾਉਣ ਲਈ ਇੱਕਜੁੱਟ ਹੋਣ।

# ਅੰਮ੍ਰਿਤਸਰ ਹਵਾਈ ਅੱਡੇ ਤੇ ਭਾਰਤੀ ਯਾਤਰੀ ਕੋਲੋਂ 7.7 ਕਿਲੋ ਗਾਂਜਾ ਬਰਾਮਦ



**ਅੰਮ੍ਰਿਤਸਰ, 8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸਥਾਨਕ ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡੇ ’ਤੇ ਤਾਇਨਾਤ ਕਸਟਮ ਵਿਭਾਗ ਨੇ ਇਕ ਭਾਰਤੀ ਯਾਤਰੀ ਕੋਲੋਂ 7.7 ਕਿਲੋ ਨਸ਼ੀਲਾ ਪਦਾਰਥ ਗਾਂਜਾ ਬਰਾਮਦ ਕੀਤਾ ਹੈ।

ਕਸਟਮ ਵਿਭਾਗ ਦੇ ਅਧਿਕਾਰੀਆਂ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਕ ਵਿਅਕਤੀ ਏਅਰ ਇੰਡੀਆ ਦੀ ਉਡਾਨ ਰਾਹੀਂ ਲਗਭਗ 11:30 ਵਜੇ ਹਵਾਈ ਅੱਡੇ ਤੇ ਪੁੱਜਿਆ ਸੀ। ਉਨ੍ਹਾਂ ਦੱਸਿਆ ਕਿ ਵਿਅਕਤੀ ਦੇ ਸਮਾਨ ਦੀ ਜਾਂਚ ਦੌਰਾਨ ਨਸ਼ੀਲਾ ਪਦਾਰਥ ਬਰਾਮਦ ਹੋਇਆ, ਜਿਸ ਦਾ ਵਜਨ ਲਗਭਗ 7.7 ਕਿਲੋ ਹੈ ਅਤੇ ਇਸ ਦੀ ਮਾਰਕੀਟ ਕੀਮਤ 7.7 ਕਰੋੜ ਰੁਪਏ ਹੈ।

ਪ੍ਰਾਪਤ ਤਸਵੀਰਾਂ ਅਨੁਸਾਰ ਕਾਬੂ ਕੀਤੇ ਵਿਅਕਤੀ ਨੇ ਵੱਖ-ਵੱਖ ਤਰ੍ਹਾਂ ਦੀਆਂ ਡੱਬੀਆਂ ਵਿਚ ਪਾਇਆ ਹੋਇਆ ਸੀ।

ਅਧਿਕਾਰੀਆਂ ਅਨੁਸਾਰ ਵਿਅਕਤੀ ਦੀ ਸ਼ਨਾਖਤ ਚੰਨਣ ਸਿੰਘ ਵਜੋਂ ਹੋਈ ਹੈ ਅਤੇ ਉਸ ਕੋਲ ਭਾਰਤੀ ਪਾਸਪੋਰਟ ਸੀ। ਤਸਕਰੀ ਕਰਕੇ ਲਿਆਂਦਾ ਗਿਆ ਇਹ ਨਸ਼ੀਲਾ ਪਦਾਰਥ ਖਾਣ ਪੀਣ ਵਾਲੀਆਂ ਵਸਤਾਂ ਦੇ ਪੈਕੇਟ ਵਿੱਚ ਬੰਦ ਸੀ। ਇਸ ਸਬੰਧੀ ਐੱਨਡੀਪੀਐੱਸ ਐਕਟ ਤਹਿਤ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ।

# ਪੰਜਾਬ ਸਿੱਖਿਆ ਕ੍ਰਾਂਤੀ ਵਿੱਚ ਨਵੀਆਂ ਪੁਲਾਂਘਾ ਪੁੱਟ ਰਿਹਾ ਹੈ: ਤਰੁਨਪ੍ਰੀਤ ਸਿੰਘ ਸੌਂਦ



**ਚੰਡੀਗੜ੍ਹ, 8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਬਦਲਦੇ ਪੰਜਾਬ ਦੀ ਮੂੰਹ ਬੋਲਦੀ ਤਸਵੀਰ ਹੁਣ ਹਰ ਪਾਸੇ ਨਜ਼ਰ ਆ ਰਹੀ ਹੈ। ਸੂਬਾ ÷ਪੰਜਾਬ ਸਿੱਖਿਆ ਕ੍ਰਾਂਤੀ÷ ਵਿੱਚ ਨਵੀਆ ਪੁਲਾਘਾ ਪੁੱਟ ਰਿਹਾ ਹੈ। ਪੰਜਾਬ ਸਰਕਾਰ ਨੇ ਬਜਟ ਵਿੱਚ ਸਿੱਖਿਆ ਖੇਤਰ ਲਈ 17,762 ਕਰੋੜ ਰੁਪਏ ਰੱਖੇ ਹਨ। ਸਿੱਖਿਆ ਕਿਸੇ ਵੀ ਸਮਾਜ ਦੀ ਰੀੜ੍ਹ ਦੀ ਹੱਡੀ ਹੁੰਦੀ ਹੈ ਅਤੇ ਸੂਬਾ ਸਰਕਾਰ ਇਹ ਯਕੀਨੀ ਬਣਾਉਣ ਲਈ ਵਿਦਿਅਕ ਢਾਂਚੇ ਵਿੱਚ ਨਿਰੰਤਰ ਸੁਧਾਰ ਕਰ ਰਹੀ ਹੈ ਕਿ ਹਰੇਕ ਬੱਚੇ, ਭਾਵੇਂ ਪਿਛੋਕੜ ਦਾ ਕੋਈ ਵੀ ਹੋਵੇ, ਮਿਆਰੀ ਸਿੱਖਿਆ ਪ੍ਰਾਪਤ ਕਰ ਸਕੇ। ਇਹ ਪ੍ਰਗਟਾਵਾ ਪੰਜਾਬ ਦੇ ਪੇਂਡੂ ਵਿਕਾਸ ਤੇ ਪੰਚਾਇਤ, ਉਦਯੋਗ ਤੇ ਵਣਜ, ਪੂੰਜੀ ਨਿਵੇਸ਼ ਪ੍ਰੋਤਸਾਹਨ, ਕਿਰਤ ਅਤੇ ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲਿਆਂ ਬਾਰੇ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਸੋਮਵਾਰ ਨੂੰ ਹਲਕਾ ਖੰਨਾ ਦੇ ਸਰਕਾਰੀ ਮਿਡਲ ਸਕੂਲ ਰਹੌਣ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲਲਹੇੜੀ, ਸਰਕਾਰੀ ਪ੍ਰਾਇਮਰੀ ਸਕੂਲ ਮਲਕਪੁਰ, ਸਰਕਾਰੀ ਮਿਡਲ ਸਕੂਲ ਗੋਹ, ਸਰਕਾਰੀ ਪ੍ਰਾਇਮਰੀ ਸਕੂਲ ਗੋਹ ਅਤੇ ਸਰਕਾਰੀ ਮਿਡਲ ਸਕੂਲ ਰਤਨਹੇੜੀ ਦੇ 79.85 ਲੱਖ ਰੁਪਏ ਦੀ ਲਾਗਤ ਨਾਲ ਹੋਏ ਵਿਕਾਸ ਕਾਰਜਾਂ ਦਾ ਉਦਘਾਟਨ ਕਰਨ ਮੌਕੇ ਕੀਤਾ।

ਵਿਸਥਾਰ ਵਿੱਚ ਜਾਣਕਾਰੀ ਦਿੰਦਿਆਂ ਤਰੁਨਪ੍ਰੀਤ ਸਿੰਘ ਸੌਂਦ ਨੇ ਦੱਸਿਆ ਕਿ ਪਿੰਡ ਰਹੌਣ ਦੇ ਸਰਕਾਰੀ ਮਿਡਲ ਸਕੂਲ ਵਿੱਚ 19 ਲੱਖ ਰੁਪਏ ਦੀ ਲਾਗਤ ਨਾਲ ਚਾਰਦੀਵਾਰੀ ਕਰਵਾਈ ਗਈ ਹੈ। ਇਸ ਤੋਂ ਇਲਾਵਾ ਬਾਥਰੂਮ ਦੀ ਪੂਰੀ ਤਿਆਰੀ ਅਤੇ ਕੁਝ ਮੁਰੰਮਤ ਦਾ ਕੰਮ ਸੀ, ਉਸ ’ਤੇ 1 ਲੱਖ ਰੁਪਏ ਖਰਚ ਕੀਤਾ ਗਿਆ ਹੈ।

# ਪੰਜਾਬ ਸਿੱਖਿਆ ਕ੍ਰਾਂਤੀ ਦਾ ਅਸਰ, ਸਰਕਾਰੀ ਸਕੂਲਾਂ ਨੇ ਪ੍ਰਾਈਵੇਟ ਸਕੂਲਾਂ ਨੂੰ ਮਾਤ ਪਾਈ: ਅਜੀਤਪਾਲ ਸਿੰਘ ਕੋਹਲੀ

**ਪਟਿਆਲਾ, 8 ਅਪ੍ਰੈਲ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਅੱਜ ਪੰਜਾਬ ਸਰਕਾਰ ਵੱਲੋਂ ਅਰੰਭੀ ‘ਪੰਜਾਬ ਸਿੱਖਿਆ ਕ੍ਰਾਂਤੀ’ ਤਹਿਤ ਸਰਕਾਰੀ ਸੀਨੀਅਰ ਸੈਕੰਡਰੀ ਗਰਲਜ਼ ਸਕੂਲ ਪੁਰਾਣੀ ਪੁਲਿਸ ਲਾਈਨ ਵਿਖੇ ਕਰੀਬ 12 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਅਤਿਆਧੁਨਿਕ ਇੰਟਰੈਕਟਿਵ ਪੈਨਲ ਨਾਲ ਲੈਸ ਮਾਡਰਨ ਕਲਾਸ ਰੂਮ ਅਤੇ 8 ਬਾਥਰੂਮਾਂ ਵਾਲੇ ਨਵੇਂ ਟੁਆਇਲਟ ਬਲਾਕ ਨੂੰ ਵਿਦਿਆਰਥੀਆਂ ਦੇ ਸਮਰਪਿਤ ਕੀਤਾ। ਉਨ੍ਹਾਂ ਨੇ ਇਸ ਮੌਕੇ ਵਿਸ਼ੇਸ਼ ਪ੍ਰਾਪਤੀਆਂ ਵਾਲੇ ਵਿਦਿਆਰਥੀਆਂ ਦਾ ਸਨਮਾਨ ਵੀ ਕੀਤਾ ਅਤੇ ਨਵੀਂ ਸਿੱਖਿਆ ਕ੍ਰਾਂਤੀ ਲਈ ਵਧਾਈ ਵੀ ਦਿੱਤੀ।



ਇਸ ਮੌਕੇ ਵਿਧਾਇਕ ਕੋਹਲੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਨੇ ਜੋ ਸੁਪਨਾ 2022 ਵਿੱਚ ਲੋਕਾਂ ਨੂੰ ਦਿਖਾਇਆ ਸੀ ਹੁਣ ਪੰਜਾਬ ਸਰਕਾਰ ਉਸਨੂੰ ਸਾਕਾਰ ਕਰ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਸਿਹਤ ਅਤੇ ਸਿੱਖਿਆ ਆਪ ਸਰਕਾਰ ਦੀ ਵਿਸ਼ੇਸ਼ ਪਹਿਲਕਦਮੀ ਸਦਕਾ ਅੱਜ ਸਰਕਾਰੀ ਸਕੂਲ ਪ੍ਰਾਈਵੇਟ ਸਕੂਲਾਂ ਨੂੰ ਮਾਤ ਪਾ ਰਹੇ ਹਨ। ਲੋਕਾਂ ਵੱਲੋਂ ਨਿਜੀ ਸਕੂਲਾਂ ਨਾਲੋਂ ਸਰਕਾਰੀ ਸਕੂਲਾਂ ਨੂੰ ਤਰਜੀਹ ਦੇਣ ਕਰਕੇ ਇਨ੍ਹਾਂ ਸਕੂਲਾਂ ਵਿੱਚ ਦਾਖਲਿਆਂ ਲਈ ਲਾਇਨਾਂ ਲੱਗ ਰਹੀਆਂ ਹਨ, ਜਿਸ ਤੋਂ ਪਤਾ ਲੱਗਦਾ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਇਨ੍ਹਾਂ ਸਕੂਲਾਂ ਦਾ ਵਕਾਰ ਅਤੇ ਲੋਕਾਂ ਦਾ ਵਿਸ਼ਵਾਸ਼ ਬਹਾਲ ਕੀਤਾ ਹੈ।

ਵਿਧਾਇਕ ਕੋਹਲੀ ਨੇ ਦੱਸਿਆ ਕਿ ਆਮ ਆਦਮੀ ਪਾਰਟੀ ਨੇ ਸ੍ਰੀ ਅਰਵਿੰਦ ਕੇਜਰੀਵਾਲ ਦੀ ਅਗਵਾਈ ਹੇਠ ਜੋ ਸਿੱਖਿਆ ਦਾ ਮਾਡਲ ਬਣਾਇਆ ਉਸ ਦੀ ਦੇਸ਼ ਤੇ ਵਿਦੇਸ਼ਾਂ ਵਿੱਚ ਸ਼ਲਾਘਾ ਹੋਈ ਹੈ, ਜਿਸ ਤਹਿਤ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਅਧਿਆਪਕਾਂ ਤੇ ਪ੍ਰਿੰਸੀਪਲਾਂ ਨੂੰ ਵਿਦੇਸ਼ਾਂ ’ਚ ਸਿਖਲਾਈ, ਨਵੇਂ ਸਕੂਲ ਆਫ਼ ਐਮੀਨੈਂਸ, ਕਿੱਤਾਮੁਖੀ ਸਿੱਖਿਆ ਅਤੇ ਅਧਿਆਪਕਾਂ ਦੀ ਭਰਤੀ ਕੀਤੀ ਗਈ, ਜਿਸ ਨਾਲ ਸਕੂਲਾਂ ’ਚ ਸੁਰੱਖਿਆ ਤੇ ਸਿੱਖਿਆ ਦਾ ਵਾਤਵਰਣ ਬਣਿਆ ਹੈ ਅਤੇ ਬੱਚੇ ਸਿੱਖਿਆ ਸਮੇਤ ਹੋਰ ਸਹਿ ਵਿੱਦਿਅਕ ਖੇਤਰਾਂ ’ਚ ਮੱਲਾਂ ਮਾਰ ਰਹੇ ਹਨ।

ਸਕੂਲ ਪ੍ਰਿੰਸੀਪਲ ਮਨਦੀਪ ਕੌਰ ਅੰਟਾਲ ਨੇ ਵਿਧਾਇਕ ਕੋਹਲੀ ਦਾ ਸਵਾਗਤ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦਾ ਵਿਸ਼ੇਸ਼ ਧੰਨਵਾਦ ਕੀਤਾ। ਉਨ੍ਹਾਂ ਸਕੂਲ ਦੀਆਂ ਪ੍ਰਾਪਤੀਆਂ ਦੱਸਦਿਆਂ ਕਿਹਾ ਕਿ ਇਸ ਸਕੂਲ ਨੂੰ ਹੁਨਰ ਸਿੱਖਿਆ ਸਕੂਲ ਲਈ ਚੁਣਿਆ ਗਿਆ ਹੈ ਤੇ ਇੱਥੇ ਬਿਊਟੀ ਵੈਲਨੈਸ ਤੇ ਵੈਲਨੈਸ ਦੇ ਕੋਰਸ ਕਰਵਾਏ ਜਾ ਰਹੇ ਹਨ, ਜਿਸ ਕਰਕੇ ਅਸਲ ਵਿੱਚ ਸਿੱਖਿਆ ਕ੍ਰਾਂਤੀ ਉਨ੍ਹਾਂ ਦੇ ਸਕੂਲ ਵਿੱਚ ਆਈ ਹੈ।

ਸਮਾਗਮ ਦੌਰਾਨ ਪੁੱਜੇ ਮਾਪਿਆਂ ਤੇ ਵਾਰਸਾਂ ਰੋਹਿਤ ਕੁਮਾਰ, ਅਮਨਜੋਤ ਸਿੰਘ, ਰਾਮ ਕੁਮਾਰ, ਰਮਾ, ਗੌਰੀ, ਸੋਨੀਆ ਅਤੇ ਹਰਪ੍ਰੀਤ ਕੌਰ ਆਦਿ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਪੰਜਾਬ ਸਰਕਾਰ ਵੱਲੋਂ ਲਿਆਂਦੀ ਗਈ ਪੰਜਾਬ ਸਿੱਖਿਆ ਕ੍ਰਾਂਤੀ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਵਿੱਚ ਨਵੇਂ ਬੁਨਿਆਦੀ ਢਾਂਚੇ ਦਾ ਉਨ੍ਹਾਂ ਦੇ ਬੱਚਿਆਂ ਨੂੰ ਬਹੁਤ ਲਾਭ ਹੋਵੇਗਾ। ਜਦੋਂਕਿ ਵਿਦਿਆਰਥੀਆਂ ਨੇ ਵੀ ਸਕੂਲ ਵਿੱਚ ਨਵੇਂ ਸਾਜੋ-ਸਮਾਨ ਨੂੰ ਆਪਣੇ ਲਈ ਲਾਭਕਾਰੀ ਦੱਸਦਿਆਂ ਪੰਜਾਬ ਸਰਕਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਨਵੇਂ ਸਿੱਖਿਆ ਵਾਤਾਵਰਣ ਦਾ ਬਹੁਤ ਲਾਭ ਹੋ ਰਿਹਾ ਹੈ। ਇਸ ਮੌਕੇ ਵਿਦਿਆਰਥੀਆਂ ਨੇ ਰੰਗਾ ਰੰਗ ਪ੍ਰੋਗਰਾਮ ਵੀ ਪੇਸ਼ ਕੀਤਾ।

ਇਸ ਮੌਕੇ ਮੇਅਰ ਕੁੰਦਨ ਗੋਗੀਆ, ਆਪ ਦੇ ਸ਼ਹਿਰੀ ਜ਼ਿਲ੍ਹਾ ਪ੍ਰਧਾਨ ਤੇਜਿੰਦਰ ਮਹਿਤਾ, ਕੌਂਸਲਰ ਰਮਨਪ੍ਰੀਤ ਕੌਰ ਕੋਹਲੀ, ਸਿੱਖਿਆ ਕੋਆਰਡੀਨੇਟਰ ਅਮਿਤ ਡਾਬੀ, ਰਵਿੰਦਰਪਾਲ ਸਿੰਘ ਜੌਨੀ ਕੋਹਲੀ, ਰਵੀ ਭਾਟੀਆ, ਸੁਸ਼ੀਲ ਮਿੱਡਾ, ਰੋਹਿਤ ਸਿੰਗਲਾ, ਭਾਰਤ ਡਾਬੀ, ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ਼ਾਲੂ ਮਹਿਰਾ, ਹਲਕਾ ਸਕੂਲ ਕੋਆਰਡੀਨੇਟਰ ਮਨੋਜ ਥਾਪਰ ਅਤੇ ਵੱਡੀ ਗਿਣਤੀ ਮਾਪੇ, ਅਧਿਆਪਕ ਤੇ ਵਿਦਿਆਰਥੀ ਮੌਜੂਦ ਸਨ।

# ਨਸ਼ਿਆਂ ਖ਼ਿਲਾ.ਫ ਰਾਜਪਾਲ ਦਾ ਪੈਦਲ ਮਾਰਚ ਅੰਮ੍ਰਿਤਸਰ ਪੁੱਜਾ

## ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਨਸ਼ਿਆਂ ਦੇ ਖ਼ਾਤਮੇ ਲਈ ਸੂਬੇ ਦੇ ਲੋਕਾਂ ਤੋਂ ਸਹਿਯੋਗ ਮੰਗਿਆ; ਗੁਰੂ ਨਗਰੀ ਵਿਚ ਥਾਂ-ਥਾਂ ਹੋਇਆ ਪੈਦਲ ਮਾਰਚ ਦਾ ਨਿੱਘਾ ਸਵਾਗਤ

**ਅੰਮ੍ਰਿਤਸਰ, 8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਵੱਲੋਂ ਨਸ਼ਿਆਂ ਵਿਰੁੱਧ ਲੋਕਾਂ ਨੂੰ ਜਾਗਰੂਕ ਕਰਨ ਵਾਸਤੇ ਸ਼ੁਰੂ ਕੀਤਾ ਗਿਆ ਪੈਦਲ ਮਾਰਚ ਅੱਜ ਪੰਜਵੇਂ ਦਿਨ ਅੰਮ੍ਰਿਤਸਰ ਸ਼ਹਿਰ ਵਿੱਚ ਦਾਖਲ ਹੋਇਆ। ਮਾਰਚ ਦੀ ਅਗਵਾਈ ਕਰ ਰਹੇ ਰਾਜਪਾਲ ਨੇ ਰਾਜ ਵਿੱਚੋਂ ਨਸ਼ੇ ਦੇ ਖਾਤਮੇ ਲਈ ਲੋਕਾਂ ਦਾ ਸਹਿਯੋਗ ਮੰਗਦਿਆਂ ਕਿਹਾ ਕਿ ਪੰਜਾਬ ਗੁਰੂਆਂ, ਪੀਰਾਂ, ਯੋਧਿਆਂ, ਪੈਗੰਬਰਾਂ, ਖਿਡਾਰੀਆਂ, ਦੇਸ਼ ਭਗਤਾਂ ਦੀ ਧਰਤੀ ਹੈ ਅਤੇ ਇਸ ਦੀ ਇਹੀ ਪਛਾਣ ਬਣੀ ਰਹਿਣੀ ਚਾਹੀਦੀ ਹੈ।



ਨਸ਼ਿਆਂ ਵਿਰੁੱਧ ਮਾਰਚ ਦੀ ਅਗਵਾਈ ਕਰਦੇ ਹੋਏ ਰਾਜਪਾਲ ਪੰਜਾਬ

ਉਨ੍ਹਾਂ ਕਿਹਾ ਕਿ ਜਦੋਂ ਵੀ ਦੇਸ਼ ਉੱਤੇ ਕੋਈ ਸੰਕਟ ਪਿਆ ਹੈ ਤਾਂ ਪੰਜਾਬ ਵਾਸੀਆਂ ਨੇ ਅੱਗੇ ਹੋ ਕੇ ਇਸ ਦਾ ਸਾਹਮਣਾ ਕੀਤਾ। ਦੇਸ਼ ਦੀ ਆਜ਼ਾਦੀ ਲਹਿਰ ਵਿੱਚ ਵੀ ਪੰਜਾਬ ਦੇ ਸੂਰਬੀਰਾਂ ਨੇ ਸਭ ਤੋਂ ਵੱਧ ਕੁਰਬਾਨੀਆਂ ਕੀਤੀਆਂ। ਉਨ੍ਹਾਂ ਕਿਹਾ ਕਿ ਬੀਤੇ ਸਮੇਂ ਵਿੱਚ ਨਸ਼ੇ ਦਾ ਘੁਣ ਪੰਜਾਬ ਨੂੰ ਲੱਗਾ ਹੈ ਜਿਸ ਨੂੰ ਖਤਮ ਕਰਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਜਦੋਂ ਤੱਕ ਲੋਕਾਂ ਦਾ ਸਾਥ ਨਹੀਂ ਮਿਲਦਾ ਨਸ਼ਿਆਂ ਵਿਰੁੱਧ ਯੁੱਧ ਵਿੱਚ ਜਿੱਤ ਅਸੰਭਵ ਹੈ। ਉਨ੍ਹਾਂ ਲੋਕਾਂ ਨੂੰ ਸੱਦਾ ਦਿੱਤਾ ਕਿ ਆਪਣੇ ਬੱਚਿਆਂ, ਪਰਿਵਾਰ ਦੇ ਨਾਲ ਨਾਲ ਆਪਣੇ ਆਂਢੀਆਂ-ਗੁਆਂਢੀਆਂ ਦੇ ਬੱਚਿਆਂ ਪ੍ਰਤੀ ਵੀ ਚੇਤੰਨ ਰਹੋ। ਬੱਚਿਆਂ ਨੂੰ ਸਿੱਖਿਆ ਦੇ ਨਾਲ ਨਾਲ ਖੇਡ ਮੈਦਾਨਾਂ ਤੱਕ ਵੀ ਪਹੁੰਚ ਦਿਓ ਤਾਂ ਜੋ ਉਹ ਮੋਬਾਈਲ ਤੂੰ ਦੂਰ ਰਹਿ ਕੇ ਸਮਾਜ ਨਾਲ ਜੁੜਨ।

ਉਨ੍ਹਾਂ ਕਿਹਾ ਕਿ ਯੂਨੀਵਰਸਿਟੀਆਂ ਅਤੇ ਕਾਲਜਾਂ ਨੂੰ ਖੇਡਾਂ ਦੇ ਵਿਸ਼ਵ ਪੱਧਰੀ ਮੈਦਾਨ ਤਿਆਰ ਕਰਨੇ ਚਾਹੀਦੇ ਹਨ ਤਾਂ ਕਿ ਬੱਚੇ ਖੇਡਾਂ ਲਈ ਉਤਸ਼ਾਹਤ ਹੋਣ। ਇਸ ਤੋਂ ਇਲਾਵਾ ਮਾਪਿਆਂ ਦਾ ਫਰਜ਼ ਹੈ ਕਿ ਉਹ ਆਪਣੇ ਬੱਚਿਆਂ ਨੂੰ ਆਪਣੀ ਖੇਤੀ, ਆਪਣੇ ਵਪਾਰ ਨਾਲ ਜੋੜ ਕੇ ਉਨ੍ਹਾਂ ਨੂੰ ਕਿਰਤ ਦੀ ਆਦਤ ਪਾਉਣ, ਕਿਉਂਕਿ ‘ਵਿਹਲਾ ਮਨ ਸ਼ੈਤਾਨ ਦਾ ਘਰ’ ਹੁੰਦਾ ਹੈ। ਇਸੇ ਤਰ੍ਹਾਂ ਨੌਜਵਾਨਾਂ ਨੂੰ ਹੁਨਰ ਸਿਖਾਇਆ ਜਾ ਸਕਦਾ ਹੈ ਤਾਂ ਕਿ ਬੱਚੇ ਅੱਗੇ ਚੱਲ ਕੇ ਆਪਣੇ ਪੈਰਾਂ ਸਿਰ ਖੜ੍ਹੇ ਹੋ ਸਕਣ। ਉਨ੍ਹਾਂ ਕਿਹਾ ਕਿ ਨਸ਼ਾ ਕੇਵਲ ਪੰਜਾਬ ਦੀ ਸਮੱਸਿਆ ਲਈ ਇਹ ਸਾਰੇ ਦੇਸ਼ ਵਿੱਚ ਹੀ ਹੈ ਪਰ ਪੰਜਾਬ ਵਿੱਚ ਇਹ ਸਮੱਸਿਆ ਥੋੜਾ ਜ਼ਿਆਦਾ ਹੈ। ਸਰਹੱਦੀ ਸੂਬਾ ਹੋਣ ਕਰ ਕੇ ਇੱਥੇ ਨਸ਼ੇ ਦੀ ਮੌਜੂਦਗੀ ਵੱਧ ਹੈ, ਜਿਸ ਕਰਕੇ ਸਾਨੂੰ ਧਿਆਨ ਦੇਣ ਦੀ ਲੋੜ ਹੈ।

ਅੱਜ ਇਸ ਮਾਰਚ ਵਿੱਚ ਕੌਮਾਂਤਰੀ ਹਾਕੀ ਖਿਡਾਰੀ ਤੇਜਵੀਰ ਸਿੰਘ ਹੁੰਦਲ ਅਤੇ ਜੁਗਰਾਜ ਸਿੰਘ ਨੇ ਵੀ ਹਿੱਸਾ ਲਿਆ। ਇਸ ਤੋਂ ਇਲਾਵਾ ਸੰਸਦ ਮੈਂਬਰ ਵਿਕਰਮਜੀਤ ਸਾਹਨੀ, ਅਵਿਨਾਸ਼ ਰਾਏ ਖੰਨਾ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਉਪਕੁਲਪਤੀ ਡਾ. ਕਰਮਜੀਤ ਸਿੰਘ, ਲਕਸ਼ਮੀ ਕਾਂਤਾ ਚਾਵਲਾ, ਪੁਲੀਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ, ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ, ਵਰਲਡ ਪੰਜਾਬੀ ਆਰਗਨਾਈਜ਼ੇਸ਼ਨ ਦੇ ਮੀਤ ਪ੍ਰਧਾਨ ਕਰਨ ਗਲਹੋਤਰਾ ਅਤੇ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਵੀ ਪੈਦਲ ਮਾਰਚ ਵਿੱਚ ਸ਼ਾਮਿਲ ਹੋਈਆਂ। ਰਸਤੇ ਵਿੱਚ ਸ਼ਹਿਰ ਦੀਆਂ ਟਰੇਡ, ਸਨਅਤ ਅਤੇ ਕਾਰੋਬਾਰ ਨਾਲ ਹੋਰ ਜੁੜੀਆਂ ਐਸੋਸੀਏਸ਼ਨ ਵੱਲੋਂ ਰਾਜਪਾਲ ਪੰਜਾਬ ਦਾ ਸਨਮਾਨ ਕੀਤਾ ਗਿਆ।

ਇਸ ਤੋਂ ਬਾਅਦ ਰਾਜਪਾਲ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਖੇ ਪੇਂਡੂ ਸੁਰੱਖਿਆ ਕਮੇਟੀਆਂ ਦੇ ਨਾਲ ਮੀਟਿੰਗ ਕੀਤੀ। ਇਸ ਮੌਕੇ ਉਨ੍ਹਾਂ ਸੱਦਾ ਦਿੱਤਾ ਕਿ ਨਸ਼ੇ ਦੀ ਤਸਕਰੀ ਨੂੰ ਰੋਕਣ ਲਈ ਸੁਰੱਖਿਆ ਕਮੇਟੀਆਂ ਨੂੰ ਸੁਰੱਖਿਆ ਏਜੰਸੀਆਂ ਨੂੰ ਪੂਰਨ ਸਹਿਯੋਗ ਦੇਣਾ ਚਾਹੀਦਾ ਹੈ। ਉਨ੍ਹਾਂ ਨਾਲ ਹੀ ਪ੍ਰਸ਼ਾਸਨ ਨੂੰ ਵੀ ਕਿਹਾ ਕਿ ਸੁਰੱਖਿਆ ਕਮੇਟੀਆਂ ਨੂੰ ਮਜ਼ਬੂਤ ਕੀਤਾ ਜਾਵੇ, ਤਾਂ ਜੋ ਇਹ ਹਰੇਕ ਤਰ੍ਹਾਂ ਦੀ ਮੁਸ਼ਕਿਲ ਦਾ ਮੁਕਾਬਲਾ ਕਰ ਸਕਣ।

# ਮੋਗਾ ਸੈਕਸ ਸਕੈਂਡਲ ’ਚ ਦੋਸ਼ੀ ਪੁਲੀਸ ਅ.ਫਸਰਾਂ ਨੂੰ 5-5 ਸਾਲ ਦੀ ਕੈਦ ਤੇ ਜੁਰਮਾਨਾ

**ਮੁਹਾਲੀ, 8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁਹਾਲੀ ਦੀ ਵਿਸ਼ੇਸ਼ ਸੀਬੀਆਈ ਅਦਾਲਤ ਨੇ ਬਹੁਚਰਚਿਤ ਮੋਗਾ ਸੈਕਸ ਸਕੈਂਡਲ ਮਾਮਲੇ ਵਿੱਚ ਭ੍ਰਿਸਟਾਚਾਰ ਅਤੇ ਜਬਰੀ ਵਸੂਲੀ ਦੇ ਦੋਸ਼ ਵਿੱਚ ਮੋਗਾ ਦੇ ਤਤਕਾਲੀ ਐੱਸਐੱਸਪੀ ਦਵਿੰਦਰ ਸਿੰਘ ਗਰਚਾ, ਤਤਕਾਲੀ ਐੱਸਪੀ (ਐੱਚ) ਪਰਮਦੀਪ ਸਿੰਘ ਸੰਧੂ ਸਮੇਤ ਮੋਗਾ ਸਿਟੀ ਥਾਣੇ ਦੇ ਦੋ ਸਾਬਕਾ ਐੱਸਐੱਚਓਜ਼ ਰਮਨ ਕੁਮਾਰ ਅਤੇ ਇੰਸਪੈਕਟਰ ਅਮਰਜੀਤ ਸਿੰਘ ਨੂੰ ਅੱਜ 5-5 ਸਾਲ ਕੈਦ ਅਤੇ 2-2 ਲੱਖ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ। ਉਪਰੋਕਤ ਪੁਲੀਸ ਅਫ਼ਸਰਾਂ ਨੂੰ ਭ੍ਰਿਸ਼ਟਾਚਾਰ ਅਤੇ ਜਬਰੀ ਵਸੂਲੀ ਦਾ ਦੋਸ਼ੀ ਪਾਇਆ ਗਿਆ ਹੈ। ਇਸ ਮਾਮਲੇ ਵਿੱਚ ਨਾਮਜ਼ਦ ਸਾਬਕਾ ਅਕਾਲੀ ਮੰਤਰੀ ਜਥੇਦਾਰ ਤੋਤਾ ਸਿੰਘ ਦੇ ਪੁੱਤਰ ਬਰਜਿੰਦਰ ਸਿੰਘ ਉਰਫ਼ ਮੱਖਣ ਬਰਾੜ ਅਤੇ ਸੁਖਰਾਜ ਸਿੰਘ ਨੂੰ ਪਿਛਲੀ ਤਰੀਕ ’ਤੇ ਪਹਿਲਾਂ ਹੀ ਸਾਰੇ ਦੋਸ਼ਾਂ ਤੋਂ ਬਰੀ ਕਰ ਦਿੱਤਾ ਗਿਆ ਸੀ ਜਦੋਂਕਿ ਇੱਕ ਮਹਿਲਾ ਮੁਲਜ਼ਮ ਮਨਜੀਤ ਕੌਰ ਦੀ ਕੇਸ ਦੀ ਸੁਣਵਾਈ ਦੌਰਾਨ ਮੌਤ ਹੋ ਚੁੱਕੀ ਹੈ। ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਹੁਕਮਾਂ ’ਤੇ ਸੀਬੀਆਈ ਨੇ 11 ਦਸੰਬਰ 2007 ਨੂੰ ਪਰਚਾ ਦਰਜ ਕੀਤਾ ਸੀ।

# ਪਟਿਆਲਾ ਜ਼ਿਲ੍ਹੇ ਦੇ 16 ਸਕੂਲਾਂ ਵਿੱਚ ਹਲਕਾ ਵਿਧਾਇਕਾਂ ਨੇ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ 40 ਤੋਂ ਵਧੇਰੇ ਵਿਕਾਸ ਕਾਰਜ ਵਿਦਿਆਰਥੀਆਂ ਨੂੰ ਕੀਤੇ ਸਮਰਪਿਤ

**ਪਟਿਆਲਾ, 8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਰਹਿਨੁਮਾਈ ਅਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੀ ਅਗਵਾਈ ਹੇਠ, ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਅੱਜ ਪਟਿਆਲਾ ਜ਼ਿਲ੍ਹੇ ਦੇ 16 ਸਕੂਲਾਂ ਵਿੱਚ 40 ਤੋਂ ਵਧੇਰੇ ਵਿਕਾਸ ਕਾਰਜ ਜਿਨ੍ਹਾਂ ਲੈਬਜ਼, ਮਾਡਰਨ ਕਲਾਸ ਰੂਮ, ਲਾਇਬਰੇਰੀ ਚਾਰਦੀਵਾਰੀ, ਬਾਥਰੂਮ ਆਦਿ ਸੰਪੂਰਨਤਾ ਪ੍ਰੋਗਰਾਮ ਕਰਵਾਏ ਗਏ।

ਇਸ ਦੌਰਾਨ ਪਟਿਆਲਾ ਦੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ, ਸਮਾਣਾ ਦੇ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ, ਰਾਜਪੁਰਾ ਤੋਂ ਨੀਨਾ ਮਿੱਤਲ, ਸ਼ੁਤਰਾਣਾ ਤੋਂ ਕੁਲਵੰਤ ਸਿੰਘ ਬਾਜੀਗਰ, ਘਨੌਰ ਤੋਂ ਗੁਰਲਾਲ ਘਨੌਰ ਸਮੇਤ ਸਨੌਰ ਤੋਂ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਦੇ ਸੁਪਤਨੀ ਸਿਮਰਜੀਤ ਕੌਰ ਤੇ ਪੁੱਤਰ ਹਰਜਸ਼ਨ ਪਠਾਣਮਾਜਰਾ ਨੇ ਸਕੂਲਾਂ ਵਿਖੇ ਭਾਗ ਲਿਆ। ਉਨ੍ਹਾਂ ਨੇ ਸਕੂਲਾਂ ਵਿੱਚ ਹੋ ਰਹੇ ਵਿਕਾਸ ਕਾਰਜਾਂ ਦੇ ਸੰਪੂਰਨ ਹੋਣ ਉਤੇ ਕਾਰਜ ਵਿਦਿਆਰਥੀਆਂ ਨੂੰ ਸਮਰਪਿਤ ਕਰਦਿਆਂ ਅਧਿਆਪਕਾਂ ਅਤੇ ਵਿਦਿਆਰਥੀਆਂ ਦੀ ਹੌਸਲਾ-ਅਫ਼ਜ਼ਾਈ ਕੀਤੀ ਗਈ। ਵਿਧਾਇਕਾਂ ਨੇ ਕਿਹਾ ਕਿ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਸਕੂਲਾਂ ਵਿੱਚ ਬਦਲਾਅ ਆਉਣ ਨਾਲ ਪੰਜਾਬ ਬਦਲ ਰਿਹਾ ਹੈ।ਇਸ ਦੌਰਾਨ ਵਿਦਿਆਰਥੀਆਂ ਨੇ ਵਿਦਿਅਕ ਪ੍ਰਦਰਸ਼ਨੀਆਂ, ਸੱਭਿਆਚਾਰਕ ਪ੍ਰੋਗਰਾਮ ਅਤੇ ਹੋਰ ਗਤੀਵਿਧੀਆਂ ਪੇਸ਼ ਕਰਦਿਆਂ ਮਾਪਿਆਂ ਅਤੇ ਪਤਵੰਤੇ ਸੱਜਣਾਂ ਨੂੰ ਪ੍ਰਭਾਵਿਤ ਕੀਤਾ।ਇਸ ਤਰ੍ਹਾਂ ਅੱਜ ਦੇ ਇਹ ਪ੍ਰੋਗਰਾਮ ਸਿੱਖਿਆ ਖੇਤਰ ਵਿੱਚ ਚੱਲ ਰਹੀ ਤਬਦੀਲੀ ਅਤੇ ਸਰਕਾਰੀ ਸਕੂਲਾਂ ਦੀ ਵਿਕਾਸ ਯਾਤਰਾ ਦੀ ਜਿਉਂਦੀ ਜਾਗਦੀ ਉਦਾਹਰਨ ਸਾਬਤ ਹੋਏ। ਇਸ ਮੌਕੇ ਵਿਧਾਇਕ ਹਲਕਾ ਪਟਿਆਲਾ ਸ਼ਹਿਰੀ ਅਜੀਤਪਾਲ ਸਿੰਘ ਕੋਹਲੀ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪੁਰਾਣੀ ਪੁਲਿਸ ਲਾਇਨਜ ਪਟਿਆਲਾ, ਵਿਧਾਇਕ ਹਲਕਾ ਰਾਜਪੁਰਾ ਨੀਨਾ ਮਿੱਤਲ ਨੇ ਸਰਕਾਰੀ ਕੰਨਿਆ ਸਕੂਲ ਰਾਜਪੁਰਾ ਟਾਊਨ ਅਤੇ ਕਾਲਕਾ ਰੋਡ ਰਾਜਪੁਰਾ, ਵਿਧਾਇਕ ਹਲਕਾ ਘਨੌਰ ਗੁਰਲਾਲ ਸਿੰਘ ਘਨੌਰ ਨੇ ਸਰਕਾਰੀ ਹਾਈ ਸਕੂਲ ਨਰੜੂ, ਵਿਧਾਇਕ ਹਲਕਾ ਸਮਾਣਾ ਚੇਤਨ ਸਿੰਘ ਜੌੜਾਮਾਜਰਾ ਨੇ ਘੜਾਮ ਦੇ ਨਾਲ-ਨਾਲ ਸਰਕਾਰੀ ਸਰਕਾਰੀ ਕੰਨਿਆ ਸਕੂਲ ਸਮਾਣਾ, ਸਰਕਾਰੀ ਸਕੂਲ ਲੜਕੇ ਤੇ ਪ੍ਰਾਇਮਰੀ ਸਕੂਲ ਮਲਕਾਣਾ ਪੱਤੀ ਵਿਖੇ ਵਿਕਾਸ ਕਾਰਜਾਂ ਦੇ ਉਦਘਾਟਨ ਕੀਤੇ। ਜਦੋਂ ?ਕਿ ਹਲਕਾ ਸਨੌਰ ਦੇ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਦੇ ਨੁਮਾਇੰਦਿਆਂ ਨੇ ਸਰਕਾਰੀ ਪ੍ਰਾਇਮਰੀ ਅਤੇ ਹਾਈ ਸਕੂਲ ਘੜਾਮ ਦੇ ਨਾਲ-ਨਾਲ ਸਰਕਾਰੀ ਪ੍ਰਾਇਮਰੀ ਅਤੇ ਸੀਨੀਅਰ ਸੈਕੰਡਰੀ ਸਕੂਲ ਭਗਵਾਨਪੁਰ ਜੱਟਾਂ ਵਿਖੇ ਹਲਕਾ ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਬਾਜੀਗਰ ਨੇ ਸਰਕਾਰੀ ਪ੍ਰਾਇਮਰੀ ਅਤੇ ਸੀਨੀਅਰ ਸੈਕੰਡਰੀ ਸਕੂਲ ਬਹਿਰ ਜੱਛ, ਸਰਕਾਰੀ ਪ੍ਰਾਇਮਰੀ ਸਕੂਲ ਸਾਗਰਾ, ਗੁਰੂਨਾਨਕਪੁਰਾ ਅਤੇ ਮਤੌਲੀ ਵਿਖੇ ਉਦਘਾਟਨ ਸਮਾਗਮਾਂ ਵਿੱਚ ਸ਼ਿਰਕਤ ਕੀਤੀ।



ਮਿਨੀ ਕਹਾਣੀ

# ਉਹ ਮਾਂ ਸੀ

ਰਾਜਵੀਰ ਨੇ ਜਦੋਂ ਨਵੀਂ ਕਾਰ ਲਈ ਤਾਂ ਸਭ ਤੋਂ ਵੱਧ ਖ਼ੁਸ਼ੀ ਉਸ ਦੀ ਪਤਨੀ ਨੂੰ ਹੋਈ। ਬੇਟੀ ਤੇ ਬੇਟਾ ਵੀ ਸਕੂਲ ਵਿਚ ਨਵੀਂ ਕਾਰ ਦੀਆਂ ਗੱਲਾਂ ਕਰਦੇ ਰਹਿੰਦੇ। ਉਂਜ ਤਾਂ ਉਸ ਦੀ ਮਾਂ ਵੀ ਖ਼ੁਸ਼ ਸੀ ਪਰ ਫਿਰ ਵੀ ਉਹ ਆਪਣੇ ਪੁੱਤਰ ਲਈ ਫ਼ਿਕਰਮੰਦ ਸੀ। ਬੱਚਿਆਂ ਦੀ ਫ਼ਰਮਾਇਸ਼ ਤੇ ਪਤਨੀ ਦੇ ਰੋਸਿਆਂ ਨੇ ਕਾਰ ਖ਼ਰੀਦਣ ਲਈ ਉਸ ਨੂੰ ਮਨਾ ਹੀ ਲਿਆ ਸੀ।

ਉਸ ਨੇ ਕਾਰ ਲਿਆ ਕੇ ਘਰ ਖੜ੍ਹੀ ਕਰ ਲਈ। ਆਪ ਇਕ ਟ੍ਰੇਨਿੰਗ ਸਕੂਲ ਵਿਚ ਕਾਰ ਸਿੱਖਣ ਲੱਗ ਪਿਆ। ਪਹਿਲੇ ਪੰਦਰਾਂ ਦਿਨ ਤਾਂ ਉਹ ਨੂੰ ਕਾਰ ਦਾ ਕੁਝ ਵੀ ਸਮਝ ਨਾ ਲੱਗਾ। ਹੌਲੀ-ਹੌਲੀ ਉਹ ਕਾਰ ਤਾਂ ਚਲਾਉਣੀ ਸਿੱਖ ਗਿਆ ਪਰ ਅਜੇ ਵੀ ਡਰਦਾ-ਡਰਦਾ ਕਾਰ ਚਲਾਉਂਦਾ ਸੀ। ਜਿਸ ਦਿਨ ਉਸ ਦੀ ਟ੍ਰੇਨਿੰਗ ਪੂਰੀ ਹੋਈ, ਉਹ ਘਰ ਆ ਕੇ ਕਾਰ ਚਲਾਉਣ ਲੱਗਾ ਤਾਂ ਬੱਚੇ ਮੋਹਰੇ ਬੈਠਣ ਦੀ ਜ਼ਿਦ ਕਰਨ ਲੱਗੇ। 'ਓਏ ਅਜੇ ਮੈਨੂੰ ਪੂਰੀ ਤਰ੍ਹਾਂ ਕਾਰ ਨਹੀਂ ਆਉਂਦੀ। ਤੁਸੀਂ ਨਾ ਬੈਠੋ। ਜਦੋਂ ਮੈਂ ਚਲਾਉਣ ਲੱਗ ਪਿਆ ਫੇਰ ਤੁਸੀ ਬੈਠ ਜਾਣਾ'। ਪਤਨੀ ਦੀ ਘੂਰੀ ਤੋਂ ਡਰ ਕੇ ਬੱਚੇ ਪਿੱਛੇ ਹਟ ਗਏ। ਉਸ ਨੇ ਪਤਨੀ ਨੂੰ ਕਿਹਾ, 'ਦੀਪ, ਕਾਰ ਤਾਂ ਮੈਂ ਚਲਾ ਈ ਲੈਂਦਾ ਹਾਂ ਪਰ ਜੇ ਤੂੰ ਮੇਰੇ ਨਾਲ ਬੈਠ ਜਾਵੇਂ ਤਾਂ ਡਰ ਨਹੀਂ ਲੱਗਣਾ, ਤੂੰ ਬੈਠ ਜਾ। ਆ ਜਾ, ਮੇਰੇ ਨਾਲ ਕਾਰ ਦੇ ਝੂਟੇ ਲੈ ਲਾ' ਪਰ ਪਤਨੀ ਨੇ ਸਿਰ ਫੇਰ ਦਿੱਤਾ। ਉਹ ਬੱਚਿਆਂ ਨੂੰ ਲੈ ਕੇ ਹੋਰ ਪਿੱਛੇ ਹੋ ਕੇ ਬੋਲੀ, 'ਮੈਂ ਤੇਰੇ ਨਾਲ ਬੈਠ ਕੇ ਮਰਨਾ ਨੀਂ' ਰਾਜਵੀਰ ਤਰਲੇ ਲੈਂਦਾ ਰਿਹਾ ਪਰ ਉਹ ਟੱਸ ਤੋਂ ਮੱਸ ਨਾ ਹੋਈ। ਉਨ੍ਹਾਂ ਦਾ ਝਗੜਾ ਸੁਣ ਕੇ ਰਾਜਵੀਰ ਦੀ ਮਾਂ ਢਾਂਗੂ ਫੜੀ ਹੌਲੀ-ਹੌਲੀ ਕਮਰੇ 'ਚੋਂ ਬਾਹਰ ਆਈ। ਉਸ ਨੇ ਕਾਰ ਦੀ ਤਾਕੀ ਖੋਲ੍ਹੀ ਤੇ ਮੋਹਰਲੀ ਸੀਟ 'ਤੇ, 'ਚੱਲ ਮੇਰਾ ਪੁੱਤ' ਕਹਿੰਦੀ ਹੋਈ ਨਾਲ ਬੈਠ ਗਈ। ਮਾਂ ਦੇ ਇੰਨੇ ਸ਼ਬਦ ਸੁਣ ਕੇ ਉਸ ਨੇ ਕਾਰ ਸਟਾਰਟ ਕਰ ਲਈ ਤੇ ਬੜੇ ਅਰਾਮ ਨਾਲ ਕਾਰ ਮੁਹੱਲੇ 'ਚੋਂ ਕੱਢ ਕੇ ਜੀਟੀ ਰੋਡ 'ਤੇ ਪਾ ਲਈ। ਘੁੰਮ-ਘੁੰਮਾ ਕੇ ਥੋੜ੍ਹੇ ਸਮੇਂ ਬਾਅਦ ਘਰ ਵਾਪਸ ਆ ਗਿਆ। ਹੁਣ ਉਸ ਦੇ ਚਿਹਰੇ 'ਤੇ ਵਿਸ਼ਵਾਸ ਭਰੀ ਮੁਸਕਾਨ ਸੀ।

• **ਪਰਵਿੰਦਰ ਸਿੰਘ,** 98152-95113



ਮਿਨੀ ਕਹਾਣੀ

# ਨਰਸ

ਪ੍ਰਦੀਪ ਆਪਣੀ ਪਤਨੀ ਮਨਜੀਤ ਨੂੰ ਡਲਿਵਰੀ ਲਈ ਨੇੜਲੇ ਹਸਪਤਾਲ ਲੈ ਗਿਆ। ਅਚਾਨਕ ਮਨਜੀਤ ਦੀ ਹਾਲਤ ਜ਼ਿਆਦਾ ਵਿਗੜਨ ਲੱਗੀ, ਮੌਕੇ 'ਤੇ ਡਾਕਟਰ ਵੀ ਹਸਪਤਾਲ 'ਚ ਮੌਜੂਦ ਨਹੀਂ ਸੀ ਜਿਸ ਕਾਰਨ ਪੂਰੇ ਪਰਿਵਾਰ ਦੀ ਘਬਰਾਹਟ ਵੱਧ ਗਈ ਪਰ ਬੜੇ ਹੀ ਉੱਦਮ ਨਾਲ ਹਸਪਤਾਲ ਦੀ ਇਕ ਨਰਸ ਮੌਕਾ ਸੰਭਾਲਦੀ ਹੋਈ ਪ੍ਰਦੀਪ ਦੀ ਪਤਨੀ ਦੀ ਸੁਰੱਖਿਅਤ ਡਲਿਵਰੀ ਕਰਵਾਉਣ 'ਚ ਕਾਮਯਾਬ ਹੋ ਗਈ। ਪ੍ਰਦੀਪ ਦੀ ਪਤਨੀ ਨੇ ਇਕ ਬੇਟੀ ਨੂੰ ਜਨਮ ਦਿੱਤਾ। ਇਸ ਸਾਰੀ ਘਟਨਾ ਕਰਕੇ ਨਰਸ ਦੀਆਂ ਗੱਲਾਂ ਸਾਰੇ ਹਸਪਤਾਲ 'ਚ ਹੋਣ ਲੱਗੀਆਂ। ਜਦੋਂ ਨਰਸ ਮਾਂ-ਬੇਟੀ ਨੂੰ ਵੇਖਣ ਕਮਰੇ 'ਚ ਆਈ ਤਾਂ ਮਨਜੀਤ ਨੇ ਆਪਣੀ ਬੇਟੀ ਵੱਲ ਵੇਖਦਿਆਂ ਕਿਹਾ, 'ਮੇਰੀ ਬੇਟੀ ਵੀ ਵੱਡੀ ਹੋ ਕੇ ਨਰਸ ਬਣੂਗੀ'। ਪ੍ਰਦੀਪ ਵੀ ਆਪਣੀ ਬਦਲੀ ਸੋਚ ਨੂੰ ਦਰਸਾਉਂਦਾ ਹੋਇਆ ਹੁੰਗਾਰਾ ਭਰ ਕੇ ਬੋਲਿਆ, 'ਹਾਂ ਸਾਡੀ ਬੇਟੀ ਨਰਸ ਬਣੂਗੀ' ਪਰ ਉਹ ਨਰਸ ਨਾਲ ਚਾਹ ਕੇ ਵੀ ਨਜ਼ਰਾਂ ਨਹੀਂ ਸੀ ਮਿਲਾ ਪਾ ਰਿਹਾ ਕਿਉਂਕਿ ਉਹ ਨਰਸ ਕੋਈ ਹੋਰ ਨਹੀਂ ਬਲਕਿ ਉਹੀ ਕੁੜੀ ਸੀ, ਜਿਸ ਦਾ ਦੋ ਸਾਲ ਪਹਿਲਾਂ ਉਸ ਨੇ 'ਨਰਸ' ਹੋਣ ਕਾਰਨ ਰਿਸ਼ਤਾ ਠੁਕਰਾ ਦਿੱਤਾ ਸੀ।

• **ਹਰਪ੍ਰੀਤ ਕੌਰ ਘੁੰਨਸ,** 97795-20194

## ਗ਼ਜ਼ਲਾਂ



ਮਨਿੰਦਰ ਕੌਰ 'ਬਸੀ'
98784-38722


ਰੂਹਾਂ ਨੇ ਮੁੜ ਲਿਖੀ ਹੈ ਤ੍ਰੇਹਾਂ ਦੀ ਇਕ ਕਹਾਣੀ।
ਤੇ ਇਸ਼ਕ ਨੇ ਸਜਾਇਆ ਨੈਣਾਂ 'ਚ ਦੇਖ ਪਾਣੀ।

ਮਿੱਟੀ ਦੀ ਜਾਤ ਪੁੱਛਦੈਂ, ਇਨਸਾਨ ਕਿੰਝ ਕਹਾਵੇਂ,
ਮਿੱਟੀ ਹੀ ਅਸਲ ਜੀਵਨ, ਮਿੱਟੀ ਹੀ ਅਸਲ ਰਾਣੀ।

ਡਾਇਰੀ ਦੇ ਪੰਨਿਆਂ 'ਤੇ ਕੁਝ ਹਰਫ਼ ਜੋ ਲਿਖੇ ਤੂੰ,
ਅੱਖਰਾਂ ਨੂੰ ਹੁਣ ਸੰਜੋਕੇ ਲਿਖਦੇ ਕੋਈ ਕਹਾਣੀ।

ਬਦਨਾਮ ਕਰ ਕੇ ਇਸ਼ਕ ਸੱਚਾ ਉਹ ਬਣ ਗਿਆ ਹੁਣ,
ਖ਼ੁਦ ਹੀ ਮਿਟਾ ਕੇ ਰਿਸ਼ਤੇ, ਉਲਝਾਈ ਪ੍ਰੀਤ ਤਾਣੀ।

ਹਾਰੀਂ ਨਾ ਹੌਸਲਾ ਹੁਣ, ਕਰ ਲੈ ਯਕੀਨ ਖ਼ੁਦੀ 'ਤੇ,
ਸਦਾ ਹੌਸਲਾ ਹੀ ਜਿੱਤਦਾ, ਜਿੱਤ ਦੀ ਹੈ ਇਹੀ ਕਹਾਣੀ।



ਚੁੱਪ ਦੇ ਇਹ ਗੁਪਤ ਇਸ਼ਾਰੇ, ਨੈਣਾਂ ਵਿਚ ਕੁਝ ਕਹਿੰਦੇ ਨੇ।
ਕੋਸ਼ਿਸ਼ ਵਿਚ ਜੋ ਸ਼ਬਦ ਉਚਾਰੇ, ਨੈਣਾਂ ਵਿਚ ਕੁਝ ਕਹਿੰਦੇ ਨੇ।

ਭੁੱਖੇ ਪਿਆਸੇ ਠੁਰ-ਠੁਰ ਕਰਦੇ, ਫੁੱਟਪਾਥ 'ਤੇ ਰੁਲਦੇ ਜੋ,
ਦਰ ਖੜਕਾਵਣ ਆਸ ਦੇ ਮਾਰੇ, ਨੈਣਾਂ ਵਿਚ ਕੁਝ ਕਹਿੰਦੇ ਨੇ।

ਧਰਤੀ 'ਚੋਂ ਜਿਨ੍ਹਾਂ ਸੋਨਾ ਉਗਾਇਆ, ਮੰਡੀਆਂ ਵਿਚ ਹੱਥ ਮਲਦੇ ਉਹ,
ਤਾਂ ਹੀ ਖ਼ੁਦਕੁਸ਼ੀਆਂ ਕਰਨ ਵਿਚਾਰੇ, ਨੈਣਾਂ ਵਿਚ ਕੁਝ ਕਹਿੰਦੇ ਨੇ।

ਝੰਡਾ-ਝੂਲੇ ਆਜ਼ਾਦੀ ਵਾਲਾ, ਹੋਵੇ ਜਿਸ 'ਤੇ ਮਾਣ ਬੜਾ,
ਪਰ ਜੋ ਹੱਕਾਂ ਲਈ ਲਾਉਂਦੇ ਨਾਅਰੇ, ਨੈਣਾਂ ਵਿਚ ਕੁਝ ਕਹਿੰਦੇ ਨੇ।

ਧੌਲਿਆਂ ਤੋਂ ਹੁਣ ਚੁੱਕੀ ਨਾ ਜਾਵੇ, ਪੰਡ ਵਿਆਜ ਦੀ ਹੋਈ ਭਾਰੀ,
ਚੇਤੇ 'ਚ ਤੇਰੀਆਂ ਤਕਰੀਰਾਂ ਦੇ ਚਮਕਾਰੇ, ਨੈਣਾਂ ਵਿਚ ਕੁਝ ਕਹਿੰਦੇ ਨੇ।

ਕਿੰਝ ਹੁਣ ਭਗਵੇਂ ਪਾਈਏ, ਕੰਨ ਪੜਵਾਈਏ ਤੇਰੀ ਖ਼ਾਤਰ,
ਤੜਫ਼ ਰਹੇ ਨੇ ਹੰਝੂ ਖਾਰੇ, ਨੈਣਾਂ ਵਿਚ ਕੁਝ ਕਹਿੰਦੇ ਨੇ।

• **ਮੇਜਰ ਰਾਜਗੜ੍ਹ,** 98766-64204

ਆਪਣੀ ਵੀ ਦੋਸਤੋ ਕੀ ਜ਼ਿੰਦਗੀ ਹੈ।
ਉਸਦੇ ਸਾਹਾਂ 'ਤੇ ਲੱਗੀ ਵੰਝਲੀ ਹੈ।

ਸ਼ੋਰ ਦਾ ਹੀ ਦੌਰ ਹੈ ਰੂਹ ਚੀਰਦਾ ਜੋ,
ਹੁਣ ਸਕੂਨੋਂ ਦੂਰ ਹੋਈ ਮੌਸਿਕੀ ਹੈ।

ਮਿਟ ਗਈ ਹੈ ਸਾਦਗੀ ਜਦ ਚਿਹਰਿਆਂ ਤੋਂ,
ਫਿਰ ਜ਼ੁਬਾਂ 'ਤੇ ਲੱਭਣੀ ਕੀ ਸਾਦਗੀ ਹੈ।

ਲਾਭ ਹਾਨੀ ਦੇਖਦਾ ਇਨਸਾਨ ਹੁਣ ਤਾਂ,
ਫੇਰ ਪਾਉਂਦਾ ਦੁਸ਼ਮਣੀ ਜਾਂ ਦੋਸਤੀ ਹੈ।

ਰਹਿ ਗਿਆ ਵਿਉਪਾਰ ਬਣਕੇ ਨਾਮ ਉਸ ਦਾ,
ਬਸ ਦਿਖਾਵਾ ਬਣ ਗਈ ਹੁਣ ਬੰਦਗੀ ਹੈ।

• **ਅੰਮ੍ਰਿਤ ਪਾਲ,** 94649-29718

# ਭੀਖੀ ਦਾ ਮੋਹੜੀਗੱਡ ਲੇਖਕ ਗੁਰਚਰਨ ਚਾਹਲ

• **ਹਰਜੀਤ ਭੀਖੀ**
98141-42273

ਮਾਲਵਾ ਖੇਤਰ ਦੀ ਸਾਹਿਤ ਨੂੰ ਬੜੀ ਵੱਡੀ ਦੇਣ ਹੈ। ਇਸ ਖੇਤਰ ਦੇ ਪ੍ਰਸਿੱਧ ਨਾਵਲਕਾਰ ਪਦਮਸ਼੍ਰੀ ਗੁਰਦਿਆਲ ਸਿੰਘ, ਬਲਵੰਤ ਗਾਰਗੀ, ਗੁਰਬਚਨ ਸਿੰਘ ਭੁੱਲਰ, ਸਿੱਧੂ ਦਮਦਮੀ, ਪ੍ਰੋ. ਅਜਮੇਰ ਸਿੰਘ ਔਲਖ, ਰਾਮ ਸਰੂਪ ਅਣਖੀ, ਓਮ ਪ੍ਰਕਾਸ਼ ਗਾਸੋ ਆਦਿ ਦੇ ਸਾਹਿਤ ਨੇ ਲੋਕਾਂ ਨੂੰ ਉਸਾਰੂ ਸੇਧ ਪ੍ਰਦਾਨ ਕੀਤੀ ਹੈ। ਮਰਹੂਮ ਕਹਾਣੀਕਾਰ ਗੁਰਚਰਨ ਚਾਹਲ ਭੀਖੀ ਦੀਆਂ ਪ੍ਰਤੀਨਿਧ ਕਹਾਣੀਆਂ ਸਾਹਿਤ ਦੇ ਖੇਤਰ ਵਿਚ ਮੀਲ ਦਾ ਪੱਥਰ ਸਾਬਤ ਹੋਈਆਂ ਹਨ। ਗੁਰਚਰਨ ਚਾਹਲ ਪੰਜਾਬੀ ਸਾਹਿਤ ਜਗਤ ਦਾ ਸਮਰੱਥ ਕਹਾਣੀਕਾਰ ਹੋਣ ਦੇ ਬਾਵਜੂਦ ਉੱਚ ਕੋਟੀ ਦੇ ਵਿਦਵਾਨਾਂ ਤੇ ਆਲੋਚਕਾਂ ਵੱਲੋਂ ਅਣਗੌਲਿਆ ਹੀ ਰਿਹਾ। ਭੀਖੀ ਨੇ ਸਮਾਜੀ ਯਥਾਰਥ ਦੀ ਕਲਾਤਮਕ ਛੋਹਾਂ ਨਾਲ ਵਿਆਖਿਆ ਕੀਤੀ ਹੈ ਜਿਸ ਦੀ ਮਿਸਾਲ ਲੇਖਕਾਂ ਦੀ ਦੁਨੀਆ ਵਿਚ ਨਿਵੇਕਲੀ ਤੇ ਨਿਰਾਲੀ ਹੈ। ਭੀਖੀ ਨੇ ਸਿਰਫ਼ ਕਹਾਣੀਆਂ ਹੀ ਨਹੀਂ ਲਿਖੀਆਂ ਬਲਕਿ ਨਾਵਲੈੱਟ, ਨਾਵਲ, ਨਾਟਕ, ਇਕਾਂਗੀ ਅਤੇ ਵਾਰਤਕ ਰਚਨਾਵਾਂ ਵੀ ਲਿਖੀਆਂ।

ਗੁਰਚਰਨ ਚਾਹਲ ਦਾ ਜਨਮ 12 ਜੂਨ 1945 ਨੂੰ ਪਿਤਾ ਜਵਾਲਾ ਸਿੰਘ ਤੇ ਮਾਤਾ ਚੰਦ ਕੌਰ ਦੇ ਘਰ ਭੀਖੀ ਵਿਖੇ ਹੋਇਆ। ਜੇਬੀਟੀ ਦੀ ਯੋਗਤਾ ਹਾਸਲ ਕਰ ਕੇ ਗੁਰਚਰਨ ਚਾਹਲ ਸਰਕਾਰੀ ਮਾਸਟਰ ਵਜੋਂ ਨਿਯੁਕਤ ਹੋਇਆ। ਭਾਵੇਂ ਭੀਖੀ ਨੇ ਕੋਈ ਬਹੁਤਾ ਨਹੀਂ ਲਿਖਿਆ ਪਰ ਜੋ ਲਿਖਿਆ ਜੰਮਕੇ ਲਿਖਿਆ। ਉਹਦੀ ਕਹਾਣੀ ਛਪਦੀ ਹੀ ਚਰਚਾ ਦਾ ਵਿਸ਼ਾ ਬਣ ਜਾਂਦੀ। ਕਹਾਣੀ ਲਿਖਣਾ, ਕਹਾਣੀ ਪਾਉਣਾ, ਕਹਾਣੀ ਘੜਣਾ ਉਸ ਦਾ ਮਨੋਰਥ ਸੀ। ਪਲੇਠਾ ਕਹਾਣੀ ਸੰਗ੍ਰਹਿ 'ਚੰਨ ਬੱਦਲਾਂ ਓਹਲੇ' ਨੇ ਉਸ ਨੂੰ ਸਾਹਿਤਕ ਖੇਤਰ ਵਿਚ ਵਧੇਰੇ ਚਰਚਾ ਦਾ ਵਿਸ਼ਾ ਬਣਾ ਦਿੱਤਾ ਸੀ। ਕੁਝ ਸਮਾਂ ਬਾਅਦ ਹੀ ਗੁਰਚਰਨ ਚਾਹਲ ਭੀਖੀ ਦੀਆਂ ਕਹਾਣੀਆਂ ਅੰਮ੍ਰਿਤਾ ਪ੍ਰੀਤਮ ਦੀ ਸਾਹਿਤਕ ਪੱਤ੍ਰਿਕਾ 'ਨਾਗਮਣੀ' ਵਿਚ ਛਪਣ ਲੱਗੀਆਂ, ਜਿਸ ਨਾਲ ਸਮਕਾਲੀ ਸਾਹਿਤਕਾਰਾਂ ਨਾਲ ਉਸ ਦੇ ਚੰਗੇ ਸਬੰਧ ਕਾਇਮ ਹੋਣ ਲੱਗੇ। ਰਾਮ ਸਰੂਪ ਅਣਖੀ, ਸਿੱਧੂ ਦਮਦਮੀ, ਗੁਰਬਚਨ ਸਿੰਘ ਭੁੱਲਰ, ਕਿਰਪਾਲ ਕਜ਼ਾਕ, ਪ੍ਰੇਮ ਗੋਰਖੀ, ਡਾ. ਨਰਿੰਦਰ ਸਿੰਘ ਕਪੂਰ, ਪ੍ਰੋ. ਅਜਮੇਰ ਸਿੰਘ ਔਲਖ, ਮੋਹਨ ਭੰਡਾਰੀ, ਅਵਤਾਰ ਪਾਸ਼, ਅੰਮ੍ਰਿਤਾ ਪ੍ਰੀਤਮ ਨੇ ਉਸ ਦੀ ਕਲਾ ਦਾ ਲੋਹਾ ਮੰਨਿਆ।

ਭੀਖੀ ਬਹੁਪੱਖੀ ਕਲਾ ਯੋਗਤਾ ਦਾ ਮਾਲਕ ਸੀ, ਜਿਸ ਸਦਕਾ ਉਸ ਦੀਆਂ ਵੱਖ-ਵੱਖ ਵਿਧਾਵਾਂ 'ਚ ਲਿਖੀਆਂ ਰਚਨਾਵਾਂ ਉਪਲਬਧ ਹਨ। ਉਸ ਦੀ ਅਨੁਭਵ ਦ੍ਰਿਸ਼ਟੀ ਅਤੇ ਬਿਰਤਾਂਤਕ ਸ਼ੈਲੀ ਕਮਾਲ ਦੀ ਸੀ। ਉਹ ਸਮਾਜ ਦੇ ਅਣਗੌਲੇ ਲੋਕਾਂ ਦੇ ਦਰਦ, ਸੰਤਾਪ, ਮੁਸਕਾਨ, ਹਾਦਸਿਆਂ, ਮਨੋ-ਪਰਤਾਂ ਤੇ ਗੁੰਝਲਾਂ ਨੂੰ ਆਪਣੀ ਸਿਰਜਨਾਤਮਕ ਸ਼ਕਤੀ ਰਾਹੀਂ ਪਾਠਕਾਂ ਅੱਗੇ ਸਫਲਤਾ ਤੇ ਦਲੇਰੀ ਨਾਲ ਪੇਸ਼ ਕਰਦਾ ਸੀ। ਉਸ ਨੇ ਦੋ ਕਹਾਣੀ ਸੰਗ੍ਰਹਿ 'ਚੰਨ ਬੱਦਲਾਂ ਓਹਲੇ' ਤੇ 'ਰੁੱਸੇ ਹੋਏ' ਪ੍ਰਕਾਸ਼ਤ ਹੋਏ। ਭੀਖੀ ਨੇ ਰੋਮਾਂਟਿਕ ਕਹਾਣੀਆਂ ਵੀ ਸਿਰਜੀਆਂ ਪਰ ਉਨ੍ਹਾਂ ਕਹਾਣੀਆਂ 'ਚ ਅਸ਼ਲੀਲਤਾ ਤੇ ਨੰਗੇਜ਼ਵਾਦ ਨੂੰ ਭਾਰੂ ਨਹੀਂ ਹੋਣ ਦਿੱਤਾ। ਭੀਖੀ ਦੀਆਂ ਕੁਝ ਕਹਾਣੀਆਂ ਹਿੰਦੀ ਅਤੇ ਹੋਰ ਭਾਸ਼ਾਵਾਂ ਵਿਚ ਅਨੁਵਾਦ ਹੋਈਆਂ। ਸਾਹਿਤਕ ਖੇਤਰ ਵਿਚ ਜਿਥੇ ਗੁਰਚਰਨ ਚਾਹਲ ਭੀਖੀ ਨੇ ਕਥਾਕਾਰ ਵਜੋਂ ਪ੍ਰਸਿੱਧੀ ਹਾਸਲ ਕੀਤੀ ਉੱਥੇ ਉਸ ਨੇ 'ਉਨੰਜਾ ਦਿਨ' ਅਤੇ 'ਲੋਹੇ ਦੇ ਆਦਮੀ' ਨਾਵਲ ਲਿਖ ਕੇ ਆਪਣੀ ਅਨੁਭਵ ਸ਼ਕਤੀ ਤੇ ਸੰਵੇਦਨਸ਼ੀਲਤਾ ਦਾ ਪ੍ਰਮਾਣ ਦਿੱਤਾ। ਸੁੱਚਾ ਸਿੰਘ ਸੂਰਮਾ ਬਾਰੇ ਭਾਵੇਂ ਭੀਖੀ ਨੇ ਬਹੁਤ ਸਾਰੀ




ਜਾਣਕਾਰੀ ਇਕੱਠੀ ਕਰ ਲਈ ਸੀ ਪਰ ਦੁਨੀਆ ਤੋਂ ਰੁਖ਼ਸਤ ਹੋਣ ਕਾਰਨ ਨਾਵਲ ਲਿਖਣ ਦਾ ਵਿਚਾਰ ਅੱਧ ਵਿਚਾਲੇ ਹੀ ਰਹਿ ਗਿਆ, ਜਿਸ ਸਬੰਧੀ ਉਸ ਦਾ ਉਲੀਕਿਆ ਖ਼ਾਕਾ ਅਜੇ ਵੀ ਉਸ ਦੇ ਘਰ ਸਾਂਭਿਆ ਪਿਆ ਹੈ। ਇਸ ਦਾ ਅਧਿਐਨ ਵੀ ਦਿਲਚਸਪੀ ਵਾਲਾ ਹੋਵੇਗਾ। ਨਾਵਲਾਂ ਤੋਂ ਇਲਾਵਾ ਭੀਖੀ ਨੇ ਨਾਟਕ, ਵਾਰਤਕ ਤੇ ਬਾਲ ਸਾਹਿਤ ਵੀ ਲਿਖਿਆ।

ਭੀਖੀ ਪਹਿਲਾਂ ਪਹਿਲਾਂ ਨਕਸਲਵਾੜੀ ਲਹਿਰ ਤੋਂ ਪ੍ਰਭਾਵਿਤ ਹੋਇਆ। ਸਮੇਂ-ਸਮੇਂ 'ਤੇ ਉੱਠੀਆਂ ਲਹਿਰਾਂ ਨੇ ਵੀ ਉਸ ਨੂੰ ਪ੍ਰਭਾਵਿਤ ਕੀਤਾ। ਬੇਰੁਜ਼ਗਾਰ ਅਧਿਆਪਕ ਯੂਨੀਅਨ ਦਾ ਜ਼ਿਲ੍ਹਾ ਪ੍ਰਧਾਨ ਰਿਹਾ। ਉਸ ਦੀ ਕਿਸਾਨ ਅੰਦੋਲਨ ਨਾਲ ਡੂੰਘੀ ਹਮਦਰਦੀ ਸੀ। ਸਾਹਿਤਕ ਇਤਿਹਾਸ 'ਚ ਉਹ ਭੀਖੀ ਦਾ ਮੋਹੜੀਗੱਡ ਲੇਖਕ ਹੈ, ਜਿਸ ਨੇ ਸਾਹਿਤ ਦੇ ਜਗਿਆਸੂ ਪੈਦਾ ਕੀਤੇ। ਗਾਇਕਾਂ ਤੇ ਕਲਾਕਾਰਾਂ ਨੂੰ ਮੰਚ 'ਤੇ ਆਉਣ ਦਾ ਮੌਕਾ ਪ੍ਰਦਾਨ ਕੀਤਾ ਅਤੇ 'ਅਜੇ ਗੋਹੜੇ ਚੋਂ ਪੂਣੀ ਵੀ ਨਹੀਂ ਕੱਤੀ' ਦੇ ਵਾਕ ਮੁਤਾਬਕ ਬੜੀਆਂ ਰਚਨਾਵਾਂ ਆਪਣੇ ਚੇਤਿਆਂ 'ਚ ਲੈ ਕੇ 19 ਦਸੰਬਰ 1984 ਨੂੰ ਅਚਾਨਕ ਵਿਛੋੜਾ ਦੇ ਗਿਆ, ਜਿਸ ਨਾਲ ਭੀਖੀ ਇਲਾਕੇ ਦੇ ਨਾਲ-ਨਾਲ ਮਾਲਵੇ ਅਤੇ ਪੰਜਾਬੀ ਸਾਹਿਤ ਜਗਤ ਨੂੰ ਬਹੁਤ ਵੱਡਾ ਘਾਟਾ ਪਿਆ।

ਭਾਵੇਂ ਭੀਖੀ ਦੀਆਂ ਸਮੁੱਚੀਆਂ ਰਚਨਾਵਾਂ 'ਤੇ ਵਿਸਤ੍ਰਿਤ ਖੋਜ ਕਾਰਜ ਤਾਂ ਨਹੀਂ ਹੋਇਆ ਪ੍ਰੰਤੂ ਹੁਣ ਤਕ ਭੀਖੀ ਦੀਆਂ ਕਹਾਣੀਆਂ 'ਤੇ ਤਿੰਨ ਖੋਜ ਨਿਬੰਧ ਲਿਖੇ ਗਏ ਹਨ। ਗੁਰਚਰਨ ਚਾਹਲ ਭੀਖੀ ਦੀ ਯਾਦ ਨੂੰ ਸਮਰਪਿਤ ਉਨ੍ਹਾਂ ਦੀ ਬਰਸੀ ਮੌਕੇ ਨਵਯੁਗ ਸਾਹਿਤ ਕਲਾ ਮੰਚ ਦੇ ਸਾਹਿਤਕ ਸਾਥੀਆਂ ਵੱਲੋਂ ਹਰ ਸਾਲ ਤਰਕਸ਼ੀਲ ਮੇਲਾ ਕਰਵਾ ਕੇ ਭੀਖੀ ਨੂੰ ਸੱਚੀ ਸ਼ਰਧਾਂਜਲੀ ਦਿੱਤੀ ਜਾ ਰਹੀ ਹੈ, ਉੱਥੇ ਭੀਖੀ ਦੇ ਸਮਕਾਲੀ ਸਾਥੀਆਂ ਤੇ ਆਲੋਚਕਾਂ ਦੇ ਸਹਿਯੋਗ ਨਾਲ ਡਾ. ਲਕਸ਼ਮੀ ਨਰਾਇਣ ਭੀਖੀ ਨੇ ਮਿਹਨਤ ਅਤੇ ਯਤਨ ਸਦਕਾ 'ਗੁਰਚਰਨ ਚਾਹਲ ਭੀਖੀ ਦਾ ਰਚਨਾਤਮਕ ਵਿਵੇਕ' ਸੰਪਾਦਤ ਕਰ ਕੇ ਇਕ ਯਾਦਗਾਰੀ ਕਾਰਜ ਕੀਤਾ ਹੈ। •

## ਗੀਤ



ਤੇਰਾ ਐਵੇਂ ਨਹੀਂ ਖਲੋਇਆ ਤਾਜ-ਮਹਿਲ ਰਾਜਿਆ।
ਅਸੀਂ ਬੱਠਲਾਂ 'ਚ ਢੋਇਆ ਤਾਜ-ਮਹਿਲ ਰਾਜਿਆ।

ਸਾਡਾ ਡੁੱਲ੍ਹਿਆ ਪਸੀਨਾ, ਤੇਰੇ ਚੱਲ ਪਏ ਫ਼ੁਹਾਰੇ,
ਸਾਡੇ ਸਾਹਾਂ ਦੀ ਮਹਿਕ ਲੈ ਕੇ ਖਿੜੇ ਨੇ ਕਿਆਰੇ,
ਸਾਡੇ ਡੌਲਿਆਂ ਦੇ ਜ਼ੋਰ 'ਤੇ ਖਲੋਈਆਂ ਮਹਿਰਾਬਾਂ
ਸਾਡੇ ਨੈਣਾਂ ਵਿੱਚੋਂ ਚਾਨਣੀ ਚੁਰਾਈ ਮਾਹਤਾਬਾਂ
ਹੰਝੂ-ਜਮਨਾ 'ਚ ਧੋਇਆ ਤਾਜ-ਮਹਿਲ ਰਾਜਿਆ।

ਤੇਰੀ ਸੋਨੇ ਦੀ ਸੁਰਾਹੀ ਸਾਡੇ ਮਿੱਟੀ ਦੇ ਕਨਾਲ੍ਹੇ,
ਤੇਰੇ ਨਰਮ ਗਧੇਲੇ ਸਾਡੇ ਰਿਸਦੇ ਨੇ ਛਾਲੇ,
ਤੇਰੇ ਰੇਸ਼ਮੀ ਵਿਛਾਉਣੇ ਹੇਠ ਚੰਦਨ-ਪਲੰਘ,
ਸਾਡੇ ਤੱਪੜਾਂ ਤੇ ਸੌਂਦਿਆਂ ਦੇ ਘਸ ਗਏ ਅੰਗ,
ਕਦੇ ਦੁਖੀ ਕਿਉਂ ਨਾ ਹੋਇਆ ਤਾਜ-ਮਹਿਲ ਰਾਜਿਆ।

ਅੱਕੇ ਹੱਥਾਂ ਨੇ ਉਸਾਰੀਆਂ ਤੋਂ ਗਲ ਤਕ ਆਉਣਾ,
ਦੇਖੀਂ ਇਕ ਦਿਨ ਝੁੱਗੀਆਂ ਨੇ ਮਹਿਲਾਂ ਨੂੰ ਝੁਕਾਉਣਾ
ਇਹ ਨਾ ਸੋਚੀਂ ਅਸੀਂ ਸੌਂ ਗਏ ਗੂੜ੍ਹੀ ਨੀਂਦਰ ਖ਼ਰਾਬ
ਕਦੇ ਚੁੱਕ ਕੇ ਤਾਂ ਵੇਖੀਂ ਤਵਾਰੀਖ਼ ਦੀ ਕਿਤਾਬ
ਦੇਖੀਂ ਇੱਟ-ਇੱਟ ਹੋਇਆ ਤਾਜ-ਮਹਿਲ ਰਾਜਿਆ।

• **ਜਗਵਿੰਦਰ ਜੋਧਾ**

ਨਿੱਕੀ ਕਹਾਣੀ

# ਕਲਹਿਲੀ

• **ਗੁਰਮੀਤ ਸਿੰਘ ਮਰਾੜ੍ਹ**
95014-00397

ਸਵਰਨ ਖੇਤੋਂ ਆ ਕੇ ਬੈੱਡ ਤੇ ਲੰਮਾ ਪੈ ਗਿਆ। ਰਮਨ ਕੁੜੀ ਨੂੰ ਕੋਲ ਲਿਟਾ ਕੇ ਰੋਟੀ ਬਣਾਉਣ ਲਈ ਰਸੋਈ ਵਿਚ ਚਲੀ ਗਈ। ਛੇ-ਸੱਤ ਮਹੀਨਿਆਂ ਦੀ ਬੱਚੀ ਉਲਰ-ਉਲਰ ਕੇ ਸਵਰਨ ਵੱਲ ਆ ਜਾਂਦੀ। ਸਵਰਨ ਪਿਆ-ਪਿਆ ਹੀ ਲਾਡ ਕਰਨ ਲੱਗਾ। ਰਸੋਈ ਵਿਚ ਗਈ ਰਮਨ ਨੂੰ ਮਾਂ ਬੁੜ-ਬੁੜ ਕਰ ਰਹੀ ਸੀ। ਆਨੀ-ਬਹਾਨੀ ਮਾਂ ਰਮਨ ਨੂੰ ਮੰਦਾ-ਚੰਗਾ ਬੋਲਦੀ ਰਹਿੰਦੀ।

ਸਵਰਨ ਵੀ ਮਾਂ ਨੂੰ ਬੜੀ ਵਾਰ ਸਮਝਾ ਚੁੱਕਾ ਸੀ, ਬਾਪੂ ਜੀ ਨੇ ਵੀ ਮਾਂ ਨੂੰ ਕਈ ਵਾਰ ਝਿੜਕਿਆ ਅਤੇ ਤਾੜਿਆ ਪਰ ਨੂੰਹ-ਸੱਸ ਦੀ ਕਿਚਕਿਚ ਖ਼ਤਮ ਨਾ ਹੋਈ, ਖ਼ਾਸ ਕਰ ਜਦ ਤੋਂ ਘਰ ਵਿਚ ਬੱਚੀ ਦਾ ਜਨਮ ਹੋਇਆ ਸੀ। ਮਾਂ ਕਿਸੇ ਵੀ ਹਾਲਤ ਵਿਚ ਕੁੜੀ ਦਾ ਜਨਮ ਬਰਦਾਸ਼ਤ ਨਹੀਂ ਸੀ ਕਰ ਸਕਦੀ। ਉਸ ਨੇ ਟੈਸਟ ਕਰਵਾਉਣ ਲਈ ਬਥੇਰਾ ਜ਼ੋਰ ਲਾਇਆ ਸੀ। ਇਸ ਬੱਚੀ ਦੇ ਜਨਮ ਦੀ ਜ਼ਿੰਮੇਵਾਰ ਉਹ ਰਮਨ ਨੂੰ ਹੀ ਸਮਝਦੀ ਸੀ।

ਰਮਨ ਮਾਪਿਆਂ ਦੀ ਇਕਲੌਤੀ ਔਲਾਦ ਸੀ। ਸਵਰਨ ਦੀ ਮਾਂ ਨੇ ਆਪਣੀ ਭੈਣ ਰਾਹੀਂ ਦਬਾਅ ਪਾ ਕੇ ਇਹ ਰਿਸ਼ਤਾ ਲਿਆ ਸੀ। ਉਂਜ ਵੀ ਰਮਨ ਹੱਦ ਦਰਜੇ ਦੀ ਸੋਹਣੀ ਤੇ ਪੜ੍ਹੀ ਲਿਖੀ ਸੀ। ਵਿਆਹ ਤੋਂ ਬਾਅਦ ਮਾਂ ਦੀ ਕੋਸ਼ਿਸ਼ ਸੀ ਕਿ ਛੇਤੀ ਤੋਂ ਛੇਤੀ ਜ਼ਮੀਨ ਸਵਰਨ ਦੇ ਨਾਂ ਹੋ ਜਾਵੇ ਪਰ ਰਮਨ ਮਾਪਿਆਂ ਦੇ ਜਿਉਂਦੇ-ਜੀਅ ਇਸ ਗੱਲ ਲਈ ਤਿਆਰ ਨਹੀਂ ਸੀ। ਉਹ ਸੱਸ ਨੂੰ ਬਥੇਰਾ ਸਮਝਾਉਂਦੀ ਕਿ ਜ਼ਮੀਨ ਸਾਨੂੰ ਹੀ ਮਿਲਣੀ ਹੈ ਪਰ ਸੱਸ ਇਸ ਨੂੰ ਆਪਣੀ ਹੇਠੀ ਸਮਝਦੀ ਸੀ ਜਿਸ ਕਾਰਨ ਘਰ ਵਿਚ ਕਲੇਸ਼ ਰਹਿਣ ਲੱਗਾ।

ਰਮਨ ਦੀ ਸੱਸ ਤਾਹਨੇ-ਮਿਹਣੇ ਦੇਣ ਦੇ ਨਾਲ-ਨਾਲ ਉਸ ਨੂੰ 'ਕੱਲੀ-ਕਲਹਿਣੀ' ਕਹਿਣ ਲੱਗ ਪਈ। ਰਮਨ ਅੰਦਰ ਵੜ ਕੇ ਰੋ ਲੈਂਦੀ ਪਰ ਕਿਸੇ ਕੋਲ ਗੱਲ ਨਾ ਕਰਦੀ।

> *'ਨੀ ਕਲਹਿਣੀਏ, ਮੁੰਡੇ ਨੂੰ ਦੋ ਮਿੰਟ ਆਰਾਮ ਕਰ ਲੈਣ ਦਿੰਦੀ, ਥੱਕਿਆ ਆਇਆ, ਉੱਤੋਂ ਕੁੜੀ ਚਮੇੜ ਦਿੱਤੀ। 'ਮਾਂ ਕੁੜੀ ਵੱਲ ਵੇਖ ਰਮਨ ਨੂੰ ਅਵਾ-ਤਵਾ ਬੋਲਣ ਲੱਗੀ। 'ਮਾਂ ਖ਼ਬਰਦਾਰ ਜੇ ਇਸ ਨੂੰ ਕਲਹਿਣੀ ਕਿਹਾ'। ਸਵਰਨ ਇਕਦਮ ਗੁੱਸੇ 'ਚ ਆ ਗਿਆ ਸੀ...*



ਹਮੇਸ਼ਾ ਡਰਦੀ ਰਹਿੰਦੀ ਕਿ ਕਿਤੇ ਮਾਪਿਆਂ ਨੂੰ ਪਤਾ ਨਾ ਲੱਗ ਜਾਵੇ। ਉਨ੍ਹਾਂ ਦਾ ਕੀ ਹਾਲ ਹੋਵੇਗਾ। ਉਹ ਪੇਕੇ ਵੀ ਘੱਟ ਹੀ ਜਾਂਦੀ ਕਿ ਕਿਤੇ ਕੋਈ ਗੱਲ ਨਾ ਨਿਕਲ ਜਾਵੇ। ਉਹ ਸੋਚਦੀ ਕਿ ਕੁਦਰਤ ਨੇ ਉਸ ਨੂੰ ਦੁੱਖ ਸਹਿਣ ਲਈ ਹੀ ਪੈਦਾ ਕੀਤਾ ਹੈ। ਸੱਸ ਦੇ ਵਾਰ-ਵਾਰ ਕਲਹਿਣੀ ਕਹਿਣ 'ਤੇ ਵੀ ਉਹ ਚੁੱਪ ਕਰ ਜਾਂਦੀ। ਬਚਪਨ ਤੋਂ ਹੀ ਉਸ ਨੂੰ ਇਹ ਅਹਿਸਾਸ ਸਹੇਲੀਆਂ, ਰਿਸ਼ਤੇਦਾਰਾਂ ਅਤੇ ਆਂਢ-ਗੁਆਂਢ ਨੇ ਕਰਵਾ ਦਿੱਤਾ ਸੀ। ਅਜੇ ਤੀਜੀ-ਚੌਥੀ ਵਿਚ ਪੜ੍ਹਦੀ ਹੋਣੀ ਆ ਜਦੋਂ ਸਹੇਲੀਆਂ ਰੱਖੜੀ ਵਾਲੇ ਦਿਨ ਉਸ ਨੂੰ 'ਵਿਚਾਰੀ' ਕਹਿੰਦੀਆਂ ਕਿ ਉਸ ਦਾ ਕੋਈ ਭਰਾ ਨਹੀਂ। ਸਹੇਲੀਆਂ ਰੱਖੜੀ ਬੰਨ੍ਹਣ ਸਬੰਧੀ ਬੜੇ ਚਾਅ ਨਾਲ ਗੱਲਾਂ ਸੁਣਾਉਂਦੀਆਂ।

ਰਮਨ ਰੋਣ ਲੱਗ ਪੈਂਦੀ, ਹਫ਼ਤਾ-ਹਫ਼ਤਾ ਚੁੱਪ ਰਹਿੰਦੀ। ਵਿਆਹ ਤੋਂ ਬਾਅਦ ਲੱਗਦਾ ਸੀ ਉਸ ਦੀ ਕਿਸਮਤ ਬਦਲ ਜਾਵੇਗੀ ਅਤੇ ਹੱਸਣਾ-ਖੇਡਣਾ ਉਸ ਦਾ ਵੀ ਹੱਕ ਬਣ ਜਾਵੇਗਾ ਪਰ ਇਥੇ ਵੀ ਸੱਸ ਦੀਆਂ ਗੱਲਾਂ ਸਦਾ ਦਿਲ ਸਾੜਦੀਆਂ ਰਹਿੰਦੀਆਂ। ਹੁਣ ਤਾਂ ਲੱਗਦਾ ਸੀ ਜਿਵੇਂ 'ਕਲਹਿਣੀ' ਹੀ ਉਸ ਦਾ ਨਾਂ ਹੋਵੇ। ਸਵਰਨ ਵੀ ਉਸ ਦੀ ਹਾਲਤ ਸਮਝਦਾ ਸੀ ਪਰ ਬੇਬਸ ਸੀ ਉਹ ਵੀ।

ਸਵਰਨ ਬੱਚੀ ਨਾਲ ਖੇਡਦਾ ਹੋਇਆ ਉਸ ਦੇ ਭਵਿੱਖ ਬਾਰੇ ਸੋਚਣ ਲੱਗਾ ਕਿ ਜੇ ਰਮਨ ਵਾਂਗ ਇਹ ਵੀ ਇਕੱਲੀ ਰਹਿ ਗਈ ਤਾਂ...! ਉਹ ਸੋਚ ਕੇ ਕੰਬ ਗਿਆ। ਕੀ ਇਸ ਦਾ ਵੀ ਇਹੋ ਹਾਲ ਹੋਵੇਗਾ ਜੋ...! ਉਸ ਨੇ ਬੱਚੀ ਨੂੰ ਚੁੱਕ ਕੇ ਛਾਤੀ ਨਾਲ ਲਾ ਲਿਆ।

'ਨੀ ਕਲਹਿਣੀਏ, ਮੁੰਡੇ ਨੂੰ ਦੋ ਮਿੰਟ ਆਰਾਮ ਕਰ ਲੈਣ ਦਿੰਦੀ, ਥੱਕਿਆ ਆਇਆ, ਉੱਤੋਂ ਕੁੜੀ ਚਮੇੜ ਦਿੱਤੀ। 'ਮਾਂ ਕੁੜੀ ਵੱਲ ਵੇਖ ਰਮਨ ਨੂੰ ਅਵਾ-ਤਵਾ ਬੋਲਣ ਲੱਗੀ। 'ਮਾਂ ਖ਼ਬਰਦਾਰ ਜੇ ਇਸ ਨੂੰ ਕਲਹਿਣੀ ਕਿਹਾ।' ਸਵਰਨ ਇਕਦਮ ਗੁੱਸੇ 'ਚ ਆ ਗਿਆ ਸੀ। 'ਕੱਲੀ ਕਲਹਿਣੀ ਹੈ ਤਾਂ ਕਿਹਾ, ਹੋਰ ਕੀ ਕਹਾਂ ਇਸ ਨੂੰ! 'ਮਾਂ ਕਿਸੇ ਵੀ ਤਰ੍ਹਾਂ ਝੁਕਣ ਨੂੰ ਤਿਆਰ ਨਹੀਂ ਸੀ। 'ਜੇ ਇਹ ਕਲਹਿਲੀ ਆ ਤਾਂ ਮੈਂ ਵੀ ਕਲਹਿਣਾ ਈ ਆਂ..ਮੈਂ ਵੀ ਤਾਂ ਇਕੱਲਾ ਹਾਂ'।

'ਪੁੱਤ ਤਾਂ ਇਕੱਲਾ ਸ਼ੇਰ ਹੁੰਦੈ। ਨਾਲੇ ਤੂੰ ਕਲਹਿਣਾ ਕਿਵੇਂ ਹੋਇਆ, ਤੂੰ ਜ਼ਮੀਨਾਂ ਦਾ ਮਾਲਕ'। ਮਾਂ ਅਜੇ ਵੀ ਬੁੜ-ਬੁੜ ਕਰਨੋਂ ਨਹੀਂ ਸੀ ਹਟੀ। 'ਮਾਂ ਜ਼ਮੀਨ ਤਾਂ ਉਸ ਦੀ ਮੇਰੇ ਨਾਲੋਂ ਜ਼ਿਆਦਾ। ਜ਼ਮੀਨ ਪਿੱਛੇ ਹੀ ਤਾਂ ਤੂੰ ਕਿੰਨੇ ਪਾਪੜ ਵੇਲੇ, ਹੁਣ ਬੋਲਣ ਲੱਗੀ ਵੀ ਤਰਸ ਨਹੀਂ ਕਰਦੀ। ਜੇ ਕੱਲ੍ਹ ਨੂੰ ਮੇਰੀ ਕੁੜੀ ਵੀ ਇਕੱਲੀ ਰਹਿ ਗਈ ਤਾਂ ਉਸ ਨੂੰ ਵੀ ਇਹੋ ਨਾਂ ਮਿਲੂ, ਕੁਝ ਤਾਂ ਸੋਚ'। ਸਵਰਨ ਅੱਜ ਆਪਣੀ ਬੇਟੀ ਦੇ ਭਵਿੱਖ ਨੂੰ ਸੋਚ ਕੇ ਬੋਲਿਆ ਸੀ। ਅੱਜ ਰਮਨ ਨੂੰ ਵੀ ਕੁਝ ਢਾਰਸ ਬੱਝਾ ਸੀ ਕਿ ਉਸ ਦਾ ਵੀ ਕੋਈ ਆਪਣਾ ਹੈ। •

ਕਹਾਣੀ

# ਪਾਪਾ ਠੀਕ ਕਿ ਮੰਮੀ?



ਅਮਰੀਕ ਸਾਗੀ
98149-08118

> *ਸੁਖਦੇਵ ਤੇ ਸੁਖਦੀਪ ਇੱਕੋ ਦਫ਼ਤਰ 'ਚ ਨੌਕਰੀ ਕਰਦੇ ਹਨ। ਉਨ੍ਹਾਂ ਦੀ ਦੋਸਤੀ ਬਹੁਤ ਗੂਹੜੀ ਹੈ। ਸਕੇ ਭਰਾਵਾਂ ਤੋਂ ਵੱਧ ਪਿਆਰ। ਦੋਵੇਂ ਡਿਊਟੀ ਪ੍ਰਤੀ ਵਫ਼ਾਦਾਰ ਹਨ ਪਰ ਸੁਖਦੀਪ ਆਪਣੇ ਬੇਟੇ ਦੇ ਪੱਖ ਤੋਂ ਨਿਰਾਸ਼ ਹੈ...*

ਦਫ਼ਤਰੋਂ ਆ ਸੁਖਦੀਪ ਨੇ ਅਜੇ ਕੱਪੜੇ ਬਦਲੇ ਹੀ ਸਨ ਕਿ ਗੇਟ ਵਾਲੀ ਘੰਟੀ ਦੀ ਆਵਾਜ਼ ਆਈ। ਦਰਵਾਜ਼ੇ 'ਤੇ ਉਸ ਦਾ ਦੋਸਤ ਸੁਖਦੇਵ ਹੱਥ ਵਿਚ ਮਠਿਆਈ ਦਾ ਡੱਬਾ ਫੜੀ ਪਤਨੀ ਗੁਰਦੀਪ ਸਮੇਤ ਖੜ੍ਹਾ ਸੀ। ਰਸਮੀ ਜਾਸਰੀਕਾਲ ਤੋਂ ਬਾਅਦ ਅੰਦਰ ਆ ਸਾਰੇ ਜਣੇ ਡਰਾਇੰਗ ਰੂਮ ਵਿਚ ਬੈਠ ਗਏ। ਸੁਖਦੇਵ ਸਿੰਘ ਨੇ ਆਪਣੇ ਹੱਥ ਵਿਚ ਫੜਿਆ ਮਠਿਆਈ ਦਾ ਡੱਬਾ ਅਤੇ ਵਿਆਹ ਦਾ ਕਾਰਡ ਫੜਾਉਂਦਿਆਂ ਸੁਖਦੀਪ ਅਤੇ ਉਸ ਦੀ ਘਰਵਾਲੀ ਜੈ ਕੌਰ ਨੂੰ ਖ਼ੁਸ਼ੀ ਵਿਚ ਕਿਹਾ, 'ਤੁਹਾਡੇ ਭਤੀਜੇ ਅਮਿਤੋਜ਼ ਦੀ ਸ਼ਾਦੀ ਹੈ ਚੌਦਾਂ-ਪੰਦਰਾਂ ਦਸੰਬਰ ਦੀ, ਭੈਣ ਜੀ ਤੇ ਬੱਚਿਆਂ ਨੂੰ ਨਾਲ ਲੈ ਜ਼ਰੂਰ ਪਹੁੰਚਣਾ'।

'ਬੱਲੇ! ਬਹੁਤ ਖ਼ੁਸ਼ੀ ਦੀ ਗੱਲ ਹੈ ਬਈ। ਜ਼ਰੂਰ ਆਵਾਂਗੇ। ਹੋਰ ਮੇਰੇ ਲਾਇਕ ਕੋਈ ਸੇਵਾ?'

'ਬਹੁਤ ਮਿਹਰਬਾਨੀ। ਬੱਸ ਆ ਜਾਇਓ ਪਰਿਵਾਰ ਸਮੇਤ। ਇਹੋ-ਜਿਹੇ ਕਾਰਜ ਯਾਰਾਂ ਦੋਸਤਾਂ, ਰਿਸ਼ਤੇਦਾਰਾਂ ਨਾਲ ਹੀ ਸੋਭਦੇ ਨੇ।' ਸੁਖਦੇਵ ਸਿੰਘ ਨੇ ਚਾਹ ਦੀ ਚੁਸਕੀ ਲੈਂਦਿਆਂ ਕਿਹਾ।

'ਨਾਲੇ ਮੇਰੇ ਪੁੱਤਰ ਸੌਰਭ ਨੂੰ ਜ਼ਰੂਰ ਲੈ ਕੇ ਆਉਣਾ।' ਸੁਖਦੇਵ ਨੇ ਸੁਖਦੀਪ ਦੇ ਬੇਟੇ ਸੌਰਭ ਵੱਲ ਦੇਖਦਿਆਂ ਕਿਹਾ ਜੋ ਉੱਪਰਲੇ ਕਮਰੇ ਤੋਂ ਪੌੜੀਆਂ ਉਤਰ ਰਿਹਾ ਸੀ। ਸੌਰਭ ਨੇ ਸੁਖਦੇਵ ਨੂੰ ਦੇਖਦਿਆਂ ਹੀ ਰੌਲਾ ਪਾ ਦਿੱਤਾ, 'ਭੂਤ ਅੰਕਲ, ਭੂਤ ਅੰਕਲ ਹਾ..ਹਾ..ਹ..ਹਾਂ'।

ਸਾਰੇ ਹੱਸ ਪਏ। ਸੌਰਭ ਭੱਜ ਕੇ ਆ ਸੁਖਦੇਵ ਸਿੰਘ ਦੇ ਗੋਡਿਆਂ 'ਤੇ ਬੈਠ ਗਿਆ। ਸੁਖਦੇਵ ਵੀ ਪਿਆਰ ਨਾਲ ਉਸ ਦੀ ਪਿੱਠ ਪਲੋਸਣ ਲੱਗਾ।

'ਹੈਂ! ਭੂਤ ਅੰਕਲ'!! ਸੁਖਦੇਵ ਸਿੰਘ ਦੀ ਪਤਨੀ ਗੁਰਦੀਪ ਕੌਰ ਨੇ ਠੋਡੀ 'ਤੇ ਉਂਗਲ ਰੱਖ ਕੇ ਸੁਖਦੀਪ ਸਿੰਘ ਦੀ ਪਤਨੀ ਜੈ ਕੌਰ ਵੱਲ ਦੇਖਿਆ ਪਰ ਪਤਾ ਉਸ ਨੂੰ ਵੀ ਨਹੀਂ ਸੀ। ਹਾਸਾ ਰੋਕ ਸੁਖਦੀਪ ਸਿੰਘ ਦੱਸਣ ਲੱਗਾ, 'ਇਕ ਦਿਨ ਐਤਵਾਰ ਨੂੰ ਮੈਂ ਅਤੇ ਸੌਰਭ ਤੁਹਾਡੇ ਘਰ ਗਏ ਸੀ। ਅੱਗੋਂ ਸੁਖਦੇਵ ਨੇ ਲੰਮੀ ਦਾਹੜੀ ਅਤੇ ਕੇਸਾਂ ਨੂੰ ਡਾਈ ਲਾਈ ਹੋਈ ਸੀ ਤੇ ਮੋਢਿਆਂ ਤੇ ਕਾਲਾ ਪਟਕਾ ਲਿਆ ਹੋਇਆ ਸੀ ਉਦੋਂ ਤੋਂ ਹੀ ਇਹ ਇਨ੍ਹਾਂ ਨੂੰ ਭੂਤ ਅੰਕਲ ਕਹਿ ਕੇ ਬੁਲਾਉਂਦਾ ਹੈ'।

'ਅੰਕਲ ਥੋਡੀ ਗੱਡੀ?' ਸੌਰਭ ਨੇ ਸੁਖਦੇਵ ਦੇ ਗੋਡਿਆਂ ਤੋਂ ਉਤਰ ਕੇ ਨਾਲ ਪਈ ਕੁਰਸੀ 'ਤੇ ਬੈਠਦਿਆਂ ਕਿਹਾ।

'ਬਾਹਰ ਖੜ੍ਹੀ ਏ, ਪੁੱਤਰ।' ਸੁਖਦੇਵ ਸਿੰਘ ਨੇ ਸੌਰਭ ਦੀ ਪਿੱਠ 'ਤੇ ਹੱਥ ਰੱਖਦਿਆਂ ਪਿਆਰ ਨਾਲ ਜਵਾਬ ਦਿੱਤਾ।

'ਮੈਂ ਪਾਠ ਸੁਣਾਵਾਂ?'

'ਹਾਂ, ਸੁਣਾ।'

'ਇੱਕੋ ਅਨਕਾਰ ਸਤਨਾਮ ਕਰਤਾ ਪੁਰਖ ਨਿਰਭਉ ਨਿਰਵੈਰ ਅਕਾਲ ਮੂਰਤ ਅਜੂਨੀ ਸੈਭੰਗ..' ਉਹ ਤੋਤਲੀ ਜ਼ੁਬਾਨ 'ਚ ਬੋਲ ਰਿਹਾ ਸੀ।

'ਅੰਕਲ ਤਸੀਂ ਵੀ ਬੋਲੋ।'

'ਪਰ ਪੁੱਤਰ ਇਹ ਜਪੁਜੀ ਸਾਹਿਬ ਸਵੇਰ ਦੀ ਬਾਣੀ ਹੈ। ਸ਼ਾਮ ਦੀ ਬਾਣੀ ਤਾਂ ਰਹਿਰਾਸ ਹੁੰਦੀ ਏ'।

'ਨਹੀਂ, ਤੁਸੀਂ ਬੋਲੋ'।

'ਚਲੋ ਚੰਗਾ।' ਸੌਰਭ ਦੀ ਜ਼ਿਦ ਅੱਗੇ ਸੁਖਦੇਵ ਸਿੰਘ ਨੂੰ ਝੁਕਣਾ ਪਿਆ।

ਸੁਖਦੀਪ ਦਾ ਸੌਰਭ ਇਕਲੌਤਾ ਪੁੱਤਰ ਹੈ। ਦੋ ਬੇਟੀਆਂ ਇਸ ਤੋਂ ਛੋਟੀਆਂ ਹਨ। ਸੌਰਭ ਦੀ ਉਮਰ ਕਰੀਬ ਉਨੀ ਸਾਲ ਹੈ ਪਰ ਬਚਪਨਾ ਅਜੇ ਵੀ ਜਿਉਂ ਦਾ ਤਿਉਂ ਹੈ। ਸ਼ੁਰੂ ਤੋਂ ਹੀ ਅਸਧਾਰਨ ਹੈ। ਇਸ ਦਾ ਮਾਨਸਿਕ ਤੌਰ 'ਤੇ ਵਿਕਾਸ ਨਹੀ ਹੋਇਆ। ਆਦਤਾਂ ਛੋਟੇ ਬੱਚੇ ਵਰਗੀਆਂ ਹਨ। ਜ਼ਿਦੀ ਬਹੁਤ ਹੈ। ਹਮੇਸ਼ਾ ਬੇਚੈਨ ਜਿਹਾ ਰਹਿੰਦਾ। ਸ਼ੁਰੂ ਤੋਂ ਹੀ ਦਵਾਈ ਚਲਦੀ ਹੈ। ਮਨ ਵਿਚ ਆਈ ਗੱਲ ਜ਼ਿਦ ਨਾਲ ਪੂਰੀ ਕਰਵਾਉਂਦਾ ਹੈ। ਨਹੀਂ ਤਾਂ ਖਾਣਾ-ਪੀਣਾ ਬੰਦ। ਸਕੂਲ ਵਿਚ ਛੋਟੇ ਬੱਚਿਆਂ ਵਿਚ ਬੈਠ ਕੇ ਘਰ ਆ ਜਾਂਦਾ ਹੈ। ਪੜ੍ਹਨ ਦਾ ਕੁਝ ਨਹੀਂ ਪਤਾ। ਉਸ ਦੇ ਹਾਣੀ ਕਾਲਜ ਵਿਚ ਉੱਚੀਆਂ ਕਲਾਸਾਂ 'ਚ ਪੜ੍ਹਦੇ ਹਨ ਤੇ ਕੁਝ ਕੋਰਸ ਕਰਦੇ ਹਨ।

ਸੁਖਦੇਵ ਤੇ ਸੁਖਦੀਪ ਇੱਕੋ ਦਫ਼ਤਰ ਵਿਚ ਨੌਕਰੀ ਕਰਦੇ ਹਨ। ਉਨ੍ਹਾਂ ਦੀ ਦੋਸਤੀ ਬਹੁਤ ਗੂਹੜੀ ਹੈ। ਸਕੇ ਭਰਾਵਾਂ ਤੋਂ ਵੱਧ ਪਿਆਰ। ਦੋਵੇਂ ਆਪਣੀ ਡਿਊਟੀ ਪ੍ਰਤੀ ਵਫ਼ਾਦਾਰ। ਦੋਵਾਂ ਦੀ ਦਫ਼ਤਰ ਵਿਚ ਪੂਰੀ ਪੈਠ ਹੈ। ਪਰੰਤੂ ਸੁਖਦੀਪ ਸਿੰਘ ਆਪਣੇ ਬੇਟੇ ਦੇ ਪੱਖ ਤੋਂ ਨਿਰਾਸ਼ ਹੈ। ਕਈ ਵਾਰ ਉਸ ਦਾ ਮਨ ਚਿੜਚੜਾ ਹੋ ਜਾਂਦਾ, ਜਿਸ ਦਾ ਸੁਖਦੇਵ ਸਿੰਘ ਨੂੰ ਪਤਾ ਲੱਗ ਜਾਂਦਾ ਤੇ ਉਹ ਉਸ ਨੂੰ ਖ਼ੁਸ਼ ਕਰਨ ਦੀ ਹਰ ਸੰਭਵ ਕੋਸ਼ਿਸ਼ ਕਰਦਾ। ਕਈ ਵਾਰ ਸੁਖਦੀਪ ਦੇ ਘਰੋਂ ਸੌਰਭ ਦਾ ਫੋਨ ਆ ਜਾਂਦਾ, 'ਪਾਪਾ ਅੱਜ ਸੇਬ ਲੈ ਕੇ ਆਉਣਾ, ਅੱਜ ਕੇਲੇ..'

'ਠੀਕ ਹੈ ਬੇਟੇ ਜ਼ਰੂਰ ਲੈ ਕੇ ਆਵਾਂਗਾ। ਅੱਛਾ ਫੋਨ ਕੱਟ ਮੈਂ ਕੰਮ ਕਰਦਾ ਹਾਂ।'

'ਨਹੀਂ ਮੇਰੀ ਭੂਤ ਅੰਕਲ ਨਾਲ ਗੱਲ ਕਰਾਂ'। 'ਸੁਖਦੇਵ ਕਰੀਂ ਪਲੀਜ਼ ਗੱਲ।'

ਸੁਖਦੇਵ ਆਪਣੇ ਕੰਮ ਵਿਚ ਬਿਜ਼ੀ ਹੋਣ ਦੇ ਬਾਵਜੂਦ ਕਦੇ ਜਵਾਬ ਨਹੀ ਦਿੰਦਾ। ਫੋਨ ਕੰਨ ਨੂੰ ਲਾ ਕੇ ਕਹਿੰਦਾ,

'ਹਾਂ ਪੁੱਤਰ ਜੀ।'

'ਅੰਕਲ ਤੂੰ ਕਿੱਥੇ ਐਂ?'

'ਮੈਂ ਦਫ਼ਤਰ।'

'ਤੂੰ ਆ ਜਾ।'

'ਕਿਸੇ ਦਿਨ ਜ਼ਰੂਰ ਆਵਾਂਗਾ।'

'ਗੱਡੀ ਕਿੱਥੇ ਐ?'

'ਮੇਰੇ ਕੋਲ।'

'ਕਿਹੜੀ ਐ?'

'ਮਾਰੂਤੀ ਕਾਰ।'

'ਪਾਠ ਸੁਣਾਵਾਂ?'

'ਹਾਂ ਜੀ, ਸੁਣਾਓ।'

ਇਹ ਸਿਲਸਲਾ ਮਹੀਨੇ ਵਿਚ ਕਈ-ਕਈ ਵਾਰ ਜਾਰੀ ਰਹਿੰਦਾ। ਕਈ ਵਾਰ ਕਿਸੇ ਜ਼ਰੂਰੀ ਕੰਮ ਵਿਚ ਬਿਜ਼ੀ ਹੁੰਦੇ ਹੋਏ ਸੌਰਭ ਦਾ ਫੋਨ ਆ ਜਾਂਦਾ। ਉਸ ਨੂੰ ਖ਼ੁਸ਼ ਰੱਖਣ ਲਈ ਸੁਣਨਾ ਜ਼ਰੂਰੀ ਹੁੰਦਾ। ਬੱਸ ਗੱਲਾਂ ਇਹੋ ਹੀ ਹੁੰਦੀਆਂ, ਕੋਈ ਨਵੀਂ ਗੱਲ ਨਹੀਂ। ਜਿਵੇਂ ਸੌਰਭ ਨੇ ਕੁਝ ਹੋਰ ਸਿੱਖਿਆ ਹੀ ਨਹੀ ਹੈ। ਹੁਣ ਤਾਂ ਸੌਰਭ ਦੇ ਦਾਹੜੀ-ਮੁੱਛਾਂ ਵੀ ਆਉਣੀਆਂ ਸ਼ੁਰੂ ਹੋ ਗਈਆਂ ਪਰ ਬਚਪਨਾ ਜਾਣ ਦਾ ਨਾਂ ਹੀ ਨਹੀਂ ਲੈ ਰਿਹਾ ਸੀ। ਜ਼ਿਦ ਕਰਨ ਨਾਲ ਕਈ ਵਾਰ ਖਾਣਾ-ਪੀਣਾ ਛੱਡ ਦਿੰਦਾ ਤੇ ਫਿਰ ਬਿਮਾਰ ਹੋ ਸਾਰੇ ਪਰਿਵਾਰ ਨੂੰ ਚਿੰਤਾ 'ਚ ਪਾ ਦਿੰਦਾ। ਕਈ ਵਾਰ ਸੁਖਦੀਪ ਸਿੰਘ ਦੀ ਘਰਵਾਲੀ ਤੰਗ ਹੋ ਕੇ ਉਸ ਨੂੰ ਫੋਨ ਕਰ ਦਿੰਦੀ, 'ਅਜੀ, ਸੌਰਭ ਰੋਟੀ ਨਹੀਂ ਖਾਂਦਾ।' 'ਜੋ ਮੰਗਦੈ ਦੇ ਦਿਉ, ਤੈਨੂੰ ਪਤਾ ਤਾਂ ਹੈ ਇਸ ਦਾ'। ਸੁਖਦੀਪ ਫੋਨ 'ਤੇ ਸਮਝਾ ਦਿੰਦਾ। ਇਕ ਦਿਨ ਸ਼ਾਮ ਨੂੰ ਕੰਮ ਨਬੇੜ ਜੈ ਕੌਰ ਸੋਚਾਂ ਵਿਚ ਡੁੱਬੀ ਸੁਖਦੀਪ ਨੂੰ ਕਹਿਣ ਲੱਗੀ, 'ਅਜੀ ਸੁਣਦੇ ਨੀ।'

'ਹੂੰ, ਦੱਸ।' ਦਿਨ ਭਰ ਦੀ ਥਕਾਵਟ ਹੋਣ ਕਾਰਨ ਸੁਖਦੀਪ ਸਿੰਘ ਦੀ ਅੱਖ ਲੱਗਣ ਹੀ ਲੱਗੀ ਸੀ। ਕਦੇ ਆਪਣੇ ਸੌਰਭ ਦੀ ਵੀ ਬਰਾਤ...'

'ਹ-ਹਾਂ ਜ਼ਰੂਰ। ਕਿਉਂ ਨਹੀਂ? ਹੈ! ਝੱਲੀ!! ਆਪਾਂ ਕਿਹੜੇ ਰੱਬ ਦੇ ਮਾਂਹ ਮਾਰੇ ਨੇ। ਕਿਸੇ ਨੂੰ ਕਦੇ ਵੱਧ-ਘੱਟ ਨਹੀਂ ਕਿਹਾ। ਪਰਮਾਤਮਾ 'ਤੇ ਵਿਸ਼ਵਾਸ ਰੱਖ। ਦਵਾਈ-ਬੂਟੀ ਚਲਦੀ ਹੈ। ਹਮੇਸ਼ਾ ਆਪਣੇ ਤੋਂ ਨੀਵਿਆਂ ਨੂੰ ਦੇਖ ਜਿਉਣਾ ਚਾਹੀਦੈ। ਸਾਡੇ ਦਫ਼ਤਰ ਵਿਚ ਇਕ ਕਰਮਚਾਰੀ ਦਾ ਬੇਟਾ ਵੀ ਸੌਰਭ ਤੋਂ ਵਡੇਰੀ ਉਮਰ ਦਾ ਹੈ ਉਸ ਨੂੰ ਆਪਣੇ ਆਪ ਦਾ ਪਤਾ ਹੀ ਨਹੀਂ। ਆਪਣੇ ਕੱਪੜੇ ਵੀ ਆਪ ਨਹੀਂ ਬਦਲ ਸਕਦਾ ਆਪਣੀ ਕਿਰਿਆ ਆਪ ਨਹੀਂ ਸੋਧ ਸਕਦਾ। ਸਾਰਾ ਕੁਝ ਉਸ ਦੀ ਮਾਤਾ ਹੀ ਕਰਦੀ ਹੈ ਵਿਚਾਰੀ। ਧੰਨ ਹੈ ਓਹ ਔਰਤ!'

'ਓਹੋ! ਪਰਮਾਤਮਾ ਸੁਮੱਤ ਬਖ਼ਸ਼ੇ'। ਜੈ ਕੌਰ ਨੇ ਹਉਕਾ ਲਿਆ। ਪਤਾ ਹੀ ਨਾ ਲੱਗਾ ਕਿ ਕਦੋਂ ਉਨ੍ਹਾਂ ਨੂੰ ਨੀਂਦ ਨੇ ਆਪਣੇ ਕਲਾਵੇ ਵਿਚ ਲੈ ਲਿਆ।

ਮੈਰਿਜ ਪੈਲੇਸ ਵਿਚ ਸ਼ੋਰ। ਹਰ ਇਕ ਨੇ ਇਕ ਦੂਜੇ ਤੋਂ ਵੱਧ ਫੱਬਣ ਲਈ ਕੋਈ ਕਸਰ ਛੱਡੀ ਨਹੀਂ ਸੀ ਲਗਦੀ। ਵੱਖ-ਵੱਖ ਖਾਣ-ਪੀਣ ਦੇ ਸਟਾਲ। ਇਕ ਦਮ ਹੋਈ ਭੀੜ ਆਪੋ ਆਪਣੀਆਂ ਪਲੇਟਾਂ ਲੈ ਖੁੱਲ੍ਹੇ ਲਾਅਨ ਵਿਚ ਖਿੰਡ ਕੇ ਚੰਗੇ ਸ਼ਹਿਰੀਆਂ ਦਾ ਸਬੂਤ ਦੇਣ ਲੱਗੀ। ਹਾਂ, ਪਿੰਡਾਂ ਚੋਂ ਆਈਆਂ ਵਡੇਰੀ ਉਮਰ ਦੀਆਂ ਔਰਤਾਂ ਹੇਠਾਂ ਬੈਠ ਕੇ ਹੀ ਵੱਖ-ਵੱਖ ਪਕਵਾਨਾਂ ਦਾ ਲੁਤਫ਼ ਲੈਣ ਵਿਚ ਮਗਨ ਸਨ ਕਿਉਂਕਿ ਇਸ ਉਮਰ ਵਿਚ ਗਿੱਟੇ-ਗੋਡੇ ਜਵਾਬ ਦੇਣ ਕਾਰਨ ਸਹਾਰਿਆਂ ਦੀ ਲੋੜ ਪੈਂਦੀ ਹੈ। ਆਪਣੇ ਟਾਈਮ ਮੁਤਾਬਕ ਹਰ ਇਕ ਕੰਮ ਹੋ ਰਿਹਾ ਹੈ। ਅਮਿਤੋਜ਼ ਸ਼ੇਰਵਾਨੀ ਵਿਚ ਪੂਰਾ ਫਬਦਾ ਸੀ ਥੋੜ੍ਹੀ ਦੇਰ ਵਿਚ ਹੀ ਲਹਿੰਗਾ ਤੇ ਸ਼ੇਰਵਾਨੀ ਦਾ ਸਿੱਖੀ ਰਸਮਾਂ ਅਨੁਸਾਰ ਜੁੱਗੋ-ਜੁੱਗੀ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਵਿਚ ਮੇਲ ਹੋ ਗਿਆ ਜਿਨ੍ਹਾਂ ਨੂੰ ਅਮਿਤੋਜ਼ ਦੇ ਸਾਲਿਆਂ ਨੇ ਫੁਲਕਾਰੀ ਤਾਣ ਖੁੱਲ੍ਹੇ ਪੰਡਾਲ ਵਿਚ ਪੇਸ਼ ਕੀਤਾ ਅਤੇ ਸਟੇਜ 'ਤੇ ਸੈਕਟਰੀ ਨੇ ਆਰਕੈਸਟਰਾਂ ਦਾ ਸ਼ੋਰ ਸ਼ਰਾਬਾ ਰੋਕ ਕੇ ਬਹੁਤ ਹੀ ਰੋਚਕ ਸ਼ਬਦਾਂ ਨਾਲ ਸਵਾਗਤ ਕੀਤਾ ਕਿ ਸਾਰਿਆਂ ਨੂੰ ਤਾੜੀਆਂ ਮਾਰਨ ਲਈ ਮਜਬੂਰ ਕਰ ਦਿੱਤਾ। ਨੁੱਕਰ ਵਿਚ ਲੱਗੇ ਸਟਾਲ 'ਤੇ ਕੱਚ ਦੇ ਗਲਾਸ ਭਿੜਨ ਲੱਗੇ। ਸ਼ਰਾਬ ਦੇ ਸ਼ੌਕੀਨਾਂ ਨੂੰ ਸਾਰਾ ਪਿੰਡ ਹੀ ਮਿੱਤਰਾਂ ਦਾ ਲੱਗਣ ਲੱਗ ਪਿਆ। ਕਈ ਤਾਂ ਕੁਰਸੀਆਂ 'ਤੇ ਬੈਠੇ ਹੀ 'ਤੂੰ ਮੇਰਾ ਬਾਈ ਮੈਂ ਤੇਰਾ ਬਾਈ..।

ਸਟੇਜ 'ਤੇ ਭੰਗੜੇ ਨੇ ਫ਼ਿਜ਼ਾ ਬਦਲ ਦਿੱਤੀ। ਹਾਜ਼ਰ ਲੋਕਾਂ ਨੇ ਸਟੇਜ ਸੈਕਟਰੀ ਦੇ ਬਿਨਾਂ ਕਿਹਾਂ ਹੀ ਤਾੜੀਆਂ ਨਾਲ ਪੈਲੇਸ ਗੂੰਜਣ ਲਾ ਦਿੱਤਾ। ਅਗਲੇ ਪਲ ਅਧਨੰਗੀਆਂ ਡਾਂਸਰਾਂ ਨੇ ਇੱਜ਼ਤਦਾਰ ਲੋਕਾਂ ਦੇ ਮੱਥੇ ਤੇ ਤਿਊੜੀਆਂ ਪੁਆ ਦਿੱਤੀਆਂ। ਫਿਰ ਪੱਤਿਆਂ ਵਾਂਗ ਨੋਟ ਝੜਨ ਲੱਗੇ। *(ਜਾਰੀ)*



## ਕਵਿਤਾਵਾਂ



ਸਤਨਾਮ ਸਿੰਘ ਕੈਂਥ
99880-47124

### ਮੈਂ ਸ਼ਰਮਿੰਦਾ ਹਾਂ

ਮੈਂ ਸ਼ਰਮਿੰਦਾ ਹਾਂ
ਉਸ ਦੇਸ਼, ਸਮਾਜ ਤੇ ਅਵਾਮ ਤੋਂ
ਜਿੱਥੇ ਧਰਮ ਦੇ ਨਾਂ 'ਤੇ
ਘੜੇ ਜਾਂਦੇ ਹਨ
ਅਨੇਕਾਂ ਹੀ ਫਲਸਫ਼ੇ
ਸਿਰਫ਼ ਆਪਣੀ ਹੋਂਦ ਨੂੰ
ਬਰਕਰਾਰ ਰੱਖਣ ਲਈ
ਕੀਤਾ ਜਾਂਦਾ ਹੈ ਜਮਹੂਰੀਅਤ ਦਾ ਘਾਣ
ਅਫ਼ਸਰਸ਼ਾਹੀ ਦੀਆਂ ਕੁਟਿਲ ਨੀਤੀਆਂ
ਵੰਡ ਦਿੰਦੀਆਂ ਨੇ ਜਿੱਥੇ ਇਨਸਾਨੀਅਤ ਨੂੰ।

ਮੈਂ ਸ਼ਰਮਿੰਦਾ ਹਾਂ
ਉਨ੍ਹਾਂ ਮਾਪਿਆਂ ਤੇ ਬੱਚਿਆਂ ਤੋਂ
ਜੋ ਰੋਲ ਦਿੰਦੇ ਹਨ ਆਪਣੀ ਮਾਂ ਬੋਲੀ ਨੂੰ
ਪੱਛਮੀ ਸੱਭਿਅਤਾ ਦੀ ਤਰਜ਼ 'ਤੇ
ਸਿਖਾਉਂਦੇ ਹਨ ਅੰਗਰੇਜ਼ੀ ਚਾਲ-ਚਲਣ
ਭੁੱਲ ਬਹਿੰਦੇ ਨੇ ਕਦਰਾਂ ਕੀਮਤਾਂ
ਜੋ ਵਿਰਸੇ ਦੀ ਗਵਾਹੀ ਭਰਦੀਆਂ ਸਨ।

ਮੈਂ ਸ਼ਰਮਿੰਦਾ ਹਾਂ
ਉਸ ਅੱਥਰੀ ਜਵਾਨੀ ਤੋਂ
ਜੋ ਹੋ ਚੁੱਕੀ ਹੈ ਗਲਤਾਨ
ਨਸ਼ਿਆਂ ਦੇ ਵਹਿਣ ਵਿਚ
ਭੁੱਲ ਗਈ ਹੈ
ਨਰੋਏ ਸਰੀਰਾਂ ਦੀ ਲਿਸ਼ਕ ਨੂੰ
ਬਣ ਬੈਠੀ ਉਹ ਹਮਸਫ਼ਰ
ਕਿਸੇ ਅਦ੍ਰਿਸ਼ ਮੁਲਕ ਦੀ।

ਮੈਂ ਸ਼ਰਮਿੰਦਾ ਹਾਂ
ਉਨ੍ਹਾਂ ਸਾਰੇ ਵਰਤਾਰਿਆਂ ਤੋਂ
ਜੋ ਧਾਰ ਲੈਂਦੇ ਹਨ ਰੂਪ ਹੈਵਾਨੀਅਤ ਦਾ।
ਮੈਂ ਸ਼ਰਮਿੰਦਾ ਇਸ ਲਈ ਹਾਂ
ਕਿਉਂਕਿ ਮੈਂ
ਉਸ ਦੇਸ਼ ਦਾ ਬਾਸ਼ਿੰਦਾ ਹਾਂ
ਜੋ ਸੂਰਮੇ ਭਰ ਜੋਬਨ 'ਚ
ਸ਼ਹੀਦੀਆਂ ਪਾ ਗਏ।
ਪਰ ਅਜੋਕੀ ਜਵਾਨੀ ਨੇ
ਉਨ੍ਹਾਂ ਪਾਕ ਰੂਹਾਂ ਨੂੰ ਵੀ
ਸ਼ਰਮਿੰਦਾ ਕਰ ਦਿੱਤਾ ਹੈ
ਆਪਣੇ ਕਈ ਮਲੀਨ ਕਾਰਿਆਂ ਕਰਕੇ।



ਸਤਿੰਦਰ
94676-54643

### ਮਨਮੋਹਨ ਬਾਵਾ ਦਾ ਕਾਵਿ-ਚਿੱਤਰ

ਤੇਰਾ ਯੁੱਧ-ਨਾਦ
ਕਿਸੇ ਯੁੱਗ ਦਾ ਅੰਤ ਨਹੀਂ
ਸਗੋਂ ਨਵੇਂ ਯੁੱਗ ਦੀ ਚੇਤਨਾ ਜਗਾਉਂਦਾ ਹੈ।
ਅਫ਼ਗਾਨਿਸਤਾਨ ਦੀ ਉਰਸਲ ਦਾ
ਹਰ ਪਾਤਰ ਨਵੀਂ ਦਾਸਤਾਨ ਸੁਣਾਉਂਦਾ ਹੈ।

ਤੂੰ ਜੰਗਲ-ਜੰਗਲ
ਪਰਬਤ-ਪਰਬਤ ਘੁੰਮਦਾ ਐਂ
ਤੇ ਸੱਪ ਦੀ ਚਾਲ ਵਾਂਗ ਵਿਛੇ
ਵਿੰਗੇ-ਟੇਡੇ ਰਸਤਿਆਂ 'ਤੇ
ਪੱਬ ਰੱਖਦਾ ਐਂ।
ਅਣਡਿੱਠੇ ਰਸਤੇ, ਉੱਚੇ ਪਰਬਤ
ਤੇ ਪਗਡੰਡੀਆਂ ਉੱਤੇ ਤੇਰੇ ਨਾਲ
ਤੁਰਨ ਦਾ ਅਹਿਸਾਸ ਵੱਖਰਾ ਹੈ।

ਤੂੰ ਉਹ ਜੋਗੀ ਐਂ
ਜਿਹੜਾ ਪਹਾੜਾਂ ਤੋਂ
ਉਤਰ ਕੇ ਨਹੀਂ ਆਇਆ
ਸਗੋਂ ਹੋਰਾਂ ਨੂੰ ਵੀ ਸੰਗ ਲੈਣ ਲਈ
ਨਗਰਾਂ ਮਹਾਨਗਰਾਂ ਵਿਚ ਫੇਰਾ ਪਾਉਂਦਾ ਏ
ਤੇ ਕਹਿੰਦਾ ਏ
ਤੁਸੀ ਵੀ ਚੱਲੋ ਮੇਰੇ ਨਾਲ
ਦੇਖੋ ਕੁਦਰਤ ਦਾ ਕਮਾਲ।

ਤੂੰ ਰਾਹ-ਰਸਤੇ ਵਿਚ
ਕੋਈ ਕਿੱਸਾ ਕਹਾਣੀ ਛੋਹ ਲੈਂਦਾ ਹੈਂ
ਤੇਰੀਆਂ ਕਹਾਣੀਆਂ ਦੇ ਪਾਤਰ
ਰਾਜੇ, ਮਹਾਰਾਜੇ, ਥੇਪੀ, ਭਿਕਸ਼ੂ,
ਛੂਤ, ਅਛੂਤ, ਜਾਤ, ਅਜਾਤ, ਸੁੰਦਰ ਤੇ ਕਰੂਪ
ਭਾਵੇਂ ਹਨ ਤਾਂ ਸਾਰੇ ਕਲਯੁੱਗ ਦੇ ਹੀ
ਪਰ ਤੇਰੀ ਕਲਮ ਦੀ ਛੋਹ ਉਨ੍ਹਾਂ ਨੂੰ
ਸਤਯੁਗੀ ਬਣਾ ਦਿੰਦੀ ਹੈ
ਤੇ ਸੰਘਣੀ ਕਾਲੀ ਠੰਢੀ ਰਾਤ ਵਿਚ
ਨਿੱਘ ਭਰਦੀ ਹੈ ਤੇ ਸਾਹ-ਰਗ ਨੂੰ
ਚਿੱਟੇ ਘੋੜੇ ਦਾ ਸਵਾਰ ਬਣਾ ਦਿੰਦੀ ਹੈ।

ਤੇਰੇ ਨਾਲ ਤੁਰਨ ਦਾ ਅਹਿਸਾਸ
ਨਵੇਂ ਰਾਹ 'ਤੇ ਚੱਲਣ ਵਰਗਾ ਹੈ
ਤੇਰੇ ਨਾਲ ਤੁਰਨ ਦਾ ਅਹਿਸਾਸ
ਆਪਣੇ ਆਪ ਨੂੰ ਲੱਭਣ ਵਰਗਾ ਹੈ।

### ਵਜੂਦ ਦੀ ਪਛਾਣ

ਛੱਡ ਕੇ ਦੁਨੀਆ ਖ਼ਿਆਲਾਂ ਦੀ,
ਆਪਣੇ ਵਜੂਦ ਦੀ ਪਛਾਣ ਕਰ।
ਇਕ ਦਿਨ ਬੰਦਿਆ ਤੁਰ ਜਾਣਾ ਹੈ,
ਵਡਮੁੱਲੇ ਜੀਵਨ ਦਾ ਅਹਿਸਾਸ ਤਾਂ ਕਰ।
ਸਮਾਂ ਹੈ ਚੱਲਦਾ, ਚੱਲਦੇ ਹੀ ਰਹਿਣਾ,
ਸਮੇਂ ਦੇ ਨੇਮਾਂ ਤੋਂ ਨਾ ਅਣਜਾਣ ਬਣ।
ਤੇਰਾ-ਮੇਰਾ ਕਰਦਿਆਂ ਦਿਨ ਕੱਟ ਦੇਣੇ,
ਇਸ ਤੋਂ ਚੰਗਾ ਹੈ 'ਮੈਂ' ਰਹਿਤ ਇਨਸਾਨ ਬਣ।
ਅਸਲੀ ਪਛਾਣ ਤੇਰੀ ਹੈ ਕਿੱਥੇ?
ਚੱਲ ਉੱਠ! ਉਸ ਦੀ ਭਾਲ ਤਾਂ ਕਰ।
ਹੋਵੇਗਾ ਤੇਰਾ ਨਾਂ ਵੀ ਇਹ ਸੋਚ ਕੇ,
ਆਪਣੀ ਜ਼ਿੰਦਗੀ 'ਤੇ ਮਾਣ ਤਾਂ ਕਰ।
ਛੱਡ ਕੇ ਦੁਨੀਆ ਖ਼ਿਆਲ ਦੀ,
ਆਪਣੇ ਵਜੂਦ ਦੀ ਪਛਾਣ ਕਰ।

• **ਲਖਵਿੰਦਰ ਕਬੂਲਪੁਰ**

# ਐਡਵੋਕੇਟ ਧਾਮੀ ਨੇ ਪੰਜਾਬ ਨੈਸ਼ਨਲ ਬੈਂਕ ਦੀ ਨਵੀਂ ਇਮਾਰਤ ਦਾ ਕੀਤਾ ਉਦਘਾਟਨ

**ਏਜੰਸੀਆਂ**

ਜੈਤੋ 8 ਅਪ੍ਰੈਲ। ਸ਼?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਅੱਜ ਗੁਰਦੁਆਰਾ ਬਾਬਾ ਅਟੱਲ ਰਾਇ ਸਾਹਿਬ ਨਜ਼ਦੀਕ ਪੰਜਾਬ ਨੈਸ਼ਨਲ ਬੈਂਕ ਦੀ ਬ੍ਰਾਂਚ ਦਾ




ਨਵੀਨੀਕਰਨ ਮਗਰੋਂ ਉਦਘਾਟਨ ਕੀਤਾ। ਇਸ ਦੌਰਾਨ ਪੰਜਾਬ ਨੈਸ਼ਨਲ ਬੈਂਕ ਦੇ ਅਧਿਕਾਰੀਆਂ ਨੇ ਸ੍ਰੀ ਦਰਬਾਰ ਸਾਹਿਬ ਲਈ ਸੰਗਤਾਂ ਦੀ ਸਹੂਲਤ ਲਈ ਬੱਸ ਖ਼ਰੀਦ ਕਰਨ ਵਾਸਤੇ 30 ਲੱਖ ਰੁਪਏ ਦਾ ਚੈੱਕ ਸ਼?ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਸੌਂਪਿਆ। ਇਸ ਮੌਕੇ ਗੱਲ ਕਰਦਿਆਂ ਐਡਵੋਕੇਟ ਧਾਮੀ ਨੇ ਕਿਹਾ ਕਿ ਪੰਜਾਬ ਨੈਸ਼ਨਲ ਬੈਂਕ ਵੱਲੋਂ ਸਮੇਂ-ਸਮੇਂ ਗੁਰੂ ਘਰ ਦੀਆਂ ਸੇਵਾਵਾਂ ਵਿਚ ਸਹਿਯੋਗ ਕੀਤਾ ਜਾਂਦਾ ਹੈ, ਇਸੇ ਤਹਿਤ ਬੈਂਕ ਪ੍ਰਬੰਧਕਾਂ ਵੱਲੋਂ ਸ੍ਰੀ ਦਰਬਾਰ ਸਾਹਿਬ ਵਿਖੇ ਪੁੱਜਦੀਆਂ ਸੰਗਤਾਂ ਦੀ ਸਹੂਲਤ ਲਈ ਇਕ 32 ਸੀਟਾਂ ਵਾਲੀ ਬੱਸ ਦੀ ਖ਼ਰੀਦ ਵਾਸਤੇ 30 ਲੱਖ ਰੁਪਏ ਦਿੱਤੇ ਗਏ ਹਨ। ਉਨ੍ਹਾਂ ਆਸ ਪ੍ਰਗਟਾਈ ਕਿ ਬੈਂਕ ਸੰਗਤਾਂ ਦੀ ਸਹੂਲਤ ਲਈ ਨਿਰੰਤਰ ਕਾਰਜਸ਼ੀਲ ਰਹੇਗਾ। ਇਸ ਦੌਰਾਨ ਬੈਂਕ ਅਧਿਕਾਰੀਆਂ ਨੂੰ ਸ਼?ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਹੋਰਾਂ ਵੱਲੋਂ ਗੁਰੂ ਬਖ਼ਸ਼ਿਸ਼ ਸਿਰੋਪਾਓ ਅਤੇ ਸ੍ਰੀ ਦਰਬਾਰ ਸਾਹਿਬ ਦਾ ਸੁਨਹਿਰੀ ਮਾਡਲ ਦੇ ਕੇ ਸਨਮਾਨਿਤ ਕੀਤਾ। ਇਸੇ ਦੌਰਾਨ ਪੰਜਾਬ ਨੈਸ਼ਨਲ ਬੈਂਕ ਦੇ ਪ੍ਰਬੰਧਕੀ ਨਿਰਦੇਸ਼ਕ ਸ੍ਰੀ ਅਸ਼ੋਕ ਚੰਦਰ ਨੇ ਬੈਂਕ ਦੀ ਬ੍ਰਾਂਚ ਦੇ ਉਦਘਾਟਨੀ ਸਮਾਗਮ ਵਿਚ ਵਿਸ਼ੇਸ਼ ਤੌਰ ’ਤੇ ਪੁੱਜਣ ਲਈ ਸ਼?ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦਾ ਧੰਨਵਾਦ ਕੀਤਾ। ਇਸ ਮੌਕੇ ਸ਼?ਰੋਮਣੀ ਕਮੇਟੀ ਦੇ ਜਨਰਲ ਸਕੱਤਰ ਸ਼ੇਰ ਸਿੰਘ ਮੰਡਵਾਲਾ, ਅੰਤ੍ਰਿੰਗ ਮੈਂਬਰ ਅਮਰੀਕ ਸਿੰਘ ਵਿਛੋਆ, ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ, ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਸੁਰਜੀਤ ਸਿੰਘ ਭਿੱਟੇਵੱਡ, ਹਰਜਾਪ ਸਿੰਘ ਸੁਲਤਾਨਵਿੰਡ, ਹਰਪਾਲ ਸਿੰਘ ਜੱਲਾ, ਓਐਸਡੀ ਸਤਬੀਰ ਸਿੰਘ ਧਾਮੀ, ਸਕੱਤਰ ਪ੍ਰਤਾਪ ਸਿੰਘ, ਨਿੱਜੀ ਸਕੱਤਰ ਸ਼ਾਹਬਾਜ਼ ਸਿੰਘ, ਜਨਰਲ ਮੈਨੇਜਰ ਭਗਵੰਤ ਸਿੰਘ ਧੰਗੇੜਾ ਤੇ ਹੋਰ ਮੌਜੂਦ ਰਹੇ।

# ਸੰਤ ਬਲਵੀਰ ਸਿੰਘ ਸੀਚੇਵਾਲ ਤੇ ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਵੱਲੋਂ ਨਵੇਂ ਪ੍ਰੋਜੈਕਟ ਦੀ ਸ਼ੁਰੂਆਤ

**ਸਰਦੂਲ ਸਿੰਘ**

ਟਾਂਡਾ ਉੜਮੁੜ 8 ਅਪ੍ਰੈਲ। ਰਾਜ ਸਭਾ ਮੈਂਬਰ ਅਤੇ ਵਿਸ਼ਵ ਪ੍ਰਸਿੱਧ ਵਾਤਾਵਰਣ ਪ੍ਰੇਮੀ ਸੰਤ ਬਲਵੀਰ ਸਿੰਘ ਸੀਚੇਵਾਲ ਅਤੇ ਪੰਜਾਬ ਦੇ ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਨੇ ਸਾਂਝੇ ਤੌਰ ’ਤੇ ਪਿੰਡ ਕੰਧਾਲੀ ਨਾਰੰਗਪੁਰ ਵਿਖੇ ਛੱਪੜ ਦੇ ਪਾਣੀ ਨੂੰ ਸੋਧ ਕੇ ਸਿੰਚਾਈ ਲਈ ਵਰਤਣ ਦੇ ਪ੍ਰੋਜੈਕਟ ਦੀ ਸ਼ੁਰੂਆਤ ਕਰਦਿਆਂ ਕਿਹਾ ਕਿ ਆਉਂਦੇ 6 ਮਹੀਨਿਆਂ ਵਿਚ ਇਹ ਕੰਮ ਮੁਕੰਮਲ ਹੋਣ ਨਾਲ ਪਿੰਡ ਵਾਸੀਆਂ ਨੂੰ ਵੱਡੀ ਸਹੂਲਤ ਮਿਲੇਗੀ। ਛੱਪੜ ਦੇ ਨਵੀਨੀਕਰਨ ਦੇ ਕੰਮ ਦਾ ਨੀਂਹ ਪੱਥਰ ਰੱਖਣ ਉਪਰੰਤ ਰਾਜ ਸਭਾ ਮੈਂਬਰ ਸੰਤ ਬਲਵੀਰ ਸਿੰਘ ਸੀਚੇਵਾਲ ਨੇ ਕਿਹਾ ਕਿ ਛੱਪੜ ਦੀ ਸੁਧਾਈ ਸੀਚੇਵਾਲ ਮਾਡਲ ’ਤੇ ਅਧਾਰਿਤ ਹੋਵੇਗੀ ਜਿਸ ਤਹਿਤ ਭੂਮੀ ਰੱਖਿਆ ਵਿਭਾਗ ਦੀ ਮੁਹਾਰਤ ਰਾਹੀਂ ਪਾਈਪਾਂ ਵਿਛਾ ਕੇ ਸਿੰਚਾਈ ਲਈ ਪਾਣੀ ਦੀ ਵਰਤੋਂ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਇਹ ਕੰਮ 20 ਲੱਖ ਰੁਪਏ ਦੀ ਲਾਗਤ ਨਾਲ ਮੁਕੰਮਲ ਹੋਵੇਗਾ ਜਿਸ ਵਿਚ 10 ਲੱਖ ਰੁਪਏ ਦੀ ਗ੍ਰਾਂਟ ਉਨ੍ਹਾਂ ਦੇ ਅਖਤਿਆਰੀ ਫੰਡ ਅਤੇ 10 ਲੱਖ ਰੁਪਏ ਮਨਰੇਗਾ ਫੰਡਾਂ ਵਿਚੋਂ ਖਰਚੇ ਜਾਣਗੇ। ਉਨ੍ਹਾਂ ਕਿਹਾ ਕਿ ਸੀਚੇਵਾਲ ਮਾਡਲ ਛੱਪੜਾਂ ਦੀ ਦਿੱਖ ਨੂੰ ਸਾਫ-ਸੁਥਰਾ ਅਤੇ ਸੁੰਦਰ ਬਣਾਉਣ ਦੇ ਨਾਲ-ਨਾਲ ਪਿੰਡਾਂ ਦੀ ਨੁਹਾਰ ਬਦਲਣ ਵਿਚ ਬੇਹੱਦ ਕਾਰਗਰ ਮਾਡਲ ਹੈ ਜਿਹੜਾ ਕਿ ਮੌਜੂਦਾ ਸਮੇਂ 250 ਦੇ ਕਰੀਬ ਪਿੰਡਾਂ ਵਿਚ ਸਫਲਤਾਪੂਰਵਕ ਚੱਲ ਰਿਹਾ ਹੈ, ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੀਚੇਵਾਲ ਮਾਡਲ ਨੂੰ ਅਪਨਾਉਣ ਨਾਲ ਉਹ ਹੋਰ ਵੀ ਪਿੰਡਾਂ ਵਿਚ ਲੋੜ ਅਨੁਸਾਰ ਇਸਦੀ ਸਥਾਪਤੀ ਕਰਵਾ ਕੇ ਕਿਸਾਨਾਂ ਨੂੰ ਸਿੰਚਾਈਯੋਗ ਪਾਣੀ ਮੁਹੱਈਆ ਕਰਵਾਇਆ ਜਾਵੇਗਾ। ਪੰਜਾਬ ਦੇ ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਨੇ ਰਾਜ ਸਭਾ ਮੈਂਬਰ ਤੇ ਹਲਕਾ ਵਿਧਾਇਕ ਜਸਵੀਰ ਸਿੰਘ ਰਾਜਾ ਗਿੱਲ ਅਤੇ ਪਿੰਡ ਵਾਸੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ



ਸਿੰਘ ਮਾਨ ਦੀ ਅਗਵਾਈ ਵਿਚ ਪੰਜਾਬ ਸਰਕਾਰ ਸ਼ਹਿਰਾਂ ਅਤੇ ਪਿੰਡਾਂ ਦੇ ਸਰਵਪੱਖੀ ਵਿਕਾਸ ਲਈ ਠੋਸ ਉਪਰਾਲੇ ਕਰ ਰਹੀ ਹੈ, ਉਨ੍ਹਾਂ ਦੱਸਿਆ ਕਿ ਬੀਤੇ ਦਿਨੀਂ ਪੇਸ਼ ਕੀਤੇ ਬਜਟ ਵਿਚ ਖੇਤੀਬਾੜੀ ਅਤੇ ਸਹਾਇਕ ਖੇਤਰਾਂ ਲਈ 14.524 ਕਰੋੜ ਰੁਪਏ ਰੱਖੇ ਗਏ ਹਨ ਜੋ ਕਿ ਪਿਛਲੇ ਸਾਲ ਨਾਲੋਂ 5 ਫੀਸਦੀ ਵੱਧ ਹਨ, ਇਸੇ ਤਰ੍ਹਾਂ ਕੰਢੀ ਖੇਤਰ ਵਿਚ ਬਾਗਬਾਨੀ ਅਤੇ ਕੁਦਰਤੀ ਖੇਤੀ ਨੂੰ ਉਤਸ਼ਾਹਿਤ ਕਰਨ ਲਈ ਖਾਕਾ ਤਿਆਰ ਕੀਤਾ ਜਾ ਚੁੱਕਾ ਹੈ ਅਤੇ ਇਸ ਖੇਤਰ ਨੂੰ ਹੁਲਾਰਾ ਦੇਣ ਲਈ ਵੱਖ-ਵੱਖ ਜ਼ਿਲ੍ਹਿਆਂ ਲਈ ਚਾਲੂ ਵਿੱਤੀ ਸਾਲ ਦੌਰਾਨ 137 ਕਰੋੜ ਰੁਪਏ ਬਜਟ ਦੀ ਵਿਵਸਥਾ ਕੀਤੀ ਗਈ ਹੈ। ਕੈਬਨਿਟ ਮੰਤਰੀ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਹੁਸ਼ਿਆਰਪੁਰ, ਰੂਪਨਗਰ, ਸ਼ਹੀਦ ਭਗਤ ਸਿੰਘ ਨਗਰ, ਸਾਹਿਬਜਾਦਾ ਅਜੀਤ ਸਿੰਘ ਨਗਰ ਅਤੇ ਪਠਾਨਕੋਟ ਜ਼ਿਲ੍ਹਿਆਂ ਵਿਚ 40 ਡੂੰਘੇ ਟਿਊਬਵੈੱਲ ਅਤੇ ਸਤਲੁਜ, ਬਿਆਸ ਤੇ ਰਾਵੀ ਨਹਿਰਾਂ ਨੇੜੇ 167 ਛੋਟੇ ਟਿਊਬਵੈੱਲ ਲਗਾਉਣ ਦੀ ਤਜਵੀਜ਼ ਹੈ। ਉਨ੍ਹਾਂ ਦੱਸਿਆ ਕਿ 85 ਕਰੋੜ ਰੁਪਏ ਦੀ ਲਾਗਤ ਨਾਲ ਇਸ ਉਪਰਾਲੇ ਤਹਿਤ 7877 ਹੈਕਟੇਅਰ ਖੇਤੀਬਾੜੀ ਵਾਲੀ ਜ਼ਮੀਨ ਵਿਚ ਸਿੰਚਾਈ ਨੂੰ ਨਵੀਂ ਮਜ਼ਬੂਤੀ ਮਿਲੇਗੀ ਅਤੇ ਪਾਣੀ ਦੀ ਘਾਟ ਵਾਲੇ ਖੇਤਰਾਂ ਵਿਚ ਕਿਸਾਨਾਂ ਨੂੰ ਬੇਹਤਰ ਪਾਣੀ ਸਪਲਾਈ ਯਕੀਨੀ ਹੋਵੇਗੀ। ਉਨ੍ਹਾਂ ਕਿਹਾ ਕਿ ਪਿੰਡ ਕੰਧਾਲੀ ਨਾਰੰਗਪੁਰ ਵਿਖੇ ਛੱਪੜ ਦਾ ਕੰਮ ਪੂਰਾ ਹੋਣ ’ਤੇ ਛੱਪੜ ਨੂੰ ਨਵੀਂ ਅਤੇ ਸਵੱਛ ਦਿੱਖ ਮਿਲੇਗੀ ਜੋ ਕਿ ਹੋਰਨਾਂ ਖੇਤਰਾਂ ਲਈ ਵੀ ਮਿਸਾਲ ਹੋਵੇਗੀ। ਪਿੰਡ ਵਾਸੀਆਂ ਦਾ ਮੰਗ ’ਤੇ ਡਾ. ਰਵਜੋਤ ਸਿੰਘ ਨੇ ਪਿੰਡ ਵਿਚ ਸੋਲਰ ਲਾਈਟਾਂ ਲਗਵਾਉਣ ਲਈ 3 ਲੱਖ ਰੁਪਏ ਦੀ ਗ੍ਰਾਂਟ ਜਾਰੀ ਕਰਨ ਦਾ ਐਲਾਨ ਵੀ ਕੀਤਾ। ਵਿਧਾਇਕ ਜਸਬੀਰ ਸਿੰਘ ਰਾਜਾ ਗਿੱਲ ਨੇ ਕਿਹਾ ਕਿ ਛੱਪੜ ਦੇ ਚੌਗਿਰਦੇ ਨੂੰ ਸੁੰਦਰ ਬਣਾ ਕੇ ਫੁੱਲ-ਬੂਟੇ ਲਾਏ ਜਾਣਗੇ ਜਿੱਥੇ ਪਿੰਡ ਵਾਸੀ ਸਵੇਰ-ਸ਼ਾਮ ਸੈਰ ਆਦਿ ਦੀ ਸਹੂਲਤ ਦਾ ਆਨੰਦ ਮਾਣ ਸਕਣਗੇ। ਉਨ੍ਹਾਂ ਦੱਸਿਆ ਕਿ ਪਿੰਡ ਦੇ ਵਿਕਾਸ ਲਈ 15.35 ਲੱਖ ਰੁਪਏ ਦੀ ਲਾਗਤ ਨਾਲ ਗਲੀਆਂ-ਨਾਲੀਆਂ, ਗੰਦੇ ਪਾਣੀ ਦੇ ਨਿਕਾਸ ਅਤੇ ਪੀਣ ਵਾਲੇ ਪਾਣੀ ਦੀ ਵਿਵਸਥਾ ਨੂੰ ਹੋਰ ਵਧੀਆ ਕੀਤਾ ਜਾਵੇਗਾ।

## ਦੁਕਾਨਦਾਰ ਦੀ ਧੌਣ ’ਤੇ ਛੁਰਾ ਰੱਖ ਲੁਟੇਰੇ ਨਕਦੀ ਤੇ ਕੀਮਤੀ ਮੋਬਾਈਲ ਲੁੱਟ ਹੋਏ ਫ਼ਰਾਰ

ਲੁਧਿਆਣਾ 8 ਅਪ੍ਰੈਲ। ਸ਼ੇਰਪੁਰ ਖੁਰਦ ਮਸਜਿਦ ਨੇੜੇ ਦੁੱਧ ਵਾਲੀ ਦੁਕਾਨ ’ਤੇ ਸਾਮਾਨ ਲੈਣ ਦੇ ਬਹਾਨੇ ਐਕਟਿਵਾ ’ਤੇ ਸਵਾਰ ਹੋ ਕੇ ਆਏ 2 ਲੁਟੇਰੇ ਦੁਕਾਨਦਾਰ ਤੋਂ ਨਕਦੀ ਅਤੇ ਮੋਬਾਈਲ ਲੁੱਟ ਕੇ ਫਰਾਰ ਹੋ ਗਏ। ਜਾਣਕਾਰੀ ਦਿੰਦਿਆਂ ਅੰਸ਼ੂ ਕੁਮਾਰ ਨੇ ਦੱਸਿਆ ਕਿ ਸ਼ੇਰਪੁਰ ਖੁਰਦ ਵਿਖੇ ਮਸਜਿਦ ਨਾਲ ਉਸ ਦੀ ਦੁੱਧ ਰਾਸ਼ਨ ਵਾਲੀ ਦੁਕਾਨ ਹੈ। ਐਤਵਾਰ ਸਵੇਰੇ ਕਰੀਬ ਪੌਣੇ 6 ਵਜੇ ਐਕਟਿਵਾ ’ਤੇ ਸਵਾਰ 2 ਨੌਜਵਾਨ, ਜਿਨ੍ਹਾਂ ’ਚ ਇਕ ਮੋਨਾ ਅਤੇ ਦੂਜਾ ਸਿੱਖ ਸੀ, ਦੁਕਾਨ ’ਤੇ ਆਏ, ਜਿਨ੍ਹਾਂ ਨੇ ਮੂੰਹ ਵੀ ਨਹੀਂ ਢੱਕੇ ਹੋਏ ਸੀ, ਉਸ ਕੋਲੋਂ ਦੁੱਧ ਤੇ ਰਾਸ਼ਨ ਲਿਆ। ਜਦੋਂ ਉਸ ਨੇ ਉਨ੍ਹਾਂ ਕੋਲੋਂ ਸਾਮਾਨ ਦੇ ਪੈਸੇ ਮੰਗੇ ਤਾਂ ਇੱਕ ਲੁਟੇਰੇ ਨੇ ਵੱਡਾ ਸਾਰਾ ਛੁਰਾ ਕੱਢ ਕੇ ਉਸ ਦੀ ਧੌਣ ’ਤੇ ਰੱਖ ਦਿੱਤਾ ਅਤੇ ਗੱਲੇ ’ਚ ਪਈ ਹੋਈ ਨਕਦੀ ਤੇ ਉਸ ਦਾ ਮਹਿੰਗਾ ਮੋਬਾਈਲ ਝਪਟਣ ਮਗਰੋਂ ਛੁਰਾ ਲਹਿਰਾਉਂਦੇ ਹੋਏ ਰੌਲਾ




ਨਾ ਪਾਉਣ ਦੀ ਧਮਕੀ ਦਿੰਦੇ ਹੋਏ ਐਕਟਿਵਾ ’ਤੇ ਫਰਾਰ ਹੋ ਗਏ। ਉਨ੍ਹਾਂ ਦੇ ਜਾਣ ਮਗਰੋਂ ਉਸ ਨੇ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ। ਇਸ ਦੌਰਾਨ ਲੋਕ ਇਕੱਠੇ ਹੋ ਗਏ ਪਰ ਉਦੋਂ ਤਕ ਲੁਟੇਰੇ ਦੂਰ ਨਿਕਲ ਚੁੱਕੇ ਸਨ। ਉਸ ਨੇ ਮੋਤੀ ਨਗਰ ਪੁਲਸ ਥਾਣੇ ’ਚ ਸ਼ਿਕਾਇਤ ਦਰਜ ਕਰਵਾ ਦਿੱਤੀ ਹੈ। ਪੁਲਸ ਦਾ ਕਹਿਣਾ ਹੈ ਕਿ ਦੁਕਾਨ ਦੇ ਆਲੇ-ਦੁਆਲੇ ਲੱਗੇ ਹੋਏ ਸੀ. ਸੀ. ਟੀ. ਵੀ. ਕੈਮਰਿਆਂ ਦੀ ਫੁਟੇਜ ਚੈੱਕ ਕਰ ਰਹੇ ਹਾਂ ਤਾਂ ਕਿ ਕੋਈ ਸੁਰਾਗ ਹੱਥ ਲੱਗ ਸਕੇ। ਉਨ੍ਹਾਂ ਦੱਸਿਆ ਕਿ ਮੁਲਜ਼ਮਾਂ ਦੀ ਭਾਲ ਵਿੱਚ ਪੁਲਸ ਛਾਪੇਮਾਰੀ ਕਰ ਰਹੀ ਹੈ।

## ਵਿਆਹ ਤੋਂ ਪਹਿਲਾਂ ਬਦਲ ਗਈ ਲਾੜੇ ਦੀ ਨੀਅਤ ! ਕੁੜੀ ਨੂੰ ਛੱਡ ਸੱਸ ਨਾਲ ਹੋ ਗਿਆ ਫਰਾਰ

ਅਲੀਗੜ੍ਹ 8 ਅਪ੍ਰੈਲ। ਉੱਤਰ ਪ੍ਰਦੇਸ਼ ਦੇ ਅਲੀਗੜ੍ਹ ਤੋਂ ਹੈਰਾਨ ਕਰਨ ਵਾਲਾ ਮਾਮਲਾ ਸਾਹਮਣੇ ਆਇਆ ਹੈ। ਇੱਥੇ ਵਿਆਹ ਤੋਂ ਸਿਰਫ਼ 9 ਦਿਨ ਪਹਿਲਾਂ ਲਾੜਾ ਆਪਣੀ ਹੋਣ ਵਾਲੀ ਸੱਸ ਨਾਲ ਫਰਾਰ ਹੋ ਗਿਆ। ਜਾਣਕਾਰੀ ਅਨੁਸਾਰ ਕੁੜੀ ਦਾ ਵਿਆਹ 16 ਅਪ੍ਰੈਲ ਨੂੰ ਤੈਅ ਸੀ ਪਰ ਉਸ ਤੋਂ ਪਹਿਲਾਂ ਹੀ ਲਾੜਾ ਅਤੇ ਉਸ ਦੀ ਹੋਣ ਵਾਲੀ ਸੱਸ ਯਾਨੀ ਲਾੜੀ ਦੀ ਮਾਂ ਦੋਵੇਂ ਅਚਾਨਕ ਗਾਇਬ ਹੋ ਗਏ। ਪਰਿਵਾਰ ਵਾਲਿਆਂ ਨੂੰ ਪਹਿਲਾਂ ਤਾਂ ਕੁਝ ਸਮਝ ਹੀ ਨਹੀਂ ਆਇਆ ਪਰ ਜਦੋਂ ਲਾੜੇ ਦਾ ਮੋਬਾਇਲ ਬੰਦ ਮਿਲਿਆ ਅਤੇ ਕੁੜੀ ਦੀ ਮਾਂ ਵੀ ਘਰ ਨਹੀਂ ਆਈ ਤਾਂ ਸ਼ੱਕ ਵਧ ਗਿਆ। ਬਾਅਦ ’ਚੋਂ ਜਦੋਂ ਅਲਮਾਰੀ ਚੈੱਕ ਕੀਤੀ ਗਈ ਤਾਂ ਪਤਾ ਲੱਗਾ ਕਿ ਲਾੜੀ ਦੀ ਘਰ ਘਰੋਂ ਢਾਈ ਲੱਖ ਰੁਪਏ ਕੈਸ਼ ਅਤੇ ਲੱਖਾਂ ਦੇ ਗਹਿਣੇ ਵੀ ਲੈ ਗਈ ਹੈ। ਦੱਸਿਆ ਜਾ ਰਿਹਾ ਹੈ ਕਿ ਲਾੜਾ ਘਰੋਂ ਇਹ ਕਹਿ ਕੇ ਨਿਕਲਿਆ ਸੀ ਕਿ ਉਹ ਵਿਆਹ ਲਈ ਕੱਪੜੇ ਖਰੀਦਣ ਜਾ ਰਿਹਾ ਹੈ ਪਰ ਇਸ ਤੋਂ ਬਾਅਦ ਉਸ ਨੇ ਮੋਬਾਇਲ ਬੰਦ ਕਰ ਲਿਆ। ਜਦੋਂ ਕੁੜੀ ਦੇ ਘਰ ਫੋਨ ਲਗਾਇਆ ਗਿਆ ਤਾਂ ਪਤਾ ਲੱਗਾ ਕਿ ਉੱਥੇ ਵੀ ਉਸ ਦੀ ਮਾਂ ਗਾਇਬ ਹੈ। ਉਦੋਂ ਜਾ ਕੇ ਖ਼ੁਲਾਸਾ ਹੋਇਆ ਕਿ ਦੋਵਾਂ ਵਿਚਾਲੇ ਪ੍ਰੇਮ ਪ੍ਰਸੰਗ ਅਤੇ ਉਹ ਇਕੱਠੇ ਦੌੜ ਗਏ ਹਨ। ਸਭ ਤੋਂ ਹੈਰਾਨੀ ਵਾਲੀ ਗੱਲ ਇਹ ਹੈ ਕਿ ਕੁੜੀ ਦੀ ਮਾਂ ਨੇ ਹੀ ਆਪਣੀ ਧੀ ਦਾ ਰਿਸ਼ਤਾ ਤੈਅ ਕਰਵਾਇਆ ਸੀ। ਬਾਅਦ ’ਚ ਦੋਵਾਂ ਵਿਚਾਲੇ ਨਜ਼ਦੀਕੀਆਂ ਇੰਨੀਆਂ ਵਧੀਆਂ ਕਿ ਲਾੜਾ ਆਪਣੀ ਸੱਸ ਨੂੰ ਮੋਬਾਇਲ ਗਿਫ਼ਟ ਕਰ ਕੇ ਚੋਰੀ-ਚੋਰੀ ਗੱਲ ਕਰਨ ਲੱਗਾ। ਇਸ ਘਟਨਾ ਨਾਲ ਲਾੜੀ ਸਦਮੇ ’ਚ ਹੈ ਅਤੇ ਪੂਰਾ ਇਲਾਕਾ ਹੈਰਾਨ ਹੈ। ਮਾਮਲਾ ਪੁਲਸ ਕੋਲ ਪਹੁੰਚਗਿਆ ਹੈ। ਮਹਿਲਾ ਦੀ ਗੁੰਮਸ਼ੁਦਗੀ ਦਰਜ ਕਰ ਕੇ ਪੁਲਸ ਉਸ ਦੀ ਅਤੇ ਲਾੜੇ ਦੀ ਭਾਲ ਕਰ ਰਹੀ ਹੈ। ਦੋਵਾਂ ਦੇ ਮੋਬਾਇਲ ਦੀ ਲੋਕੇਸ਼ਨ ਟਰੈਕ ਕੀਤੀ ਜਾ ਰਹੀ ਹੈ।

# ਪੰਜਾਬ ’ਚ ਰਜਿਸਟਰੀਆਂ ਕਰਵਾਉਣ ਵਾਲਿਆਂ ਲਈ ਬੁਰੀ ਖ਼ਬਰ, ਖੜ੍ਹੀ ਹੋਈ ਨਵੀਂ ਮੁਸੀਬਤ

**ਕਿਸ਼ਨ ਪਾਲ**

ਮਾਛੀਵਾੜਾ ਸਾਹਿਬ 8 ਅਪ੍ਰੈਲ। ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਮਾਲ ਵਿਭਾਗ ਦੇ ਅਧਿਕਾਰੀਆਂ ਨੂੰ 4 ਅਪ੍ਰੈਲ ਤੱਕ ਇੰਤਕਾਲ ਦਾ ਕੰਮ ਮੁਕੰਮਲ ਕਰਨ ਦੇ ਹੁਕਮ ਮਾਛੀਵਾੜਾ ਸਾਹਿਬ ਸਬ ਤਹਿਸੀਲ ’ਚ ਲਾਗੂ ਨਹੀਂ ਹੋਏ। ਇੱਥੇ ਨਾਇਬ ਤਹਿਸੀਲਦਾਰ ਛੁੱਟੀ ’ਤੇ ਹੋਣ ਕਾਰਨ ਸੈਂਕੜੇ ਰਜਿਸਟਰੀਆਂ ਦੇ ਇੰਤਕਾਲ ਦਾ ਕੰਮ ਲਟਕਿਆ ਹੋਇਆ ਹੈ। ਪਿਛਲੇ ਸਮੇਂ ਦੌਰਾਨ ਮਾਲ ਵਿਭਾਗ ਦੇ ਤਹਿਸੀਲਦਾਰਾਂ ਦੀ ਹੜਤਾਲ ਤੋਂ ਖ਼ਫ਼ਾ ਹੋਏ ਮੁੱਖ ਮੰਤਰੀ ਨੇ ਕਈ ਤਹਿਸੀਲਾਂ ’ਚ ਕਾਨੂੰਨਗੋ ਨੂੰ ਰਜਿਸਟਰੀਆਂ ਦਾ ਕੰਮ ਸੌਂਪ ਦਿੱਤਾ ਸੀ ਅਤੇ ਵੱਡੇ ਪੱਧਰ ’ਤੇ ਅਧਿਕਾਰੀਆਂ ਦੇ ਤਬਾਦਲੇ ਕੀਤੇ। ਮਾਛੀਵਾੜਾ ਸਾਹਿਬ ਸਬ ਤਹਿਸੀਲ ’ਚ ਵੀ ਇਸ ਸਮੇਂ ਰਜਿਸਟਰੀਆਂ ਦਾ ਕੰਮ ਤਾਇਨਾਤ ਕਾਨੂੰਨਗੋ ਅਧਿਕਾਰੀ ਵੱਲੋਂ ਕੀਤਾ ਜਾਂਦਾ ਹੈ ਜਦਕਿ ਇੱਥੇ ਵਾਧੂ ਤੌਰ ’ਤੇ ਚਾਰਜ ਨਾਇਬ ਤਹਿਸੀਲਦਾਰ ਕੋਲ ਵੀ ਹੈ। ਸਬ ਤਹਿਸੀਲ ’ਚ ਆਉਣ ਵਾਲੇ ਲੋਕਾਂ ਦੀਆਂ ਜਾਇਦਾਦਾਂ ਦੀਆਂ ਰਜਿਸਟਰੀਆਂ ਦਾ ਕੰਮ ਤਾਂ ਕਾਨੂੰਨਗੋ ਵੱਲੋਂ ਲਗਾਤਾਰ ਜਾਰੀ ਹੈ ਪਰ ਇੰਤਕਾਲ ਦਰਜ ਕਰਨ ਦਾ ਕੰਮ ਸਮਰਾਲਾ ਵਿਖੇ ਤਾਇਨਾਤ ਨਾਇਬ ਤਹਿਸੀਲਦਾਰ ਕੋਲ ਹੈ ਅਤੇ ਵਾਧੂ ਚਾਰਜ ਮਾਛੀਵਾੜਾ ਸਬ ਤਹਿਸੀਲ ਦਾ ਹੈ। ਨਾਇਬ ਤਹਿਸੀਲਦਾਰ ਪਿਛਲੇ ਕਈ ਦਿਨਾਂ ਤੋਂ ਛੁੱਟੀ ’ਤੇ ਹੈ, ਜਿਸ ਕਾਰਨ ਮੁੱਖ ਮੰਤਰੀ ਵੱਲੋਂ 4 ਅਪ੍ਰੈਲ ਤੱਕ ਇੰਤਕਾਲ ਦਰਜ ਕਰਨ ਦੇ ਆਦੇਸ਼ ਪੂਰੇ ਨਾ ਹੋ ਸਕੇ। ਮਾਛੀਵਾੜਾ ਸਬ ਤਹਿਸੀਲ ਵਿਖੇ ਤਾਇਨਾਤ ਮਾਲ ਵਿਭਾਗ ਦੇ ਪਟਵਾਰੀਆਂ ਅਨੁਸਾਰ ਉਨ੍ਹਾਂ ਵੱਲੋਂ ਤਾਂ ਮੁੱਖ ਮੰਤਰੀ ਦੇ ਹੁਕਮਾਂ ਦੀ ਪਾਲਣਾ ਕਰਦਿਆਂ 300 ਤੋਂ ਵੱਧ ਇੰਤਕਾਲ ਦਰਜ ਕੀਤੇ ਜਾ ਚੁੱਕੇ ਹਨ ਤੇ ਕੋਈ ਵੀ ਕੰਮ ਬਕਾਇਆ ਨਹੀਂ ਛੱਡਿਆ ਗਿਆ ਪਰ ਹੁਣ ਨਾਇਬ ਤਹਿਸੀਲਦਾਰ ਦੇ ਆਉਣ ਤੋਂ ਬਾਅਦ ਹੀ ਇੰਤਕਾਲ ਦਾ ਕੰਮ ਨੇਪਰੇ ਚੜ੍ਹੇਗਾ। ਇੰਤਕਾਲਾਂ ਦਾ ਕੰਮ ਲਟਕਣ ਕਾਰਨ ਲੋਕਾਂ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਕਿਉਂਕਿ ਕਈ ਵਿਅਕਤੀਆਂ ਨੇ ਰਜਿਸਟਰੀ ਤੋਂ ਬਾਅਦ ਕਬਜ਼ਾ ਲੈਣਾ ਹੁੰਦਾ ਹੈ ਜਾਂ ਨਕਸ਼ੇ ਪਾਸ ਕਰਵਾਉਣੇ ਹੁੰਦੇ ਹਨ ਪਰ ਨਾਇਬ ਤਹਿਸੀਲਦਾਰ ਛੁੱਟੀ ’ਤੇ ਹੋਣ ਕਾਰਨ ਇਹ ਕੰਮ ਲਟਕਿਆ ਹੋਇਆ ਹੈ। ਲੋਕਾਂ ਨੇ ਮੰਗ ਕੀਤੀ ਕਿ ਜੇ ਇੱਥੇ ਤਾਇਨਾਤ ਨਾਇਬ ਤਹਿਸੀਲਦਾਰ ਛੁੱਟੀ ’ਤੇ ਹੈ ਤਾਂ ਉਸ ਦੇ ਬਦਲਵੇਂ ਪ੍ਰਬੰਧ ਕੀਤੇ ਜਾਣ ਤਾਂ ਕਿ ਲਟਕੇ ਇੰਤਕਾਲਾਂ ਦਾ ਕੰਮ ਪੂਰਾ ਹੋ ਸਕੇ। ਮਾਛੀਵਾੜਾ ਸਾਹਿਬ ਸਬ ਤਹਿਸੀਲ ਦੇ ਫ਼ਰਦ ਕੇਂਦਰ ’ਚ ਕੰਮ ਕਰ ਰਹੇ ਮੁਲਾਜ਼ਮ ਵੀ ਬੇਹੱਦ ਪ੍ਰੇਸ਼ਾਨ ਦਿਖਾਈ ਦਿੱਤੇ। ਇਕ ਪ੍ਰਾਈਵੇਟ ਕੰਪਨੀ ਤਹਿਤ ਫ਼ਰਦ ਕੇਂਦਰ ’ਚ ਕੰਮ ਕਰਨ ਵਾਲੇ ਮੁਲਾਜ਼ਮ ਬਲਜਿੰਦਰ ਸਿੰਘ ਨੇ ਦੱਸਿਆ ਕਿ ਪਿਛਲੇ 2 ਮਹੀਨੇ ਤੋਂ ਉਨ੍ਹਾਂ ਨੂੰ ਤਨਖ਼ਾਹ ਨਹੀਂ ਮਿਲੀ ਪਰ ਇਸ ਦੇ ਬਾਵਜੂਦ ਉਹ ਰੋਜ਼ਾਨਾ ਆ ਕੇ ਕੰਮ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਲੁਧਿਆਣਾ ਜ਼ਿਲ੍ਹੇ ’ਚ ਕੁੱਲ 73 ਮੁਲਾਜ਼ਮ ਹਨ, ਜੋ ਫ਼ਰਦ ਕੇਂਦਰਾਂ ’ਚ ਕੰਮ ਕਰ ਰਹੇ ਹਨ ਤੇ ਇਨ੍ਹਾਂ ਸਾਰਿਆਂ ਨੂੰ 2 ਮਹੀਨੇ ਦੀ ਤਨਖ਼ਾਹ ਨਹੀਂ ਮਿਲੀ। ਉਨ੍ਹਾਂ ਦੱਸਿਆ ਕਿ ਅੱਜ ਦੇ ਮਹਿੰਗਾਈ ਦੇ ਦੌਰ ’ਚ ਉਨ੍ਹਾਂ ਨੂੰ 8 ਹਜ਼ਾਰ ਰੁਪਏ ਦੇ ਕਰੀਬ ਤਨਖ਼ਾਹ ਮਿਲ ਰਹੀ ਹੈ ਤੇ 2 ਮਹੀਨੇ ਤੋਂ ਤਨਖ਼ਾਹ ਨਾ ਮਿਲਣ ਕਾਰਨ ਉਹ ਆਪਣੀ ਜੇਬ ’ਚੋਂ ਕਿਰਾਇਆ ਖ਼ਰਚ ਕੇ ਡਿਊਟੀ ’ਤੇ ਆ ਰਹੇ ਹਨ। ਤਨਖ਼ਾਹ ਨਾ ਮਿਲਣ ਕਾਰਨ ਆਪਣੇ ਪਰਿਵਾਰ ਦਾ ਪਾਲਣ ਪੋਸ਼ਣ ਕਰਨਾ ਵੀ ਮੁਸ਼ਕਲ ਹੋਇਆ ਪਿਆ ਹੈ। ਉਹ ਰੋਜ਼ਾਨਾ ਸਰਕਾਰ ਨੂੰ ਨਿਗੁਣੀ ਤਨਖ਼ਾਹ ’ਤੇ ਕੰਮ ਕਰ ਕੇ ਲੋਕਾਂ ਨੂੰ ਫ਼ਰਦ ਮੁਹੱਈਆ ਕਰਵਾ ਕੇ ਲੱਖਾਂ ਰੁਪਏ ਇਕੱਠਾ ਕਰ ਕੇ ਖ਼ਜ਼ਾਨਾ ਭਰ ਰਹੇ ਹਨ ਪਰ ਹੁਣ ਹਾਲਾਤ ਇਹ ਹੋ ਗਏ ਹਨ ਕਿ ਉਨ੍ਹਾਂ ਦੇ ਆਪਣੇ ਚੁੱਲ੍ਹੇ ਚੌਂਕੇ ਬੰਦ ਹੋਣ ਕਿਨਾਰੇ ਪਹੁੰਚ ਗਏ ਹਨ। ਉਨ੍ਹਾਂ ਕਿਹਾ ਕਿ ਸਰਕਾਰ ਇਕ ਪਾਸੇ ਰੁਜ਼ਗਾਰ ਮੁਹੱਈਆ ਕਰਵਾਉਣ ਦੇ ਦਾਅਵੇ ਕਰਦੀ ਹੈ ਪਰ ਦੂਜੇ ਪਾਸੇ ਉਨ੍ਹਾਂ ਦਾ ਰੁਜ਼ਗਾਰ ਖੋਹਣ ਦੀ ਤਿਆਰੀ ਕੀਤੀ ਜਾ ਰਹੀ ਹੈ। ਮੁਲਾਜ਼ਮ ਬਲਜਿੰਦਰ ਸਿੰਘ ਨੇ ਦੱਸਿਆ ਕਿ ਇਸ ਸਬੰਧੀ ਉਨ੍ਹਾਂ ਵੱਲੋਂ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਮੰਗ ਪੱਤਰ ਵੀ ਦਿੱਤਾ ਗਿਆ ਹੈ ਕਿ ਫ਼ਰਦ ਕੇਂਦਰ ਦੇ ਮੁਲਾਜ਼ਮਾਂ ਦੀ ਤਨਖ਼ਾਹ ਜਲਦ ਤੋਂ ਜਲਦ ਦਿੱਤੀ ਜਾਵੇ ਤੇ ਉਨ੍ਹਾਂ ਨੂੰ ਬੇਰੁਜ਼ਗਾਰ ਨਾ ਕੀਤਾ ਜਾਵੇ। ਇਸ ਸਬੰਧੀ ਜਦੋਂ ਕਾਨੂੰਨਗੋ ਜਸਪ੍ਰੀਤ ਸਿੰਘ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਨਾਇਬ ਤਹਿਸੀਲਦਾਰ ਛੁੱਟੀ ’ਤੇ ਗਏ ਹੋਣ ਕਾਰਨ ਮਾਛੀਵਾੜਾ ਸਬ ਤਹਿਸੀਲ ’ਚ ਇੰਤਕਾਲਾਂ ਦਾ ਕੰਮ ਲਟਕਿਆ ਪਿਆ ਹੈ। ਉਨ੍ਹਾਂ ਕਿਹਾ ਕਿ ਅਗਲੇ ਹਫ਼ਤੇ ਤੋਂ ਨਾਇਬ ਤਹਿਸੀਲਦਾਰ ਕੰਮ ’ਤੇ ਵਾਪਸ ਆ ਜਾਣਗੇ, ਜਿਸ ਤੋਂ ਬਾਅਦ ਲਟਕੇ ਪਏ ਇੰਤਕਾਲਾਂ ਦਾ ਕੰਮ ਮੁਕੰਮਲ ਕਰ ਲਿਆ ਜਾਵੇਗਾ।

## ’ਖੇਤੀ ਯੋਜਨਾ ਦਾ ਪੈਸਾ ਮੰਗਣੀ ਅਤੇ ਵਿਆਹਾਂ ’ਤੇ ਖਰਚ ਕਰਦੇ ਹਨ ਕਿਸਾਨ’

ਮੁੰਬਈ 8 ਅਪ੍ਰੈਲ। ਮਹਾਰਾਸ਼ਟਰ ਦੇ ਖੇਤੀਬਾੜੀ ਮੰਤਰੀ ਮਾਨਿਕਰਾਓ ਕੋਕਾਟੇ ਨੇ ਦਾਅਵਾ ਕੀਤਾ ਹੈ ਕਿ ਕਿਸਾਨ ਖੇਤੀਬਾੜੀ ਯੋਜਨਾਵਾਂ ਤੋਂ ਪ੍ਰਾਪਤ ਪੈਸੇ ਨੂੰ ਲੋੜੀਂਦੇ ਉਦੇਸ਼ਾਂ ’ਤੇ ਖਰਚ ਨਹੀਂ ਕਰਦੇ, ਸਗੋਂ ਇਸਦੀ ਵਰਤੋਂ ਮੰਗਣੀ ਸਮਾਰੋਹਾਂ ਅਤੇ ਵਿਆਹਾਂ ਲਈ ਕਰਦੇ ਹਨ। ਕੋਕਾਟੇ ਨੇ ਇਹ ਬਿਆਨ ਨਾਸਿਕ ਜ਼ਿਲ੍ਹੇ ਵਿਚ ਹਾਲ ਹੀ ਵਿਚ ਪਏ ਬੇਮੌਸਮੇ ਮੀਂਹ ਅਤੇ ਗੜੇਮਾਰੀ ਨਾਲ ਪ੍ਰਭਾਵਿਤ ਕੁਝ ਪਿੰਡਾਂ ਦੇ ਦੌਰੇ ਦੌਰਾਨ ਦਿੱਤਾ। ਮੰਤਰੀ ਨੇ ਇਹ ਟਿੱਪਣੀ ਉਦੋਂ ਕੀਤੀ ਜਦੋਂ ਇਕ ਕਿਸਾਨ ਨੇ ਪੁੱਛਿਆ ਕਿ ਕੀ ਨਿਯਮਿਤ ਤੌਰ ’ਤੇ ਆਪਣਾ ਕਰਜ਼ਾ ਮੋੜਨ ਵਾਲੇ ਕਿਸਾਨਾਂ ਨੂੰ ਕਰਜ਼ਾ ਮੁਆਫ਼ੀ ਮਿਲ ਸਕਦੀ ਹੈ। ਉਨ੍ਹਾਂ ਨੇ ਸਵਾਲ ਕੀਤਾ ‘ਕਰਜ਼ਾ ਮੁਆਫ਼ੀ ਤੋਂ ਬਾਅਦ ਤੁਸੀਂ ਪੈਸੇ ਦਾ ਕੀ ਕਰਦੇ ਹੋ? ਕੀ ਤੁਸੀਂ ਇਸ ਨੂੰ ਖੇਤੀਬਾੜੀ ਵਿਚ ਨਿਵੇਸ਼ ਕਰਦੇ ਹੋ?’ ਕੋਕਾਟੇ ਨੇ ਦਾਅਵਾ ਕੀਤਾ ਕਿਸਾਨ ਕਹਿੰਦੇ ਹਨ ਕਿ



ਉਹ ਫਸਲ ਬੀਮੇ ਦੇ ਪੈਸੇ ਚਾਹੁੰਦੇ ਹਨ ਪਰ ਇਸਨੂੰ ਮੰਗਣੀ ਸਮਾਰੋਹਾਂ ਅਤੇ ਵਿਆਹਾਂ ’ਤੇ ਵਰਤਦੇ ਹਨ। ਕਿਸਾਨ 5-10 ਸਾਲ ਉਡੀਕ ਕਰਦੇ ਹਨ, ਅਤੇ ਕਰਜ਼ਾ ਨਹੀਂ ਮੋੜਦੇ। ਸਰਕਾਰ ਤੁਹਾਨੂੰ ਖੇਤੀਬਾੜੀ ਵਿੱਚ ਨਿਵੇਸ਼ ਕਰਨ ਲਈ ਪੈਸੇ ਦੇਵੇਗੀ। ਇਹ ਪੈਸਾ ਪਾਣੀ ਦੀਆਂ ਪਾਈਪਲਾਈਨਾਂ, ਸਿੰਚਾਈ ਅਤੇ ਖੇਤ ਤਲਾਬਾਂ ਲਈ ਹੈ। ਸਰਕਾਰ ਪੂੰਜੀ ਨਿਵੇਸ਼ ਕਰਦੀ ਹੈ। ਕੋਕਾਟੇ ਉਪ-ਮੁੱਖ ਮੰਤਰੀ ਅਜੀਤ ਪਵਾਰ ਦੀ ਅਗਵਾਈ ਵਾਲੀ ਰਾਸ਼ਟਰਵਾਦੀ ਕਾਂਗਰਸ ਪਾਰਟੀ (ਰਾਕਾਂਪਾ) ਦੇ ਮੈਂਬਰ ਹਨ। ਉਹ ਨਾਸਿਕ ਜ਼ਿਲ੍ਹੇ ਦੇ ਸਿੰਨਰ ਚੋਣ ਹਲਕੇ ਦੀ ਨੁਮਾਇੰਦਗੀ ਕਰਦੇ ਹਨ, ਜਿੱਥੇ ਹਾਲ ਹੀ ਵਿਚ ਬੇਮੌਸਮੇ ਮੀਂਹਅਤੇ ਗੜੇਮਾਰੀ ਕਾਰਨ ਪਿਆਜ਼ ਅਤੇ ਅੰਗੂਰ ਵਰਗੀਆਂ ਫਸਲਾਂ ਪ੍ਰਭਾਵਿਤ ਹੋਈਆਂ ਸਨ।

## ਸਿਹਤ ਵਿਭਾਗ ਨੇ ਡੇਂਗੂ ਤੇ ਮਲੇਰੀਆ ਤੋਂ ਲੋਕਾਂ ਨੂੰ ਕੀਤਾ ਜਾਗਰੂਕ

ਝਬਾਲ 8 ਅਪ੍ਰੈਲ। ਸਿਵਲ ਸਰਜਨ ਤਰਨਤਾਰਨ ਡਾ. ਗੁਰਪ੍ਰੀਤ ਸਿੰਘ ਰਾਏ ਜੀ ਦੇ ਦਿਸ਼ਾ-ਨਿਰਦੇਸ਼ਾਂ ਅਤੇ ਡਾ. ਮਨਜੀਤ ਸਿੰਘ ਰਟੌਲ ਸੀਨੀਅਰ ਮੈਡੀਕਲ ਅਫ਼ਸਰ ਸੀ. ਐੱਚ. ਸੀ. ਝਬਾਲ, ਜ਼ਿਲਾ ਐਪੀਡੀਮੋਲੋਜਿਸਟ ਡਾ. ਸੁਖਜਿੰਦਰ ਸਿੰਘ, ਏ. ਐੱਮ. ਓ. ਕੰਵਲ ਬਲਰਾਜ ਸਿੰਘ ਦੀ ਰਹਿਨੁਮਾਈ ਹੇਠ ਡਰਾਈ ਡੇ, ਫਰਾਈ ਡੇ ਮੁਹਿੰਮ ਤਹਿਤ ਅੱਜ ਝਬਾਲ ਬਲਾਕ ਦੇ ਵੱਖ-ਵੱਖ ਪਿੰਡਾਂ ਵਿਖੇ ਲੋਕਾਂ ਨੂੰ ਡੇਂਗੂ, ਮਲੇਰੀਆ,ਚਿਕਨ ਗੁਨੀਆ ਸੰਬੰਧੀ ਜਾਗਰਕ ਕੀਤਾ ਗਿਆ। ਇਸ ਸੰਬੰਧੀ ਸਿਹਤ ਟੀਮ ਵੱਲੋਂ ਦੱਸਿਆ ਗਿਆ ਕਿ ਮੌਸਮ ਦੇ ਬਦਲਾਅ ਕਾਰਨ ਮੱਛਰਾਂ ਦੀ ਕਾਫੀ ਤਾਦਾਦ ਵੱਧ ਰਹੀ ਹੈ, ਸਾਨੂੰ ਇਨ੍ਹਾਂ ਤੋਂ ਬਚਣ ਲਈ ਆਪਣੇ ਆਲੇ-ਦੁਆਲੇ ਪਾਣੀ ਇਕੱਠਾ ਨਹੀਂ ਹੋਣ ਦੇਣਾ ਚਾਹੀਦਾ, ਜੇਕਰ ਪਾਣੀ ਜਮ?ਹਾਂ ਹੈ, ਉਸ ਨੂੰ ਸਾਫ ਕਰ ਦੇਵੋ ਜਾਂ ਮਿੱਟੀ ਪਾ ਕੇ ਪੂਰ ਦੇਵੋ ਜਾਂ ਫਿਰ ਕਾਲਾ ਤੇਲ ਪਾ ਕੇ ਮੱਛਰਾਂ ਤੋਂ ਬਚਿਆ ਜਾ ਸਕਦਾ ਹੈ। ਜੇਕਰ ਕਿਸੇ ਨੂੰ ਤੇਜ਼ ਬੁਖ਼ਾਰ ਹੋਣ ਤੋਂ ਬਾਅਦ ਪਸੀਨਾ ਆਉਂਦਾ ਹੈ, ਸਰੀਰ ਟੁੱਟਦਾ ਭੱਜਦਾ ਹੈ, ਉਲਟੀ ਨੂੰ ਮਨ ਕਰਦਾ ਹੈ ਤਾਂ ਆਪਣੇ ਨਜ਼ਦੀਕੀ ਸਰਕਾਰੀ ਸਿਹਤ ਕੇਂਦਰ ਵਿਖੇ ਜ਼ਰੂਰ ਸੂਚਿਤ ਕੀਤਾ ਜਾਵੇ। ਇਸ ਮੌਕੇ ਡਾ. ਗੁਰਵਿੰਦਰ ਸਿੰਘ, ਰਾਮ ਰਸ਼ਪਾਲ , ਰਬਿੰਦਰ ਸਿੰਘ ਐੱਸ. ਆਈ., ਗਗਨਦੀਪ ਸਿੰਘ, ਵਿਕਰਮ ਸਿੰਘ ਮਲਟੀਪਰਪਜ਼ ਹੈਲਥ ਵਰਕਰ, ਹਰਪ੍ਰੀਤ ਕੌਰ ਸੀ.ਐੱਚ.ਓ.,ਫਾਰਮਾਸਿਸਟ ਹਰਭਜਨ ਸਿੰਘ, ਰਾਜਪਾਲ ਸਿੰਘ,ਕੁਲਦੀਪ ਕੌਰ ਆਦਿ ਹਾਜ਼ਰ ਸਨ।

# ਬ੍ਰਹਮਪੁਰਾ ਵੱਲੋਂ ਸਿੱਖ ਪਛਾਣ ਨੂੰ ਮਾਨਤਾ ਦੇਣ ਲਈ ਧਾਰਾ 25ਬੀ ਵਿੱਚ ਸੋਧ ਦੀ ਮੰਗ

**ਏਜੰਸੀਆਂ**

ਜੈਤੋ, 8 ਅਪ੍ਰੈਲ। ਸ਼੍ਰੋਮਣੀ ਅਕਾਲੀ ਦਲ ਦੇ ਮੀਤ ਪ੍ਰਧਾਨ ਅਤੇ ਵਿਧਾਨ ਸਭਾ ਹਲਕਾ ਖਡੂਰ ਸਾਹਿਬ ਤੋਂ ਸਾਬਕਾ ਵਿਧਾਇਕ ਰਵਿੰਦਰ ਸਿੰਘ ਬ੍ਰਹਮਪੁਰਾ ਨੇ ਇੱਕ ਬਿਆਨ ਜਾਰੀ ਕਰਕੇ ਭਾਜਪਾ ਦੀ ਅਗਵਾਈ ਵਾਲੀ ਮੋਦੀ ਸਰਕਾਰ ਦੀ ਫੁੱਟ ਪਾਊ ਰਾਜਨੀਤੀ ਦੀ ਕਰੜੀ ਨਿੰਦਾ ਕੀਤੀ ਹੈ। ਬ੍ਰਹਮਪੁਰਾ ਨੇ ਆਪਣੇ ਬਿਆਨ ਵਿੱਚ ਭਾਜਪਾ ਦੀ ਫੁੱਟ ਪਾਊ ਰਣਨੀਤੀ ਨੂੰ ਉਜਾਗਰ ਕੀਤਾ ਜਿਸਦਾ ਉਹ ਦਾਅਵਾ ਕਰਦੇ ਹਨ ਕਿ ਇਹ ‘ਵੰਡੋ ਅਤੇ ਰਾਜ ਕਰੋ’ ਦੀ ਨੀਤੀ ਨਾਲ ਕੰਮ ਰਹੀ ਹੈ।ਬ੍ਰਹਮਪੁਰਾ ਨੇ ਕਿਹਾ ਕਿ ਭਾਜਪਾ ਦੀ ਰਾਜਨੀਤੀ ਧਰਮ ਰਾਹੀਂ ਵੰਡ ਨੂੰ ਉਤਸ਼ਾਹਿਤ ਕਰਨ ਵਿੱਚ ਡੂੰਘੀ ਤਰ੍ਹਾਂ ਜੜ੍ਹੀ ਹੋਈ ਹੈ, ਜਿਸਦਾ ਉਦੇਸ਼ ਚੋਣ ਲਾਭ ਲਈ ਘੱਟ ਗਿਣਤੀ ਕੌਮਾਂ ਦਾ ਧਰੁਵੀਕਰਨ ਕਰਨਾ ਹੈ। ਉਨ੍ਹਾਂ ਨੇ ਭਾਜਪਾ ਦੀ ਅਜਿਹੀ ਘਟੀਆ ਪਹੁੰਚ ਦੀ ਆਲੋਚਨਾ ਕੀਤੀ ਜੋ ਉਨ੍ਹਾਂ ਦਾ ਮੰਨਣਾ ਹੈ ਕਿ ਦੇਸ਼ ਦੀ ਏਕਤਾ ਅਤੇ ਸਦਭਾਵਨਾ ਨੂੰ ਕਮਜ਼ੋਰ ਕਰਦੀ ਹੈ। ਖ਼ਾਸਤੌਰ ’ਤੇ, ਬ੍ਰਹਮਪੁਰਾ ਨੇ ਹਾਲ ਹੀ ਵਿੱਚ ਆਏ ਵਕਫ਼ (ਸੋਧ) ਬਿੱਲ, 2025 ’ਤੇ ਆਪਣੀਆਂ ਪ੍ਰਤੀਕਿਰਿਆਵਾਂ ਜ਼ਾਹਰ ਕੀਤੀਆਂ। ਉਨ੍ਹਾਂ ਕਿਹਾ ਕਿ ਇਹ ਬਿੱਲ ਭਾਜਪਾ ਵੱਲੋਂ ਪ੍ਰਬੰਧਨ ਸੁਧਾਰਾਂ ਦੀ ਆੜ ਵਿੱਚ ਘੱਟ ਗਿਣਤੀ ਜਾਇਦਾਦਾਂ ’ਤੇ ਕੰਟਰੋਲ ਹਾਸਲ ਕਰਨ ਦੀ ਸਪੱਸ਼ਟ ਕੋਸ਼ਿਸ਼ ਹੈ। ਉਨ੍ਹਾਂ ਬਿੱਲ ਦੇ ਰਣਨੀਤਕ ਸਮੇਂ ਵੱਲ ਇਸ਼ਾਰਾ ਕਰਦਿਆਂ ਸੁਝਾਅ ਦਿੱਤਾ ਕਿ ਇਹ ਉੱਤਰ ਪ੍ਰਦੇਸ਼ ਵਰਗੇ ਇਲਾਕਿਆਂ



ਵਿੱਚ ਭਵਿੱਖ ਵਿੱਚ ਆਉਣ ਵਾਲੀਆਂ ਚੋਣਾਂ ਤੋਂ ਪ੍ਰਭਾਵਿਤ ਸੀ, ਜਿੱਥੇ ਵਕਫ਼ ਜ਼ਮੀਨ ਦਾ ਇੱਕ ਮਹੱਤਵਪੂਰਨ ਹਿੱਸਾ ਹੈ। ਬ੍ਰਹਮਪੁਰਾ ਨੇ ਘੱਟ ਗਿਣਤੀ ਭਲਾਈ ਪ੍ਰਤੀ ਭਾਜਪਾ ਦੀ ਮਨਸ਼ਾ ’ਤੇ ਵੀ ਸਵਾਲ ਉਠਾਉਂਦੇ ਹੋਏ ਸੁਝਾਅ ਦਿੱਤਾ ਕਿ ਜੇਕਰ ਸਰਕਾਰ ਸੱਚਮੁੱਚ ਪਰਵਾਹ ਕਰਦੀ ਹੈ, ਤਾਂ ਉਹ ਸਿੱਖ ਭਾਈਚਾਰੇ ਦੀ ਵੱਖਰੀ ਪਛਾਣ ਨੂੰ ਬਿਹਤਰ ਢੰਗ ਨਾਲ ਪਛਾਣਨ ਲਈ ਸੰਵਿਧਾਨ ਦੀ ਧਾਰਾ 25ਬੀ ਵਿੱਚ ਸੋਧ ਵਰਗੇ ਮੁੱਦਿਆਂ ਨੂੰ ਹੱਲ ਕਰੇ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਅਸੀਂ ਸਿੱਖ ਹਾਂ, ਹਿੰਦੂ ਨਹੀਂ, ਫ਼?ਰ ਵੀ ਵਿਧਾਨਕ ਮਾਮਲਿਆਂ ਵਿੱਚ ਸਾਡੀ ਪਛਾਣ ਨੂੰ ਅਕਸਰ ਨਜ਼ਰਅੰਦਾਜ਼ ਕੀਤਾ ਜਾਂਦਾ ਹੈ। ਉਨ੍ਹਾਂ ਨੇ ਭਾਜਪਾ ਦੀ ਆਲੋਚਨਾ ਕਰਦਿਆਂ ਕਿਹਾ ਕਿ ਇਸ ਵਿੱਚ ਘੱਟ ਗਿਣਤੀ ਕੌਮਾਂ ਦੀ ਪ੍ਰਤੀਨਿਧਤਾ ਦੀ ਘਾਟ ਹੈ, ਜਿਸ ਕਰਕੇ ਉਨ੍ਹਾਂ ਨੂੰ ਚੁਣੌਤੀ ਦਿੱਤੀ ਗਈ ਕਿ ਉਹ ਘੱਟ ਗਿਣਤੀ ਸਮੂਹਾਂ ਦੇ ਮੈਂਬਰਾਂ ਨੂੰ ਰਾਮ ਮੰਦਰ ਟਰੱਸਟ ਵਰਗੇ ਮਹੱਤਵਪੂਰਨ ਅਹੁਦਿਆਂ ’ਤੇ ਨਿਯੁਕਤ ਕਰਕੇ ਸਮਾਵੇਸ਼ੀਤਾ ਦਾ ਪ੍ਰਦਰਸ਼ਨ ਕਰਨ। ਬ੍ਰਹਮਪੁਰਾ ਨੇ ਅੰਤ ਵਿੱਚ ਕਿਹਾ ਕਿ ਭਾਜਪਾ ‘ਬੁਲਡੋਜ਼ਰ ਰਾਜਨੀਤੀ’ ਦਾ ਅਭਿਆਸ ਕਰਨਾ ਆਮ ਗੱਲ ਹੈ। ਉਨ੍ਹਾਂ ਅੱਗੇ ਕਿਹਾ ਕਿ ਭਾਜਪਾ ਦਾ ਘੱਟ ਗਿਣਤੀ ਕੌਮਾਂ ਨੂੰ ਵੰਡਣ ਦਾ ਇਤਿਹਾਸ ਚੱਲਦਾ ਆ ਰਿਹਾ ਹੈ, ਭਾਵੇਂ ਧਰਮ ਦੁਆਰਾ ਹੋਵੇ ਜਾਂ ਹੋਰ ਢੰਗ ਨਾਲ, ਇਹ ਭਾਜਪਾ ਦਾ ਡਰਾਮਾ ਚੰਗੀ ਤਰ੍ਹਾਂ ਦਸਤਾਵੇਜ਼ੀ ਹੈ ਅਤੇ ਇਹ ਬਿੱਲ ਉਸ ਬਿਰਤਾਂਤ ਦਾ ਇੱਕ ਹੋਰ ਨਮੂਨਾ ਹੈ।

# ਸਿਹਤ ਵਿਭਾਗ ਵੱਲੋਂ ਗੈਰ-ਕਾਨੂਨੀ ਗੋਦਾਮ ਦਾ ਪਰਦਾਫਾਸ਼

**ਏਜੰਸੀਆਂ**

ਅੰਮ੍ਰਿਤਸਰ 8 ਅਪ੍ਰੈਲ। ਸਿਹਤ ਵਿਭਾਗ ਦੇ ਡਰੱਗ ਵਿੰਗ ਵੱਲੋਂ ਪੰਜਾਬ ਸਰਕਾਰ ਵੱਲੋਂ ਚਲਾਈ ਨਸ਼ਿਆਂ ਵਿਰੁੱਧ ਮੁਹਿੰਮ ’ਚ ਸੂਬੇ ਭਰ ਦੀ ਸਭ ਤੋਂ ਵੱਡੀ ਨਸ਼ਿਆਂ ਦੀ ਖੇਪ ਫੜੀ ਹੈ। ਅੰਮ੍ਰਿਤਸਰ ਦੇ ਹੋਲਸੇਲ ਮਾਰਕੀਟ ’ਚ ਗੈਰ-ਕਾਨੂੰਨੀ ਢੰਗ ਨਾਲ ਚੱਲ ਰਹੇ ਗੋਦਾਮ ’ਚ ਛਾਪੇਮਾਰੀ ਕਰ ਕੇ ਪ੍ਰੀਗਾਬਾਲਿਨ ਅਤੇ ਲੱਗਭਗ 70 ਲੱਖ ਦੀਆਂ ਹੋਰ ਦਵਾਈਆਂ ਜ਼ਬਤ ਕੀਤੀਆਂ। ਵਿਭਾਗ ਵੱਲੋਂ ਸਬੰਧਤ ਦਵਾਈ ਮਾਲਕ ਖਿਲਾਫ ਕਾਰਵਾਈ ਲਈ ਅਗਲੇਰੀ ਕਾਰਵਾਈ ਅਮਲ ’ਚ ਲਿਆਂਦੀ ਜਾ ਰਹੀ ਹੈ। ਜ਼ੋਨਲ ਲਾਇਸੈਂਸ ਅਥਾਰਟੀ ਕੁਲਵਿੰਦਰ ਸਿੰਘ ਨੇ ਦੱਸਿਆ ਕਿ ਸਿਹਤ ਵਿਭਾਗ ਪੂਰੀ ਮੁਸਤੈਦੀ ਨਾਲ ਕੰਮ ਕਰ ਰਿਹਾ ਹੈ। ਵਿਭਾਗ ਵੱਲੋਂ ਗੈਰ-ਕਾਨੂੰਨੀ ਢੰਗ ਨਾਲ ਦਵਾਈਆਂ ਅਤੇ ਨਸ਼ਾ ਵੇਚਣ ਵਾਲਿਆਂ ਖਿਲਾਫ ਲਗਾਤਾਰ ਕਾਰਵਾਈ ਅਮਲ ’ਚ ਲਿਆਂਦੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਦਵਾਈਆਂ ਦੀ ਹੋਲਸੇਲ ਮਾਰਕੀਟ ਕਟੜਾ ਸ਼ੇਰ ਸਿੰਘ ’ਚ ਅਚਨਚੇਤ ਚੈਕਿੰਗ ਕੀਤੀ ਗਈ। ਇਸ ਦੌਰਾਨ ਡਰੱਗ ਕੰਟਰੋਲ ਅਧਿਕਾਰੀ ਮੈਡਮ ਬਬਲੀਨ ਕੌਰ ਵੀ ਮੌਜੂਦ ਸਨ। ਚੈਕਿੰਗ ਦੌਰਾਨ ਗਣੇਸ਼ ਫਾਰਮਾ ਦੇ ਅਮਿਤ ਕੁਮਾਰ ਪ੍ਰੋਪ ਦੇ ਸ਼ੰਕਰ ਮਾਰਕੀਟ ਅੰਮ੍ਰਿਤਸਰ ਦੀ ਚੌਥੀ ਮੰਜ਼ਿਲ ਸਥਿਤ ਗੈਰ-ਲਾਇਸੈਂਸੀ ਗੋਦਾਮ ਦਾ ਨਿਰੀਖਣ ਕੀਤਾ ਅਤੇ ਪ੍ਰੀਗਾਬਾਲਿਨ ਅਤੇ ਲੱਗਭਗ 70 ਲੱਖ (16 ਕਿਸਮਾਂ) ਦੀਆਂ ਹੋਰ ਦਵਾਈਆਂ ਜ਼ਬਤ ਕੀਤੀਆਂ ਕਿਉਂਕਿ ਇੰਚਾਰਜ ਰਿਕਵਰੀ ਵਾਲੀ ਥਾਂ ’ਤੇ ਖਰੀਦ ਰਿਕਾਰਡ ਅਤੇ ਲਾਇਸੈਂਸ ਪੇਸ਼ ਕਰਨ ’ਚ ਅਸਫਲ ਰਿਹਾ। ਨਾਲ ਹੀ ਟੈਸਟ ਅਤੇ ਵਿਸ਼ਲੇਸ਼ਣ ਲਈ 6 ਨਮੂਨੇ ਲਏ ਗਏ। ਜ਼ੋਨਲ ਲਾਇਸੈਂਸ ਅਥਾਰਟੀ ਕੁਲਵਿੰਦਰ ਸਿੰਘ ਨੇ ਦੱਸਿਆ ਕਿ ਡਰੱਗ ਐਂਡ ਕੋਸਟਮੈਟਿਕ ਐਕਟ ਨੂੰ ਹੇਠਲੇ ਪੱਧਰ ਤੱਕ ਲਾਗੂ ਕਰਵਾਉਣ ਲਈ ਸਰਗਰਮੀ ਨਾਲ ਭੂਮਿਕਾ ਨਿਭਾਈ ਜਾ ਰਹੀ ਹੈ। ਪੰਜਾਬ ਸਰਕਾਰ ਵੱਲੋਂ ਚਲਾਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ’ਚ ਡਰੱਗ ਵਿੰਗ ਲਗਾਤਾਰ ਨਸ਼ੇ ਦੇ ਸੌਦਾਗਰਾਂ ਖਿਲਾਫ ਕਾਰਵਾਈ ਕਰ ਰਿਹਾ ਹੈ। ਉਨ੍ਹਾਂ ਦੱਸਿਆ ਕਿ ਜ਼ਿਲੇ ’ਚ ਹੁਣ ਤੱਕ ਮੁਹਿੰਮ ਤਹਿਤ ਕਈ ਦੁਕਾਨਾਂ ਨੂੰ ਜਿੱਥੇ ਸੀਲ ਕੀਤਾ ਗਿਆ ਹੈ, ਉਥੇ ਇੱਕ ਦਰਜਨ ਦੇ ਕਰੀਬ ਲਾਇਸੈਂਸ ਮੁਅੱਤਲ ਕੀਤੇ ਗਏ ਹਨ। ਜ਼ਿਕਰਯੋਗ ਹੈ ਕਿ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ’ਚ ਪੰਜਾਬ ਦੀ ਸਭ ਤੋਂ ਵੱਡੀ ਰਿਕਵਰੀ ਡਰੱਗ ਵਿੰਗ ਅੰਮ੍ਰਿਤਸਰ ਵੱਲੋਂ ਕੀਤੀ ਗਈ ਹੈ। ਜ਼ੋਨਲ ਲਾਇਸੈਂਸ ਅਥਾਰਟੀ ਕੁਲਵਿੰਦਰ ਸਿੰਘ ਦੀ ਅਗਵਾਈ ’ਚ ਲਗਾਤਾਰ ਡਰੱਗ ਟੀਮਾਂ ਦਿਨ-ਰਾਤ ਮੈਡੀਕਲ ਸਟੋਰਾਂ ਦੀ ਚੈਕਿੰਗ ਕਰ ਰਹੀਆਂ ਹਨ। ਪੰਜਾਬ ਕੈਮਿਸਟ ਐਸੋਸੀਏਸ਼ਨ ਦੇ ਪੰਜਾਬ ਪ੍ਰਧਾਨ ਅਸ਼ੋਕ ਗੋਇਲ ਨੇ ਵਿਭਾਗ ਵੱਲੋਂ ਕੀਤੀ ਕਾਰਵਾਈ ਦੀ ਸ਼ਲਾਘਾ ਕੀਤੀ ਹੈ। ਉਨ੍ਹਾਂ ਕਿਹਾ ਕਿ ਐਸੋਸੀਏਸ਼ਨ ਹਮੇਸ਼ਾ ਨਸ਼ਿਆਂ ਖਿਲਾਫ ਰਹੀ ਹੈ ਅਤੇ ਨਸ਼ੇ ਦੇ ਸੌਦਾਗਰਾਂ ’ਤੇ ਕਾਰਵਾਈ ਕਰਨ ਲਈ ਵਿਭਾਗ ਦਾ ਸਾਥ ਦਿੰਦੀ ਰਹੀ ਹੈ। ਸਰਕਾਰ ਵੱਲੋਂ ਹਮੇਸ਼ਾ ਨਸ਼ੇ ਖਿਲਾਫ ਚਲਾਈ ਮੁਹਿੰਮ ’ਚ ਐਸੋਸੀਏਸ਼ਨ ਨੇ ਵਧ-ਚੜ੍ਹ ਕੇ ਹਿੱਸਾ



ਪਾਇਆ ਹੈ। ਉਨ੍ਹਾਂ ਕਿਹਾ ਕਿ ਜੋ ਨਸ਼ੇ ਦਾ ਵਪਾਰ ਮੈਡੀਕਲ ਸਟੋਰ ਦੀ ਆੜ ’ਚ ਕਰਦਾ ਹੈ, ਉਸ ਦਾ ਐਸੋਸੀਏਸ਼ਨ ਸਮਰਥਨ ਨਹੀਂ ਕਰਦੀ। ਐਸੋਸੀਏਸ਼ਨ ਦਾ ਉਸ ਨਾਲ ਕੋਈ ਵੀ ਸਬੰਧ ਨਹੀਂ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੂੰ ਨਸ਼ੇ ਦੇ ਸੌਦਾਗਰਾਂ ਦੀ ਮਦਦ ਕਰਨ ਵਾਲੀਆਂ ਕਾਲੀਆਂ ਭੇਡਾਂ ’ਤੇ ਵੀ ਕਾਰਵਾਈ ਕਰਨੀ ਚਾਹੀਦੀ ਹੈ। ਸਿਹਤ ਵਿਭਾਗ ਦਾ ਡਰੱਗ ਵਿੰਗ ਨਿਯਮਾਂ ਤੋਂ ਉਲਟ ਕੰਮ ਕਰਨ ਵਾਲੇ ਮੈਡੀਕਲ ਸਟੋਰਾਂ ’ਤੇ ਲਗਾਤਾਰ ਕਾਰਵਾਈ ਕਰ ਰਿਹਾ ਹੈ। ਵਿਭਾਗ ਵੱਲੋਂ ਹੁਣ ਡਰੱਗ ਐਂਡ ਕਾਸਟਮੈਟਿਕ ਐਕਟ ਤਹਿਤ ਇਕ ਵਾਰ ਫਿਰ ਮੈਡੀਕਲ ਸਟੋਰਾਂ ਨੂੰ ਨਿਯਮਾਂ ਦਾ ਪਾਠ ਪੜ੍ਹਾਉਣ ਲਈ ਐਡਵਾਈਜ਼ਰੀ ਜਾਰੀ ਕੀਤੀ ਗਈ ਹੈ। ਵਿਭਾਗ ਦੀ ਇਸ ਐਡਵਾਈਜ਼ਰੀ ’ਤੇ ਜ਼ਿਲਾ ਪ੍ਰਸ਼ਾਸਨ ਨੇ ਮੋਹਰ ਲਾਉਂਦਿਆਂ ਮੈਡੀਕਲ ਸਟੋਰਾਂ ਦੀ ਅਚਨਚੇਤ ਚੈਕਿੰਗ ਕਰਨ ਦੇ ਹੁਕਮ ਜਾਰੀ ਕੀਤੇ ਹਨ। ਡਿਪਟੀ ਕਮਿਸ਼ਨਰ ਮੈਡਮ ਸਾਕਸ਼ੀ ਸਾਹਨੀ ਦੇ ਹੁਕਮਾਂ ਤਹਿਤ ਜ਼ਿਲੇ ਦੇ 4000 ਤੋਂ ਵਧੇਰੇ ਮੈਡੀਕਲ ਸਟੋਰਾਂ ਦੀ ਚੈਕਿੰਗ ਲਈ ਜਿੱਥੇ ਸਿਹਤ ਵਿਭਾਗ ਵੱਲੋਂ 30 ਤੋਂ ਵਧੇਰੇ ਟੀਮਾਂ ਦਾ ਵੱਖਰੇ ਤੌਰ ’ਤੇ ਗਠਨ ਕੀਤਾ ਗਿਆ ਹੈ, ਉਥੇ ਹੀ ਡਰੱਗ ਵਿਭਾਗ ਵੱਲੋਂ ਲਗਾਤਾਰ ਟੀਮਾਂ ਦਾ ਗਠਨ ਕਰ ਕੇ ਚੈਕਿੰਗ ਕੀਤੀ ਜਾ ਰਹੀ ਹੈ। ਡਰੱਗ ਕੰਟਰੋਲ ਅਧਿਕਾਰੀ ਸੁਖਦੀਪ ਸਿੰਘ ਨੇ ਦੱਸਿਆ ਕਿ ਜ਼ਿਲੇ ਦੇ ਮੈਡੀਕਲ ਸਟੋਰਾਂ ਨੂੰ ਐਡਵਾਈਜ਼ਰੀ ਜਾਰੀ ਕੀਤੀ ਗਈ ਹੈ, ਜਿਸ ਤਹਿਤ ਲਾਇਸੈਂਸ ਪ੍ਰਮੁੱਖ ਸਥਾਨ ’ਤੇ ਪ੍ਰਦਰਸ਼ਿਤ ਕੀਤੇ ਜਾਣੇ ਚਾਹੀਦੇ ਹਨ। ਮੈਡੀਕਲ ਸਟੋਰਾਂ ’ਤੇ ਫਾਰਮਾਸਿਸਟ ਮੌਜੂਦ ਹੋਣਾ ਚਾਹੀਦਾ ਹੈ, ਸ਼ਡਿਊਲ ਐੱਚ ਅਤੇ ਐੱਚ-1 ਦਵਾਈਆਂ ਦੀ ਸਾਰੀ ਵਿਕਰੀ ਫਾਰਮਾਸਿਸਟ ਦੀ ਮੌਜੂਦਗੀ ’ਚ ਜਾਂ ਉਸ ਦੀ ਨਿੱਜੀ ਨਿਗਰਾਨੀ ’ਚ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਦੱਸਿਆ ਕਿ ਦੁਕਾਨ ’ਚ ਸਟਾਕ ਕੀਤੀਆਂ ਸਾਰੀਆਂ ਦਵਾਈਆਂ ਦੇ ਖਰੀਦ ਬਿੱਲ ਫਾਈਲ ’ਚ ਤਰਜੀਹੀ ਤੌਰ ’ਤੇ ਲੜੀਵਾਰ ਰੱਖੇ ਜਾਣੇ ਚਾਹੀਦੇ ਹਨ। ਵਿਕਰੀ ਰਿਕਾਰਡ ਨੂੰ ਸਾਰੀਆਂ ਦਵਾਈਆਂ ਨਾਲ ਸਬੰਧਤ ਹਰ ਵਿਕਰੀ ਦੇ ਨਾਲ ਰੱਖਿਆ ਜਾਣਾ ਚਾਹੀਦਾ ਹੈ। ਇਸ ਤੋਂ ਇਲਾਵਾ ਪ੍ਰੀਗਾਬਾਲਿਨ 75 ਮਿਲੀਗ੍ਰਾਮ ਜਾਂ ਸੰਜੋਗਾਂ ਦੀ ਵਿਕਰੀ/ਖਰੀਦ ਦੇ ਮਾਮਲੇ ’ਚ ਯੋਗ ਜ਼ਿਲਾ ਮੈਜਿਸਟ?ਰੇਟ ਅੰਮ੍ਰਿਤਸਰ ਵੱਲੋਂ ਜਾਰੀ ਨਿਰਦੇਸ਼ਾਂ ਦੀ ਪਾਲਣਾ ਕੀਤੀ ਜਾਵੇ। ਕੈਮਿਸਟਾਂ ਦੀਆਂ ਦੁਕਾਨਾਂ ’ਚ ਸੀ. ਸੀ. ਟੀ. ਵੀ ਲਾਏ ਜਾਣ। ਸਿਵਲ ਸਰਜਨ ਡਾ. ਕਿਰਨਦੀਪ ਕੌਰ ਨੇ ਦੱਸਿਆ ਕਿ ਸਿਹਤ ਵਿਭਾਗ ਅਤੇ ਡਰੱਗ ਵਿੰਗ ਵੱਲੋਂ ਹੁਣ ਤੱਕ 500 ਤੋਂ ਵਧੇਰੇ ਮੈਡੀਕਲ ਸਟੋਰਾਂ ਦੀ ਚੈਕਿੰਗ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਅੱਧੀ ਦਰਜਨ ਦੇ ਕਰੀਬ ਜਿੱਥੇ ਮੈਡੀਕਲ ਸਟੋਰ ਨਿਯਮਾਂ ਤੋਂ ਵਿਰੁੱਧ ਕੰਮ ਕਰਦੇ ਹੋਏ ਪਾਏ ਜਾਣ ’ਤੇ ਸੀਲ ਕੀਤੇ ਗਏ ਹਨ, ਉਥੇ ਹੀ ਇਕ ਲਾਇਸੈਂਸ ਪੱਕੇ ਤੌਰ ’ਤੇ ਰੱਦ ਅਤੇ 10 ਲਾਇਸੈਂਸ ਮੁਅੱਤਲ ਕੀਤੇ ਗਏ ਹਨ।